


Sri Satguru Jagjit Singh Ji Library Namdharielibrary@gmail.com

Phone : 75408

**IB**

**BRAND**

**ROTARY SHOT BLAST, SAND MULLERS, ROTARY FURNACES, STEEL GEARS, BURNERS, BLOWERS AND ALL TYPES OF OIL FURNACES**

*are ultimate in operational excellence and general fabrication as they incorporate latest technologies*





***Manufactured by :***

# I. B. STEEL GEARS

199, Shiv Nagar, Sodal Road, Industrial Area,
JALANDHAR-144004

***Sister concern :***

## G. S. OIL FURNACE

**Shiv Nagar, Sodal Road, JALANDHAR-144004**

Sri Satguru Jagjit Singh Ji Elibrary NamdhariElibrary@gmail.com

ਰਾਮਗੜ੍ਹੀਆ ਮੰਚ ਪਰਿਵਾਰ

ਪ੍ਰਬੰਧਕੀ ਸੰਪਾਦਕ
–ਕ੍ਰਿਪਾਲ ਸਿੰਘ ਉੱਭੀ
ਸੰਪਾਦਕ
–ਭੁਪਿੰਦਰ ਸਿੰਘ ਉੱਭੀ
ਮੈਨੇਜਰ
–ਹਰਜੀਤ ਸਿੰਘ
ਆਰਟਿਸਟ
–ਜੀ:ਡੀ: ਗੁਰਪਾਲ
ਕਾਨੂੰਨੀ ਸਲਾਹਕਾਰ
–ਜਸਪਾਲ ਸਿੰਘ ਐਡਵੋਕੇਟ

ਵਿਦੇਸ਼ ਪ੍ਰਤਿਨਿਧ
ਸੁਰਜੀਤ ਸਿੰਘ ਪਨੇਸਰ(ਬਰਮਿੰਘਮ,ਇੰਗਲੈਂਡ)
ਸਰਵਨ ਸਿੰਘ ਸੂਰ(ਮਿਲਟਨਕੀਨਜ਼,ਇੰਗਲੈਂਡ)
ਜਗਦੇਵ ਸਿੰਘ ਗਿਲ(ਲੀਡਜ਼, ਇੰਗਲੈਂਡ)
ਸਰਬਜੀਤ ਸਿੰਘ ਭਰੀਆ (ਤਨਜ਼ਾਨੀਆ)
ਪਿਆਰਾ ਸਿੰਘ ਕੁੰਡਲ(ਕਨੇਡਾ)
ਡਾ: ਜੋਗਿੰਦਰ ਸਿੰਘ ਸੈਂਭੀ(ਕਨੇਡਾ)

ਰਚਨਾ ਭੇਜਣ ਦਾ ਪਤਾ:–
ਰਾਮਗੜ੍ਹੀਆ ਮੰਚ
ਜੇ:ਐਸ:ਕੰਪਲੈਕਸ, ਸ਼ਾਸਤਰੀ ਮਾਰਕਿਟ
ਜਲੰਧਰ ਸ਼ਹਿਰ

| ਚੰਦਾ | –ਦੇਸ਼ | –ਵਿਦੇਸ਼ |
|---|---|---|
| ਸਾਲਾਨਾ | –150/ਰੁਪਏ | –30 ਪੌਂਡ |
| ਅਜੀਵਨ | –1500/– | –200 ਪੌਂਡ |

ਸ: ਕ੍ਰਿਪਾਲ ਸਿੰਘ ਉੱਭੀ ਪ੍ਰਿੰਟਰ ਅਤੇ ਪਬਲੀਸ਼ਰ ਨੇ ਜਲੰਧਰ ਕੋਆਪਰੇਟਿਵ ਪ੍ਰੈਸ, ਸ਼ਾਸਤਰੀ ਮਾਰਕੀਟ ਜਲੰਧਰ ਤੋਂ ਛਪਵਾ ਕੇ ਪਿੰਡ ਤੇ ਡਾਕ: ਰੁੜਕਾ ਨੇੜੇ ਗੋਜੇਵਾਲ, ਜ਼ਿਲਾ ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।

ਪੋਸਟਲ ਰਜਿ: ਨੰਬਰ–PB/JL/286
Regd. No.RNI 46585/86

ਸਾਲ ਨੌਵਾਂ ਅੰਕ ਤੇਰਰਵਾਂ ਅਪ੍ਰੈਲ–1994 ਕੀਮਤ :10ਰੁਪਏ

# ਦਰਪਨ


| | | ਪੰਨਾ |
|---|---|---|
| ਸੰਪਾਦਕੀ | ਕ੍ਰਿਪਾਲ ਸਿੰਘ ਉੱਭੀ | 4 |
| ਸਿੱਖੀ ਦੀ ਸ਼ਾਨ ਹੋਲਾ ਮਹੱਲਾ | ਦਵਿੰਦਰ ਸਿੰਘ ਗਿੱਲ | 11 |
| ਪੰਜਾਬ ਦੀ ਵੈਸਾਖੀ | ਜਸਵੰਤ ਸਿੰਘ ਵਿਰਦੀ | 15 |
| ਪੰਜਾਬੀ ਸਭਿਆਚਾਰ ਤੇ ਸ਼ਗਨ | ਡਾ: ਗੁਰਦਿਆਲ ਸਿੰਘ ਫੁੱਲ | 19 |
| ਸਤਿਗੁਰੂ ਜਗਜੀਤ ਸਿੰਘ ਜੀ (ਅਭੁਲ ਯਾਦਾਂ) | ਡਾ: ਜੋਗਿੰਦਰ ਬਾਵਰਾ | 29 |
| ਬਾਲਟੀ ਸਵਾਰ | ਫਰਾਂਜ਼ ਕਾਫਕਾ | 33 |
| ਜ਼ਿੰਦਗੀ ਦਾ ਬਾਡਰ | | 35 |
| ਉਹਦਾ ਲੁਟ ਗਿਆ ਛਿਨ | ਸ: ਕਰਤਾਰ ਸਿੰਘ ਦੁਗਲ | 37 |
| ਕਾਵਿ ਰਚਨਾ ਗ਼ਜ਼ਲ | ਹਰਜਿੰਦਰ ਕੰਗ | 41 |
| ਗ਼ਜ਼ਲ | ਸ਼ੌਕਤ ਢੰਡਵਾੜਵੀ | 41 |
| ਗ਼ਜ਼ਲਾਂ | ਅਮ੍ਰਿਕ ਡੋਗਰਾ | 41 |
| ਮੇਰੀਆਂ ਨਜ਼ਮਾਂ | ਹਰਜਿੰਦਰ ਕੌਰ ਅਜਮਿਲ | 41 |
| ਮਿਨੀ ਕਹਾਣੀਆਂ | ਸ਼ਲਿੰਦਰ ਜੀਤ ਰਾਜਨ ਤੇ ਕਮਲੇਸ਼ ਭਾਰਤੀ | |
| ਬਰਨਾਰਡ ਸ਼ਾਹ ਦੀ ਦੁਨੀਆਂ | ਪੇਸ਼ਕਸ਼ ਹਰਜੀਤ ਸਿੰਘ ਉੱਭੀ | 45 |
| ਅਸੀ ਗਰੀਬੀ ਨੂੰ ਸਵੀਕਾਰ ਲਿਆ ਹੈ | ਓਸ਼ੋ | 47 |
| ਸਜੱਣ ਸੁਹੇਲੜੇ | ਕ੍ਰਿਪਾਲ ਸਿੰਘ ਉੱਭੀ | 49 |
| ਸਾਡੇ ਦਸਤਕਾਰ | ਭੁਪਿੰਦਰ ਸਿੰਘ ਉੱਭੀ | 53 |
| ਰਾਮਗੜ੍ਹੀਆ ਇਤਿਹਾਸ | ਗੁਰਦਿਆਲ ਸਿੰਘ ਰੀਹਲ | 55 |
| ਰਾਮਗੜ੍ਹੀਆ ਮੰਚ ਪਰਿਵਾਰ | | 57 |
| ਵਿਵਾਹਿਕ ਵਿਗਿਆਪਨ | | 61 |
| ਜਨਮ ਦਿਨ ਮੁਬਾਰਕ | | 63 |
| ਪੰਜਾਬ ਭੰਗੜੇ ਦਾ ਮਾਨ ਮੋਤਾ ਸਿੰਘ ਰੁੰਜਨ | ਪ੍ਰਮਜੀਤ ਸਿੰਘ ਪੰਮੀ | 65 |


ਰਾਮਗੜ੍ਹੀਆ ਮੰਚ ਵਿਚ ਪ੍ਰਕਾਸ਼ਿਤ ਰਚਨਾਵਾਂ ਦੇ ਵਿਚਾਰਾਂ ਨਾਲ ਸੰਪਾਦਕ, ਰਾਮਗੜ੍ਹੀਆ ਮੰਚ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।



Sri Satguru Jagjit Singh Ji Elibrary NamdhariElibrary@gmail.com

## ਸੰਪਾਦਕੀ

# ਕੌਮ ਦਾ ਵਕਾਰ ਦਾਅ ਤੇ

ਉਪ੍ਰੋਕਤ ਲੇਖ ਲੜੀ ਹੇਠ, ਅਸੀ ਕਈ ਲੇਖ ਦੇ ਚੁਕੇ ਹਾਂ, ਜਿਨ੍ਹਾਂ ਵਿਚ ਅਸੀ ਸ: ਗੁਰਬਚਨ ਸਿੰਘ ਧੀਮਾਨ, ਮੈ: ਧੀਮਾਨ ਇੰਡਸਟ੍ਰੀਜ਼ ਦਖਣੀ ਗੇਟ ਨਕੋਦਰ ਨੂੰ ਕਾਂਗਰਸ ਵਲੋਂ ਟਿਕਟ ਦਿਵਾਉਣ ਅਤੇ ਫਿਰ ਚੋਣ ਵਿਚ ਸਹਾਇਤਾ ਕਰਨ ਲਈ, ਰਾਮਗੜ੍ਹੀਆ ਵਿਸ਼ਵਕਰਮਾ ਬੰਸੀਆਂ ਨੂੰ ਆਪਣੇ ਕਰਤਵ ਪ੍ਰਤੀ ਸੁਚੇਤ ਕਰਨ ਦਾ ਉਪਰਾਲਾ ਕਰ ਰਹੇ ਹਾਂ। ਅਸੀ ਇਹ ਵੀ ਵਾਰ 2 ਆਖਿਆ ਕਿ ਸਾਡੇ ਲਈ ਇਹ ਇਮਿਤਹਾਨ ਦੀ ਘੜੀ ਹੈ ਅਤੇ ਸਾਨੂੰ ਇਹ ਚਣੌਤੀ ਸਵੀਕਾਰ ਕਰਨੀ ਚਾਹੀਦੀ ਹੈ ਅਤੇ ਹਰ ਵਿਸ਼ਵਕਰਮਾ ਬੰਸੀ ਨੂੰ ਇਸ ਚੋਣ ਨੂੰ ਆਪਣੀ ਨਿਜੀ ਚੋਣ ਦੇ ਰੂਪ ਵਿਚ ਲੈਣਾ ਚਾਹੀਦਾ ਹੈ। ਇਹ ਚੋਣ ਜਿਥੇ ਸਾਡੀ ਏਕਤਾ, ਸਾਡੀ ਸੂਝਬੂਝ ਅਤੇ ਸਾਡੇ ਵਸੀਲਿਆਂ ਦੀ ਸਹੀ ਨਿਰਖ ਪਰਖ ਕਰੇਗੀ, ਉਥੇ ਇਹ ਵੀ ਖੁਲ ਕੇ ਸਾਹਮਣੇ ਆਵੇਗਾ ਕਿ ਅਸੀ ਆਪਣੀ ਕੌਮ ਲਈ, ਅਪਣੇ ਵੱਕਾਰ ਲਈ ਅਤੇ ਆਪਣੇ ਸਿਹਯੋਗੀਆਂ ਲਈ ਕਿਨ੍ਹਾਂ ਕੁ ਧਨ ਅਤੇ ਸਮਾਂ ਦੇ ਸਕਦੇ ਹਾਂ। ਇਸ ਚੋਣ ਵਿਚ ਦੁਧ ਦਾ ਦੁਧ ਅਤੇ ਪਾਣੀ ਦਾ ਪਾਣੀ ਨਿਤਰ ਕੇ ਸਾਹਮਣੇ ਆਉਣ ਵਾਲਾ ਹੈ। ਅਸੀ ਆਪਣੇ ਆਪ ਨੂੰ ਕਿਨਾਂ ਕੁ ਲਾਮਬੰਧ ਅਤੇ ਜਥੇਬੰਧ ਕਰ ਸਕਦੇ ਹਾਂ, ਇਸ ਦਾ ਨਿਰਨਾ ਬਹੁਤ ਹੀ ਜਲਦ 1 ਜੂਨ ਨੂੰ ਹੋਣ ਵਾਲੀ ਇਹ ਚੋਣ ਕਰ ਦੇਵੇਗੀ।

ਮੈ ਇਸ ਚੋਣ ਲਈ ਫਿਕਰਮੰਦ ਅਤੇ ਚਿੰਤਤ ਕਿਓਂ ਹਾਂ ? ਇਸ ਦੇ ਕਈ ਕਾਰਨਾਂ ਚੋ ਇਕ ਕਾਰਨ ਇਹ ਹੈ ਕਿ ਸ: ਗੁਰਬਚਨ ਸਿੰਘ ਧੀਮਾਨ ਹਰ ਉਸ ਕਸਵਟੀ ਤੇ ਪੂਰੇ ਉਤਰਦੇ ਹਨ, ਜਿਸ ਤੇ ਇਕ ਉਮੀਦਵਾਰ ਨੂੰ ਕੱਸਿਆ ਜਾਂਦਾ ਹੈ। ਬ੍ਰਾਦਰੀ ਦੇ ਉਹ ਸਿਰਮੋਰ ਅਤੇ ਸ੍ਰੋਮਣੀ ਆਗੂ ਹਨ। ਸਥਾਨਕ ਸਮਾਜਕ, ਧਾਰਮਕ ਅਤੇ ਸਭਿਆਚਾਰਕ ਸੰਸਥਾਵਾਂ ਦੇ ਵੀ ਮੁਖੀ ਹਨ, ਰਾਜਨੀਤੀ ਵਿਚ ਕਾਂਗਰਸ ਦੀ ਉਹ ਜਦੋ ਤੋ ਉਨ੍ਹਾਂ ਇਸ ਪਿੜ ਵਿਚ ਪ੍ਰਵੇਸ਼ ਕੀਤਾ ਹੈ, ਇਮਾਨਦਾਰੀ ਨਾਲ ਸੇਵਾ ਨਿਭਾ ਰਹੇ ਹਨ। ਇਸ ਸੀਟ ਲਈ ਕਾਂਗਰਸ ਦੇ ਟਿਕਟ ਦੇ ਉਹ ਪੂਰੇ ਹੱਕਦਾਰ ਹਨ। ਉਨ੍ਹਾਂ ਵਿੱਚ ਅਗਰ ਕੋਈ ਘਾਟ ਹੈ ਤਾਂ ਕੇਵਲ ਇਕੋ ਹੀ ਕਿ, ਉਹ ਰਾਮਗੜ੍ਹੀਆ ਵਿਸ਼ਵਕਰਮਾ ਬੰਸੀ ਹਨ ਅਗਰ ਉਨ੍ਹਾਂ ਨੂੰ ਟਿਕਟ ਨਹੀ ਮਿਲਦੀ ਤਾਂ ਉਸ ਦਾ ਇਕ ਅਤੇ ਕੇਵਲ ਇਕੋ ਕਾਰਨ ਇਹੀ ਹੋਵੇਗਾ ਕਿ ਉਹ ਰਾਮਗੜ੍ਹੀਆ ਹਨ। ਉਨ੍ਹਾਂ ਵਿਚ ਹੋਰ ਕੋਈ ਵੀ ਕਮੀ ਨਹੀ ਹੈ, ਹਰ ਲੋੜੀਦੀ ਸ਼ਰਤ ਉਹ ਪੂਰੀ ਕਰਦੇ ਹਨ। ਰਾਮਗੜ੍ਹੀਆ ਭਰਾਵਾਂ ਲਈ ਇਹ ਬਹੁਤ ਹੀ ਗੰਭੀਰ ਮਸਲਾ ਬਣ ਜਾਂਦਾ ਹੈ, ਅਗਰ ਧੀਮਾਨ ਸਾਹਿਬ ਨੂੰ ਇਸ ਚੋਣ ਵਿਚ ਟਿਕਟ ਨਹੀ ਮਿਲਦੀ। ਇਹ ਬਹੁਤ ਹੀ ਭਿਆਨਕ ਅਤੇ ਅਫਸੋਸਨਾਕ ਗਲ ਹੈ, ਕਿ ਜਿਥੇ ਰਾਮਗੜੀਆ ਹੋਣਾ ਉਨਲਾਂ ਲਈ ਲਾਹੇਵੰਦ ਹੋਣਾ ਚਾਹੀਦਾ ਸੀ, ਉਥੇ ਇਹ ਉਨ੍ਹਾਂ ਦੀ ਸਭ ਤੋਂ ਵਡੀ ਘਾਟ ਅਤੇ ਅਯੋਗਤਾ ਸਮਝੀ ਜਾ ਰਹੀ ਹੈ। ਅਗਰ ਅਜਿਹਾ ਹੁੰਦਾ ਹੈ ਤਾਂ ਰਾਮਗੜ੍ਹੀਆ ਵਿਸ਼ਵਕਰਮਾ ਬੰਸੀਆਂ ਅਗੇ ਇਹ ਚੋਣ ਕਈ ਪ੍ਰਕਾਰ ਦੇ ਪ੍ਰਸ਼ਨ ਚਿੰਨ ਬਣ ਜਾਵੇਗੀ ਅਤੇ ਆਉਣ ਵਾਲੇ ਭਵਿਖ ਲਈ ਸੋਚਣ ਤੇ ਮਜਬੂਰ ਕਰ ਦੇਵੇਗੀ।

ਰਾਮਗੜ੍ਹੀਆ ਵਿਸ਼ਵਕਰਮਾ ਵੈਲਫੇਅਰ ਕੌਂਸਲ ਵਲੋਂ ਇਕ ਪਤ੍ਰ ਮੁਖ ਮੰਤ੍ਰੀ ਪੰਜਾਬ, ਸ: ਬਿਅੰਤ ਸਿੰਘ ਨੂੰ ਲਿਖਿਆ ਗਿਆ ਸੀ, ਜਿਸ ਦਾ ਉਨ੍ਹਾਂ ਸ਼ਾਇਦ ਉਤਰ ਵੀ ਦਿੱਤਾ ਹੈ ਅਤੇ ਇਸ ਮਸਲੇ ਤੇ ਵਿਚਾਰ ਕਰਨ ਲਈ ਕਿਹਾ ਹੈ। ਇਹ ਬਹੁਤ ਹੀ ਅਛੀ ਗਲ ਹੈ, ਪਰ ਜਿਨ੍ਹਾਂ ਚਿਰ ਟਿਕਟ ਨਹੀ ਮਿਲਦੀ, ਓਨਾ ਚਿਰ ਸਾਰੇ ਭਰੋਸੇ ਅਤੇ ਤਸੱਲੀਆਂ ਬੇਬੁਨਿਆਦ ਅਤੇ ਛਲਾਵੇ ਹੀ ਕਹੇ ਜਾ ਸਕਦੇ ਹਨ। ਸਾਨੂੰ ਇਸ ਤੋ ਘਟ ਕਿਸੇ ਵੀ ਗੱਲ ਤੇ ਰਾਜ਼ੀ ਨਹੀ ਹੋਣਾ ਚਾਹੀਦਾ।

ਸਾਡੀਆਂ ਹੋਰ ਵੀ ਅਨੇਕ ਰਾਸ਼ਟ੍ਰੀਯ, ਅੰਤਰ ਰਾਸ਼ਟ੍ਰੀਯ, ਪ੍ਰਾਂਤਕ ਅਤੇ ਸਥਾਨਕ ਜਥੇਬੰਦੀਆਂ ਹਨ। ਅਸੀ ਸਾਰੀਆਂ ਨੂੰ ਇਸ ਮੁਦੇ ਤੇ ਅਗੇ ਆਉਣ ਲਈ ਅਪੀਲ ਕੀਤੀ ਸੀ। ਇਕ ਲੇਖ ਵਿਚ ਤਾਂ ਅਸੀ ਸੰਸਥਾਵਾਂ ਦੇ ਨਾਮ ਲਿਖ ਕੇ ਇਸ ਮਸਲੇ ਪ੍ਰਤੀ ਉਨ੍ਹਾਂ ਨੂੰ ਸੁਚੇਤ ਕਰਨ ਲਈ ਲਿਖਿਆ ਸੀ। ਅਸੀ ਇਹ ਵੀ ਲਿਖਿਆ ਸੀ ਕਿ ਆਪਣਾ ਨਿਜੀ ਰਸੂਖ ਵੀ ਵਰਤਣਾ ਚਾਹੀਦਾ ਹੈ ਅਤੇ ਹਰ ਉਹ ਸਾਧਨ ਅਤੇ ਹਥਕੰਡੇ ਅਪਣਾ ਲੈਣੇ ਚਾਹੀਦੇ ਹਨ ਜਿਹੜੇ ਸਾਨੂੰ ਸਾਡੀ ਮੰਜ਼ਲ ਤੱਕ ਪਹੁੰਚਾ ਸਕਦੇ ਹਨ।

ਸਾਡੀਆਂ ਇਨ੍ਹਾਂ ਸੰਸਥਾਵਾਂ ਅਤੇ ਹੋਰ ਸਸ਼ਕਤ ਵਿਅਕਤੀਆਂ ਨੇ ਕਿਥੋ ਤੱਕ ਇਸ ਚੋਣ ਘੋਲ ਦੀ ਮਹਤੱਤਾ ਨੂੰ ਕਬੂਲਿਆ, ਅਜੇ ਤੱਕ ਖੁਲ ਕੇ ਸਾਹਮਣੇ ਨਹੀ ਆਇਆ। ਅਜ ਤੱਕ ਬ੍ਰਾਦਰੀ ਵਲੋਂ ਕੋਈ ਵੀ ਅਜਿਹੀ ਮੀਟਿੰਗ ਹੋਣ ਦੀ ਸੂਚਨਾ ਪ੍ਰਾਪਤ ਨਹੀ ਹੋਈ, ਜਿਸ ਵਿਚ ਇਸ ਵਿਸ਼ੇ ਤੇ ਵਿਚਾਰ ਕੀਤੀ ਗਈ ਹੋਵੇ। ਅਜਿਹਾ ਕੋਈ ਵੀ ਡੈਪੂਟੇਸ਼ਨ ਸਰਕਾਰ ਨੂੰ ਅਤੇ ਦਿਲੀ ਸਰਕਾਰ ਨੂੰ ਮਿਲਿਆ ਕਿ ਨਹੀ, ਇਸ ਦੀ ਸੂਚਨਾ ਵੀ ਅਜੇ ਤੱਕ ਸਾਡੇ ਦਫਤਰ ਨੂੰ ਕੋਈ ਨਹੀ ਹੈ। ਜਿਥੋਂ ਤੱਕ ਮੇਰੀ ਜਾਣਕਾਰੀ ਹੈ ਅਜੇ ਤੱਕ ਕਿਸੇ ਵੀ ਸੰਸਥਾ ਨੇ ਇਸ ਵਿਸ਼ੇ ਨੂੰ ਕੋਈ ਮਹਤੱਤਾ ਨਹੀ ਦਿੱਤੀ ਜਦ ਕਿ ਇਸ ਤੋ ਮਹੱਤਵਪੂਰਣ ਹੋਰ ਮਸਲਾ ਸਾਡੇ ਪਾਸ ਇਸ ਸਮੇ ਕੋਈ ਹੋਰ ਹੈ ਹੀ ਨਹੀ। ਕੁੰਡਾ ਕੌਣ ਖੋਲੇਗਾ? ਸਾਰੇ ਇਹੋ ਹੀ ਬੈਠੇ ਸੋਚੀ ਜਾ ਰਹੇ ਹਨ ਅਤੇ ਸਮਾਂ ਬੀਤਦਾ ਜਾ ਰਿਹਾ ਹੈ। ਕੌਣ ਪਹਿਲ ਕਰੇਗਾ, ਕੌਣ ਇਸ ਲਈ ਮੀਟਿੰਗ ਬੁਲਵਾਏਗਾ ਅਤੇ ਕਿਥੇ, ਅਜੇ ਤੱਕ ਇਸ ਦੀ ਕੋਈ ਭਿਣਕ ਵੀ ਸਾਡੇ ਕੰਨ ਤੱਕ ਨਹੀ ਪਹੁੰਚੀ। ਇਹ ਬਹੁਤ ਹੀ ਦੁਖਦਾਈ ਅਤੇ ਸ਼ਰਮਨਾਕ ਹੈ ਅਤੇ ਕੌਮ ਲਈ ਘਾਤਕ ਵੀ।

ਸਾਡੇ ਲੇਖਾਂ ਦਾ ਅਤੇ ਸਾਡੇ ਸੁਝਾਵਾਂ ਦਾ ਅਸਰ, ਸਾਡੀ ਬ੍ਰਾਦਰੀ ਅਤੇ ਸੰਸਥਾਵਾਂ ਨੇ ਭਾਵੇ ਨਾ ਕਬੂਲਿਆ ਹੋਵੇ, ਪਰ ਵਿਰੋਧੀ ਕਾਫੀ ਸੁਚੇਤ ਹੋ ਗਏ ਹਨ। ਉਹ ਇਸ ਨੂੰ ਹੋਰ ਗੰਭੀਰਤਾ ਨਾਲ ਵਿਚਾਰਨ ਲਗ ਪਏ ਹਨ ਅਤੇ ਆਪਣੇ ਪਖ ਨੂੰ ਹੋਰ ਮਜ਼ਬੂਤ ਕਰਨਾ ਆਰੰਭ ਦਿੱਤਾ ਹੈ। ਉਨ੍ਹਾਂ ਨੂੰ ਆਉਣ ਵਾਲੇ ਖਤਰੇ ਦੀ ਬੂ ਆ ਗਈ ਹੈ ਅਤੇ ਉਹਨਾਂ ਇਸ ਨਾਲ ਨਜਿਠਣ ਲਈ ਯੁਧ ਪਧੱਰ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਕਾਂਗਰਸ ਅਤੇ ਅਕਾਲੀ ਦਲ ਸਾਰੇ ਹੀ ਚੌਕਨੇ ਹੋ ਗਏ ਹਨ ਅਤੇ ਬਹੁਜਨ ਸਮਾਜ ਪਾਰਟੀ ਨੇ ਤਾਂ ਰਾਮਗੜ੍ਹੀਆਂ ਨੂੰ ਕਈ ਪ੍ਰਕਾਰ ਦੇ ਪ੍ਰਲੋਭਣ ਵੀ ਦੇਣੇ ਸ਼ੁਰੂ ਕਰ ਦਿਤੇ ਹਨ। ਸਾਡੇ ਵਿਰੋਧੀਆਂ ਜਿਹੜੇ ਕਿ ਪਹਿਲਾਂ ਹੀ ਬਹੁਤ ਸ਼ਕਤੀ ਸ਼ਾਲੀ ਹਨ, ਚੋਣ ਘੋਲ ਵਿਚ ਪ੍ਰਵੀਨ ਹਨ, ਨੂੰ ਸਾਡੀ ਸ਼ਕਤੀ ਦਾ ਅੰਦਾਜ਼ਾ ਹੋ ਚੁਕਾ ਹੈ ਅਤੇ ਉਹ ਇਸ ਚੱਕਰ ਵਿਚ ਹਨ ਕਿ ਕਿਵੇ ਇਸ ਨੂੰ ਖੇਰੂ 2 ਅਤੇ ਦੁਫਾੜ ਕੀਤਾ ਜਾਵੇ ਤਾਂ ਜੋ ਅਸੀ ਉਨ੍ਹਾਂ ਦੇ ਮੁਕਾਬਲੇ ਟਿਕ ਨ ਸਕੀਏ।

ਸਾਨੂੰ ਹੁਣ ਜਿਥੇ ਆਪਣੇ ਆਪ ਨੂੰ ਜਥੇਬੰਦ ਕਰਨ ਦੀ ਲੋੜ ਹੈ, ਓਥੇ ਉਨ੍ਹਾਂ ਫੁਟ ਪਾਊ ਤਾਕਤਾਂ ਤੋ ਵੀ ਬਚਣ ਦੀ ਲੋੜ ਹੈ, ਇਨ੍ਹਾਂ ਨੂੰ ਸੱਤਾ, ਸਾਨੂੰ ਦੁਫਾੜ ਕਰਕੇ ਹੀ ਮਿਲ ਸਕਦੀ ਹੈ। ਸਮਾਂ ਹੁਣ ਬਹੁਤ ਘੱਟ ਹੈ, ਸਾਨੂੰ ਇਸ ਵਿਸ਼ੇ ਦੀ ਗੰਭੀਰਤਾ ਨੂੰ ਸਮਝਣਾ ਚਾਹੀਦਾ ਹੈ, ਅਤੇ ਆਪਣੇ ਆਪ ਨੂੰ ਇਸ ਲਈ ਲਾਮਬੰਧ ਕਰਨਾ ਚਾਹੀਦਾ ਹੈ। ਹਰ ਵਿਅਕਤੀ ਨੂੰ ਇਹ ਚੋਣ ਸ: ਗੁਰਬਚਨ ਸਿੰਘ ਧੀਮਾਨ ਦੀ ਨਹੀ ਸਗੋ ਆਪਣੀ ਨਿਜੀ ਸਮਝਣੀ ਚਾਹੀਦੀ ਹੈ।

–ਕ੍ਰਿਪਾਲ ਸਿੰਘ ਉਭੀ



Sri Satguru Jagjit Singh Ji Elibrary NamdhariElibrary@gmail.com

☎ 4133

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਏ ।

# NEW NAMDHARI FOUNDRY

**ENGINEERS, FOUNDERS AND MANUFACTURERS**
**Kahnuwan Road, BATALA-143505 (Punjab)**

Specialist in:-

NORTON, SEMI NORTON TYPE LATHE MACHINES

NNF



***Sister Concerns:-***

**Namdhari Engg. Works, Simble Batala**
**Namdhari Casting Udyog, Simble Batala**
**Namdhari Enterprises, Simble Batala**



Sri Satguru Jagjit Singh Ji Elibrary NamdhariElibrary@gmail.com

FAX-NO-1824-

Phones: 60195,62292
62292

# B. M. EXPORTERS

***Manufacturers of :***

ALL KINDS OF PLASTIC, FIBRE, BAKELITE,
ELECTRICAL ACCESSORIES & MACHINE TOOLS
& MOULDING DIES








S: MOHINDER SINGH
MATHAROO

S: INDERJEET SINGH
MATHAROO

SISTER CONCERN:

## B. M. ELECTRICAL PRODUCTS

*Manufacturers & Suppliers of:*
ALL KINDS OF ELECTRICAL ACCESSORIES

## B. M. REPAIRING WORKS

***Specialists in :-***
Plastic Hydraulic Dies,bakelite Dies, Cutting Dies etc

## G.T.ROAD, Shakti Nagar, PHAGWARA-144401.

Gram:Mill Maker | Phone: 0176111, Off. &Resi. 1244

# MOHINDRA NAILS INDUSTRIES

**Manufacturers :**

SHEARING MACHINE, REDUCTION GEAR BOXES, PINION GEARBOXES, V-BELTS PULLEYS, DOUBLE HELICAL GEARS, COMPLETE STEEL ROLLING & UNIVERSAL GEAR COUPLING PLANTS ETC.

**Specialists In:**

**SINGLE/DOUBLE HELICAL GEARS**





## NASRALI ROAD, MANDI GOBINDGARH-147301 (PB)



Sri Satguru Jagjit Singh Ji Elibrary NamdhariElibrary@gmail.com

# SUNDER®

**EXTRA HEAVY DUTY
SHAPING MACHINE
FOR
ACCCURACY GRADE-1**

Manufacturers Of High Class Shaping Machines




**Founder: Late Jathedar Dharam Singh**

# HIND MACHINE TOOLS (INDIA)

**KAHNUWAN ROAD, BATALA**




Sri Satguru Jagjit Singh Ji Elibrary NamdhariElibrary@gmail.com

# 'KEC' & 'KEC Gold'

## MONOBLOCK PUMPS, ELECTRIC MOTORS & DOMESTIC PUMPS



- Top Class Insulation
- Single Phase ¼ H.P. to 3 H.P.
- Three Phase ¼ H.P. to 20 H.P. & Multi Speed Motors



- To send water at height in multistorey building.A modern & economical pump.




Manufacturers :

**KARANVEER ELECTRICAL CORPORATION**

NEAR GOVT. GIRLS HIGH SCHOOL, JALANDHAR. PHONE : 57594




Sri Satguru Jagjit Singh Ji Elibrary NamdhariElibrary@gmail.com

PHONES : OFF. 672700. 672750

# Shape the future of weaving



NIWAR LOOMS



WARPING MACHINE



NOTA OVERPICK LOOMS S

# NOTA INDUSTRIAL CORPORATION

(TEXTILE MACHINERY MANUFACTURERS)

**SHERPUR, FOCAL POINT ROAD, OPP. PUNJAB & SIND BANK**

**LUDHIANA-141010 (INDIA)**



Sri Satguru Jagjit Singh Ji Elibrary NamdhariElibrary@gmail.com

ਦਵਿੰਦਰ ਸਿੰਘ ਗਿੱਲ ਜੀਆ ਨੱਬਾ



# ਸਿੱਖੀ ਦੀ ਸ਼ਾਨ ਹੋਲਾ ਮਹੱਲਾ

ਹੋਲੇ ਮੱਹਲੇ ਦਾ ਤਿਉਹਾਰ ਸਿਖ ਜਗਤ ਵਿੱਚ ਖੁਸ਼ੀਆਂ ਤੇ ਖੇੜਾ ਲਿਆਉਂਦਾ ਹੈ । ਬਸੰਤ ਰੁਤ, ਇਸ ਪੁਰਬ ਤੇ ਭਰ ਜੋਬਨ ਵਿਚ ਆ ਜਾਂਦੀ ਹੈ । ਸਮੁਚੀ ਬਨਸਪਤੀ ਲਹਿ ਲਹਾ ਉਠਦੀ ਹੈ ਅਤੇ ਸ਼ਿਗੂਫੇ ਪੁੰਗਰ ਕੇ ਪਤਿਆਂ ਤੇ ਟਹਿਣੀਆਂ ਦਾ ਰੂਪ ਧਾਰ ਲੈਂਦੇ ਹਨ । ਭੌਰੇ ਖੁਸ਼ੀ ਤੇ ਮਸਤੀ ਵਿਚ ਆ ਕੇ ਫੁਲਾਂ ਤੇ ਗੁੰਜਾਰਦੇ ਹਨ ਅਤੇ ਖੁਸ਼ੀ ਵਿਚ ਨਚਦੇ ਅਤੇ ਫੁਲਾਂ ਦਾ ਰਸ ਪੀਂਦੇ ਹਨ । ਫੱਗਣ ਦੀ ਪੂਰਨਮਾਸ਼ੀ ਨੂੰ ਇਹ ਤਿਉਹਾਰ ਮਨਾਇਆ ਜਾਂਦਾ ਹੈ ਅਤੇ ਜੋ ਫਿਰ ਪੂਰਾ ਹਫਤਾ ਮਨਾਇਆ ਜਾਂਦਾ ਹੈ । ਹਿੰਦੂ ਲੋਕ ਇਸ ਤਿਉਹਾਰ ਨੂੰ ਹੋਲੀ ਨਾਮ ਨਾਲ ਮਨਾਉਂਦੇ ਹਨ ਅਤੇ ਖੁਸ਼ੀ ਵਿਚ ਇਕ ਦੂਜੇ ਉਪਰ ਰੰਗ ਤੇ ਗੁਲਾਲ ਸੁਟਦੇ ਹਨ ।

ਪੰਜਾਬੀ ਲੋਕ ਗੀਤਾਂ ਵਿਚ ਇਸਦਾ ਜ਼ਿਕਰ ਇਸ ਪ੍ਰਕਾਰ ਆਉਂਦਾ ਹੈ :-

*ਫਗਣ ਮਹੀਨੇ ਮੀਂਹ ਪੈ ਜਾਂਦਾ,*
*ਲਗਦਾ ਕਰੀਰੀ ਬਾਟਾ ।*
*ਸਰੋਂ ਨੂੰ ਤਾਂ ਫੁਲ ਲਗ ਜਾਂਦੇ,*
*ਛੋਲਿਆਂ ਨੂੰ ਪਵੇ ਪਟਾਕਾ ।*
*ਸ਼ੌਕ ਨਾਲ ਜੱਟ ਪਾਉਂਦੇ ਗਿਧਾ,*
*ਰੱਬ ਸਭਨਾਂ ਦਾ ਰਾਖਾ ।*
*ਬਸੰਤੀ ਫੁਲਾ ਵੇ,*
*ਆਕੇ ਦੇ ਜਾ ਝਾਕਾ ।*

ਪੰਜਾਬੀ ਲੋਕ ਸਾਹਿਤ ਵਿਚ ਇਕ ਹੋਰ ਲੋਕ ਗੀਤ ਵਿਚ ਹੋਲੀ ਦੀ ਬਹਾਰ ਦਾ ਜ਼ਿਕਰ ਇਸ ਪ੍ਰਕਾਰ ਆਉਂਦਾ ਹੈ :-

*ਫਗਣ ਦੇ ਮਹੀਨੇ ਸਭ ਖੇਤੀ ਫੁਲੀ ਏ,*
*ਹੋਲੀ ਦੀ ਬਹਾਰ ਵੀ ਤਾਂ ਧਰਤੀ ਤੇ ਝੂਲੀ ਏ*

ਨਵੇ-ਵਿਆਹੇ ਜੋੜੇ ਫਗਣ ਦੇ ਮਹੀਨੇ ਹੋਲੀ ਖੇਡਦੇ ਅਤੇ ਆਪਣੇ ਪਿਆਰ ਦਾ ਪ੍ਰਗਟਾਵਾ ਕਰਦੇ ਹਨ :-

*ਫੱਗਣ ਖੇਡਾਂਗੇ ਹੋਲੀ*
*ਚੰਨਾਂ ਘਰੇ ਵੇ ਰਹੀਂ ।*
*ਰੁਖਾ ਸੁਖਾ ਖਾ ਕੇ ਲਾਲ*
*ਘਰੇ ਵੇ ਰਹੀਂ ।*

ਇਕ ਹੋਰ ਲੋਕ ਗੀਤ ਵਿਚ ਇਸ ਪ੍ਰਕਾਰ ਜ਼ਿਕਰ ਆਉਂਦਾ ਹੈ :-

*ਫਗਣ ਮਹੀਨੇ ਨਾਲ,*
*ਹੋਲੀ ਰੰਗ ਲਿਆਈ,*
*ਜਿਨ੍ਹਾਂ ਘਰ ਲਾਲ ਆਏ,*
*ਰੱਜ ਕੇ ਮਨਾਈ ।*

ਹਿੰਦੂ ਇਤਿਹਾਸ ਵਿਚ ਜ਼ਿਕਰ ਆਉਂਦਾ ਹੈ, ਕਿ ਭਗਵਾਨ ਕ੍ਰਿਸ਼ਨ ਜੀ ਗੋਪੀਆਂ ਨਾਲ ਰਾਸ ਲੀਲਾ ਰਚਾਉਂਦੇ ਅਤੇ ਫਗਣ ਦੇ ਮਹੀਨੇ ਹੋਲੀਆਂ ਮਨਾਉਂਦੇ ਸਨ । ਦਸਮ ਗਰੰਥ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਕ੍ਰਿਸ਼ਨ ਭਗਵਾਨ ਜੀ ਦੁਆਰਾ ਖੇਲੀ ਹੋਲੀ ਦਾ ਜ਼ਿਕਰ ਇਸ ਤਰ੍ਹਾਂ ਕੀਤਾ ਹੈ :-

*ਮਾਘ ਬਤੀਤਿ ਭਏ ਰੁਤ ਫਾਗੁਨ,*
*ਆਇ ਗਈ ਸਭ. ਖੇਲਤ ਹੋਰੀ ।*
*ਗਾਵਤ ਗੀਤ ਬਜਾਵਤ ਤਾਲ,*
*ਕਹੈ ਮੁਖ ਤੇ ਭੜੂਆ ਮਿਲ ਜੋਰੀ ।*
*ਡਾਰਤ ਹੈ ਅਲਿਤਾ ਬਨਿਤਾ,*
*ਫਟਿਕਾ ਸੰਗ ਮਾਰਤ ਬੀਸਨ ਬੋਰੀ ।*
*ਖੇਲਤ ਸ਼ਾਮ ਧਮਾਰ ਅਨੂਪ,*
*ਮਹਾਂ ਮਿਲਿ ਸੁੰਦਰਿ ਸਾਂਵਲ ਗੋਰੀ ।*

ਇਹ ਤਿਉਹਾਰ ਜੁਗਾਂ ਜੁਗਾਂਤਰਾਂ ਤੋ ਪੰਜਾਬੀਆਂ ਤੇ ਹਿੰਦੋਸਤਾਨੀਆਂ ਨੂੰ ਖੁਸ਼ੀਆਂ ਤੇ ਖੇੜਾ ਬਖਸ਼ਦਾ ਆ ਰਿਹਾ ਹੈ । ਹੋਲੀ ਦੇ ਤਿਉਹਾਰ ਦਾ ਮੁਢ ਕਿਵੇਂ ਬੱਝਾ ? ਇਸ ਬਾਰੇ ਹਿੰਦੂ ਇਤਿਹਾਸ ਅਨੁਸਾਰ ਮੁਲਤਾਨ ਨਗਰੀ ਦੇ ਰਾਜਾ ਹਰਨਾਕਸ਼ ਨੇ ਹੰਕਾਰ ਵਿਚ ਆਕੇ ਆਪਣੀ ਪਰਜਾ ਵਿਚ ਇਹ ਐਲਾਨ ਕਰ ਦਿੱਤਾ ਸੀ, ਕਿ ਉਹ ਖੁਦਾ, ਅਕਾਲ ਪੁਰਖ ਹੈ ਤੇ ਉਸਦੀ ਪੂਜਾ ਕਰੋ, ਉਸਦੀ ਪਰਜਾ ਨੇ ਉਸ ਦੇ ਜ਼ੁਲਮਾਂ ਤੋਂ ਡਰਦੇ ਹੋਏ ਉਸਦਾ ਹੁਕਮ ਮੰਨ ਲਿਆ, ਪਰੰਤੂ ਉਸਦੇ ਪੁਤਰ ਪ੍ਰਹਿਲਾਦ ਨੇ ਉਸਦਾ ਵਿਰੋਧ ਕੀਤਾ ਅਤੇ ਸਰਬ ਵਿਆਪਕ ਸਰਬ ਸ਼ਕਤੀਮਾਨ ਅਕਾਲ ਪੁਰਖ ਦੀ ਅਰਾਧਨਾ ਕਰਨੀ ਸ਼ੁਰੂ ਕੀਤੀ । ਨਤੀਜੇ ਵਜੋਂ ਪ੍ਰਹਿਲਾਦ ਦੀ ਨਿਡਰਤਾ ਨੂੰ ਵੇਖਕੇ ਰਾਜੇ ਹਰਨਾਖਸ਼ ਨੇ ਆਪਣੀ ਭੈਣ ਹੋਲਿਕਾ ਨੂੰ ਕਿਹਾ, ਕਿ ਉਹ ਪ੍ਰਹਿਲਾਦ ਨੂੰ ਲੈ ਕੇ ਅਗਨੀ ਵਿਚ ਬੈਠ ਜਾਵੇ ਅਤੇ ਪ੍ਰਹਿਲਾਦ ਨੂੰ ਭਸਮ ਕਰ ਦੇਵੇ ।

ਰਾਜੇ ਹਰਨਾਖਸ਼ ਦੀ ਭੈਣ ਹੋਲਿਕਾ ਨੂੰ ਇਹ ਵਰ ਮਿਲਿਆ ਹੋਇਆ ਸੀ, ਕਿ ਉਸਨੂੰ ਅਗਨੀ ਜਲਾ ਨਹੀ ਸਕਦੀ । ਹੋਲਿਕਾ, ਹਰਨਾਖਸ਼ ਦਾ ਹੁਕਮ ਮੰਨ ਕੇ ਪ੍ਰਹਿਲਾਦ ਨੂੰ ਗੋਦ ਵਿਚ ਲੈ ਕੇ ਅਗਨੀ ਵਿਚ ਜਾ ਬੈਠੀ, ਪਰ ਅਕਾਲ ਪੁਰਖ ਨੇ ਆਪਣੇ ਭਗਤ ਦੀ ਪੈਜ ਰੱਖੀ । ਹੋਲਿਕਾ ਅਗਨ ਵਿਚ ਭਸਮ ਹੋ ਗਈ ਪਰ ਪ੍ਰਹਲਾਦ ਭਗਤ ਦਾ ਵਾਲ ਵਿੰਗਾ ਨਾ ਹੋਇਆ।

ਸਿਖ ਇਤਿਹਾਸ ਵਿਚ ਇਸ ਤਿਉਹਾਰ ਨੂੰ ਮਾਨਤਾ ਹੋਲੇ ਮਹਲੇ ਦੇ ਨਾਮ ਹੇਠ ਦਿਤੀ ਗਈ ਹੈ । ਇਸ ਪੁਰਬ ਨੂੰ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮਨਾਉਣਾ ਸ਼ੁਰੂ ਕੀਤਾ । ਇਸ ਪੁਰਬ ਤੇ ਗੁਰੂ ਜੀ ਸਿਖਾਂ ਵਿਚ ਬੀਰਤਾ ਦਾ ਸੰਚਾਰ ਕਰਨ ਲਈ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਿਖਾਂ ਦੇ ਦੱਲ ਬਣਾ ਕੇ ਮਸਨੂਈ ਲੜਾਈਆਂ ਕਰਵਾਉਂਦੇ ਅਤੇ ਜਿਹੜਾ ਦਲ ਜਿਤ ਜਾਂਦਾ, ਉਹਨਾਂ ਨੂੰ ਖੁਸ਼ੀਆਂ ਬਖਸ਼ਦੇ ਸਨ । ਇਸਦੀ ਪ੍ਰਸ਼ਟੀ ਭਾਈ ਕਾਹਨ ਸਿੰਘ ਜੀ ਨਾਭਾ ਪੁਸਤਕ "ਗੁਰ ਸ਼ਬਦ ਰਤਨਾਕਰ ਮਹਾਨ ਕੋਸ਼" ਪੰਨਾ 283 ਤੇ ਇਸ ਪ੍ਰਕਾਰ ਕਰਦੇ ਹਨ :-

"ਹੋਲਾ ਮਹਲਾ, ਸੰਗਯਾ ਹਮਲਾ ਅਤੇ ਜਾਂ ਹਮਲਾ । ਹੋਲਾ ਅਤੇ ਹੋਲੇ ਦੀ ਥਾਂ । ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਖਾਲਸੇ ਨੂੰ ਸ਼ਸਤਰ ਅਤੇ ਯੁਧ ਵਿਦਯਾ ਵਿਚ ਨਿਪੁੰਨ ਕਰਨ ਲਈ ਇਹ ਰੀਤਿ ਚਲਾਈ ਸੀ, ਕਿ ਦੋ ਦਲ ਬਣਾਏ ਪ੍ਰਧਾਨ ਸਿੰਘਾਂ ਦੇ ਹੇਠ ਇਕ ਖਾਸ ਥਾਂ ਤੇ ਕਬਜ਼ਾ ਕਰਨ ਲਈ ਹਮਲਾ ਕਰਨਾ । ਕਲਗੀਧਰ ਆਪ ਇਸ ਮਸਨੂਈ ਜੰਗ ਦਾ ਕਰਤਬ ਦੇਖਦੇ ਅਤੇ ਦੋਹਾਂ ਦਲਾਂ ਨੂੰ ਸ਼ੁਭ ਸਿਖਯਾ ਦਿੰਦੇ ਸਨ , ਔਰ ਜੋ ਦਲ ਕਾਮਯਾਬ ਹੁੰਦਾ ਉਸਨੂੰ



Sri Satguru Jagjit Singh Ji Elibrary NamdhariElibrary@gmail.com

Phone : 3762 P.P

**AMRIT ENGINEERING WORKS**

**ENGINEERS & SUPPLIERS**

Manufacturers of :-

MACHINERY, MACHINE TOOLS & MOTOR PARTS

Specialist in :-

DRILL CHUCKS, CLUTCH PEDAL SHAFTS FOR ALL VEHICLES

TRADE
A.E.W.
AMRIT
MARK




AEW

(SUNDER NIWAS) Plot No. 30, Industrial Area,
G.T.Road, PHAGWARA-144401

Phones Off. 40423
Resi. 44383

**THE PUNJAB WEAVING SHUTTLE WORKS**

Manufacturers & Suppliers of :-

ALL KINDS OF SHUTTLES, SHUTTLE BLOCKS
AND ACCESSORIES




**SIMBLE, BATALA-143505(Pb.)**

Sri Satguru Jagjit Singh Ji Elibrary NamdhariElibrary@gmail.com

ਦੀਵਾਨ ਵਿਚ ਸਿਰੋਪਾ ਬਖਸ਼ਦੇ ਸਨ ।"

ਨਿਹੰਗ ਸਿੰਘ ਇਸ ਪੁਰਬ ਤੇ ਸ੍ਰੀ ਆਨੰਦ ਪੁਰ ਸਾਹਿਬ ਆਉਂਦੇ ਤੇ ਕਈ ਅਨੋਖੇ ਸ਼ਸਤਰਾਂ ਦੇ ਕਰਤਬ ਵਿਖਾਉਂਦੇ ਅਤੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰਦੇ ਅਤੇ ਉਹਨਾਂ ਨੇ ਹਰ ਵਸਤ ਦੇ ਪੁਲਿੰਗ ਵਾਚੀ ਨਾਮ ਰਖ ਲਏ ਸਨ, ਜਿਵੇ ਕੀ ਦਾੜੀ ਨੂੰ ਦਾੜਾ, ਤੇਗ ਨੂੰ ਤੇਗਾ ਅਤੇ ਬਰਛੀ ਨੂੰ ਬਰਛਾ ਆਦਿ ਆਖਣਾ ਸ਼ੁਰੂ ਕਰ ਦਿੱਤਾ। ਕਵੀ ਨਿਹਾਲ ਸਿੰਘ ਦੇ ਸ਼ਬਦਾਂ ਵਿਚ ਹੋਲਾ ਨਾਮ ਇਸ ਪ੍ਰਕਾਰ ਹੈ :-

*ਬਰਛਾ ਢਾਲ ਕਟਾਰਾ,*
*ਤੇਗਾ ਕੜਛਾ ਦੇਗਾ ਗੋਲਾ ਹੈ ।*
*ਛਕਾ ਪ੍ਰਸ਼ਾਦ ਸਜਾ ਦਸਤਾਰਾ,*
*ਅਰੁ ਕਰਕੋਨਾ ਟੋਲਾ ਹੈ ।*
*ਸੁਭਟ ਸੁਚਾਲਾ ਅਰੁ ਲਖਬਾਹਾ,*
*ਕਲਗਾ ਸਿੰਘ ਸੁਚੋਲਾ ਹੈ*
*ਅਪਰ ਮੁਛਹਿਰਾ ਦਾੜ੍ਹਾ ਜੈਸੇ,*
*ਤੈਸੇ ਬੋਲਾ ਹੋਲਾ ਹੈ ।*

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਸਤਿਗੁਰੂ ਰਾਮ ਸਿੰਘ ਜੀ ਨੇ ਸਿਖੀ ਨੂੰ ਮੁੜ ਉਜਾਗਰ ਕਰਕੇ " ਸੰਤ ਖਾਲਸਾ" ਦੀ ਨੀਂਹ ਰਖੀ ਅਤੇ ਹੋਲੇ ਮਹਲੇ ਦੀ ਪਰੰਪਰਾ ਨੂੰ ਮੁੜ ਸੁਰਜੀਤ ਕੀਤਾ । ਸਤਿਗੁਰੂ ਜੀ ਨੇ ਜ਼ਿਲਾ ਫਿਰੋਜ਼ਪੁਰ ਦੇ ਪਿੰਡ ਖੋਟੇ ਵਿਖੇ 1866 ਈਸਵੀ ਵਿਚ ਪਹਿਲਾ ਹੋਲਾ ਮਨਾਇਆ ਸੀ । ਉਹਨਾਂ ਦੇ ਸਮੇ 1869 ਈਸਵੀ ਵਿਚ ਪਿੰਡ ਮਾਨਾਂ ਵਾਲਾ ਜਿਲਾ ਸਿਆਲਕੋਟ (ਪਾਕਿਸਤਾਨ) ਵਿਚ ਮਨਾਇਆ ਹੋਲਾ, ਸਿਖ ਇਤਿਹਾਸ ਵਿਚ ਖਾਸ ਮਹੱਤਤਾ ਰਖਦਾ ਹੈ । ਉਸ ਸਮੇ ਨਾਮਧਾਰੀ ਸੰਗਤ ਦਾ ਵਿਸ਼ਾਲ ਇਕੱਠ ਹੋਇਆ ਅਤੇ ਜੰਗੀ ਕਰਤਬ ਵਿਖਾਉਂਦਾ ਹੋਇਆ ਗਿਆਨੀ ਸਿੰਘ ਦੇ ਘੋੜੇ ਦੇ ਖੁਰ ਨਾਲ ਇਕ ਘੁਮਿਆਰੀ ਦਾ ਬੱਚਾ ਮਰ ਗਿਆ ਸੀ । ਉਹ ਘੁਮਿਆਰੀ ਉਸ ਬੱਚੇ ਨੂੰ ਲੈ ਕੇ ਰੋਂਦੀ ਰੋਂਦੀ ਸਤਿਗੁਰਾਂ ਪਾਸ ਹਾਜ਼ਰ ਹੋਈ ਅਤੇ ਬੱਚੇ ਲਈ ਜੀਵਨ ਦਾਨ ਦੀ ਮੰਗ ਕੀਤੀ ਤਾਂ ਸਤਿਗੁਰੂ ਰਾਮ ਸਿੰਘ ਨੇ ਉਹ ਮੋਇਆ ਬੱਚਾ ਮੁੜ ਜੀਵਤ ਕਰ ਦਿੱਤਾ । ਇਹ ਪਰਸੰਗ ਲੋਕ ਕਵੀ ਸੰਤ ਹਰਨਾਮ ਸਿੰਘ ਬਗੁਲੀ ਨੇ ਆਪਣੀ ਪੁਸਤਕ "ਸੰਤ ਖਾਲਸਾ" ਵਿਚ ਇਸ ਪ੍ਰਕਾਰ ਬਿਆਨ ਕੀਤਾ ਹੈ :-

*ਮਾਨਾਂ ਵਾਲੇ ਦੇ ਹੋਲੇ ਦਾ ਹਾਲ ਥੋੜਾ,*
*ਇਹ ਭੀ ਸੁਣੋ ਲਾਕੇ ਜਰਾ ਧਿਆਨ ਵੀਰੋ*
*ਕਠ ਬਹੁਤ ਭਾਰੀ ਹੋਇਆ ਓਸ ਥਾਂ ਤੇ,*
*ਭੀੜ ਭਾੜ ਦੇ ਮਚੇ ਘਮਸਾਨ ਵੀਰੋ ।*
*ਘੋੜਿਆਂ ਉਤੇ ਬੇ ਸਿੰਘ ਸਰਦਾਰ ਸਾਥੀ,*
*ਹਾਥੀ ਉਤੇ ਸਤਿਗੁਰੂ ਕਲਾਵਾਨ ਵੀਰੋ ।*
*ਖਲਕਤ ਹੋਰ ਭਾਰੀ ਪੈਦਲ ਤਰਫ ਚਾਰੋ,*
*ਸਜੀ ਬਹੁਤ ਜਲੂਸ ਦੀ ਸ਼ਾਨ ਵੀਰੋ ।*
*ਗਿਆਨੀ ਸਿੰਘ ਦੇ ਘੋੜੇ ਦੀ ਫੇਟ ਖਾ ਕੇ,*
*ਲੜਕਾ ਮਰ ਗਿਆ ਇਕ ਨਦਾਨ ਵੀਰੋ ।*
*ਰੰਗ ਵਿਚ ਹੀ ਆਲਕੇ ਭੰਗ ਪਿਆ, ਭਾਣਾ*
*ਵਰਤਿਆ ਆਨ ਭਗਵਾਨ ਵੀਰੋ ।*
*ਸੁੰਬ ਖਾਇ ਕੇ ਘੋੜੇ ਦਾ ਵਿਚ ਛਾਤੀ,*
*ਲੜਕਾ ਛਡ ਗਿਆ ਤੁਰਤ ਪ੍ਰਾਨ ਵੀਰੋ ।*
*ਮਾਈ ਬਾਪ ਉਸ ਬਚੇ ਦੇ ਆਣ ਉਥੇ, ਲਗੇ*
*ਮਛੀਆਂ ਵਾਂਗ ਤੜਫਾਨ ਵੀਰੋ ।*
*ਤੁਹਮਤ ਥਪ ਕੇ ਬਚੇ ਦੀ ਸਤਿਗੁਰਾਂ ਤੇ,*
*ਨਿੰਦਕ ਲੋਕ ਲਗੇ ਜੈਲ੍ਹੀ ਪਾਨ ਵੀਰੋ ।*
*ਕਿਸੇ ਦਸਿਆਂ ਜਾਇ ਕੇ ਸਤਿਗੁਰਾਂ ਨੂੰ, ਮੁੰਡੇ*
*ਮਰੇ ਦਾ ਕੁਲ ਬਿਆਨ ਵੀਰੋ ।*
*ਸਤਿਗੁਰ ਛੋੜ ਹਾਥੀ ਪਹੁੰਚੇ ਤੁਰਤ ਓਥੇ,*
*ਮੁੰਡਾ ਪਿਆ ਸੀ ਜਹਾਂ ਬੇਜਾਨ ਵੀਰੋ ।*
*ਉਠ ਬਚਿਆ ਸਤਿਗੁਰਾਂ ਹੁਕਮ ਕੀਤਾ,*
*ਚਰਨ ਮੁੰਡੇ ਨੂੰ ਗੁਰੂ ਛੁਹਾਨ ਵੀਰੋ ।*
*ਮੁੰਡਾ ਉਠਕੇ ਭਜਿਆ ਮਾਉ ਵੱਨੀ,*
*ਖੜਾ ਦੇਖਦਾ ਕੁਲ ਜਹਾਨ ਵੀਰੋ ।*
*ਮੋਇਆਂ ਹੋਇਆਂ ਜਵਾਲਿਆ ਸਤਿਗੁਰਾਂ ਨੇ,*
*ਹੋਕੇ ਬਹੁਤ ਭਾਰੀ ਮੇਹਰਵਾਨ ਵੀਰੋ ।*
*ਪੁਸਤਕ ਵਧਣ ਕਰਕੇ ਸਾਰਾ ਨਹੀ ਲਿਖਦਾ,*
*ਇਹ ਹੈ ਬਹੁਤ ਵੱਡਾ ਦਾਸਤਾਨ ਵੀਰੋ ।*
*ਸਾਰਾ ਲਿਖੂੰਗਾ ਫੇਰ ਹਰਨਾਮ ਸਿੰਘਾ,*
*ਹਾਲੇ ਥੋੜਾ ਹੀ ਕਰੋ ਪਰਵਾਨ ਵੀਰੋ ।*



-ਲੇਖਕ-

ਇਸ ਤੋਂ ਪਹਿਲਾਂ 1867 ਈਸਵੀ ਦਾ ਹੋਲਾ ਵੀ ਨਾਮਧਾਰੀ ਇਤਿਹਾਸ ਵਿਚ ਖਾਸ ਮਹੱਤਤਾ ਰਖਦਾ ਹੈ । ਇਹ ਹੋਲਾ ਸ੍ਰੀ ਆਨੰਦਪੁਰ ਸਾਹਿਬ ਮਨਾਇਆ ਗਿਆ ਸੀ, ਉਸ ਸਮੇਂ ਨਾਮਧਾਰੀ ਜਗਤ ਤੇ ਪਾਬੰਦੀਆਂ ਦਾ ਜ਼ੋਰ ਸੀ । ਸਤਿਗੁਰਾਂ ਨੂੰ ਸ੍ਰੀ ਭੈਣੀ ਸਾਹਿਬ ਤੋਂ ਬਾਹਰ ਜਾਣ ਤੇ ਰੋਕ ਲਗਾਈ ਗਈ ਸੀ ਪਰ ਸਤਿਗੁਰਾਂ ਨੇ ਸਰਕਾਰ ਦੀ ਕੋਈ ਪਰਵਾਹ ਨਹੀ ਕੀਤੀ ਅਤੇ ਸਰਕਾਰ ਦੇ ਹੁਕਮ ਦੇ ਖਿਲਾਫ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਲਾ ਪੁਰਬ ਮਨਾਇਆ ਸੀ । ਸਤਿਗੁਰੂ ਰਾਮ ਸਿੰਘ ਜੀ ਨੇ 1866 ਈਸਵੀ ਤੋਂ 1871 ਈਸਵੀ ਤੱਕ ਛੇ ਹੋਲੇ ਮਨਾਏ ਅਤੇ ਸਿੱਖ ਜਗਤ ਨੂੰ ਸੇਧ ਬਖਸ਼ੀ ਸੀ ।

ਇਸ ਤੋਂ ਬਾਅਦ ਨਾਮਧਾਰੀ ਜਗਤ ਤੇ ਬਹੁਤ ਜ਼ਿਆਦਾ ਸਖਤੀਆਂ ਦਾ ਦੌਰ ਸ਼ੁਰੂ ਹੋਇਆ। ਸਤਿਗੁਰੂ ਹਰੀ ਸਿੰਘ ਜੀ ਨੇ ਅਕਾਲ ਪੁਰਖ ਦੀ ਰਜ਼ਾ ਵਿਚ ਰਹਿੰਦਿਆਂ ਹੋਇਆਂ ਬੜੇ ਸਬਰ ਤੇ ਸ਼ੁਕਰ ਨਾਲ ਉਹ ਸਮਾਂ ਬਤੀਤ ਕੀਤਾ। ਉਸ ਭਿਆਨਕ ਸਮੇ ਵਿਚ ਵੀ ਸਤਿਗੁਰੂ ਹਰੀ ਸਿੰਘ ਜੀ ਨੇ 1888 ਈਸਵੀ ਵਿਚ ਪਿੰਡ ਕੰਗੀ, 1889 ਈਸਵੀ ਨੂੰ ਭੋਏ ਵਾਲੀ (ਅੰਮ੍ਰਿਤਸਰ), ਮਧੋਕੇ ਵਾਲੀ, ਹਿੰਦੂ ਚੱਕ ਤੇ ਲੋਪੋਕੇ ਆਦਿ ਵਿਚ ਨਾਮਾਤਰ ਹੋਲਾ ਮਹਲਾ ਦੇ ਪੁਰਬ ਮਨਾਏ । 1899 ਈਸਵੀ ਵਿਚ ਇਕ ਵਾਰ ਫਿਰ ਕੁਝ ਸਰਕਾਰ ਵਲੋਂ ਪਾਬੰਦੀਆਂ ਘੱਟ ਹੋਈਆਂ ਤਾਂ ਸਤਿਗੁਰੂ ਹਰੀ ਸਿੰਘ ਜੀ ਨੇ ਪਿੰਡ ਗੁਰੂ ਚੱਕ, ਜ਼ਿਲਾ ਸਿਆਲਕੋਟ ਵਿਚ ਹੋਲਾ ਪੁਰਬ ਮਨਾਇਆ। ਇਸ ਤੋਂ ਬਾਅਦ 1900 ਛਵਚ ਰੋੜੀ ਸਾਹਿਬ, ਗੁਜਰਾਂਵਾਲਾ, 1901 ਈਸਵੀ ਵਿਚ ਸਦੋਵਾਲ, ਲਾਇਲਪੁਰ, 1902 ਈਸਵੀ ਵਿਚ ਮਟਵੀ, ਗੁਜਰਾਂਵਾਲਾ, 1903 ਈਸਵੀ ਵਿਚ ਪਿੰਡ ਗੁਰੂ ਚੱਕ, ਜ਼ਿਲਾ ਸਿਆਲਕੋਟ, 1904 ਈਸਵੀ ਵਿਚ ਪਿੰਡ ਗਿਲੀ, ਜਿਲਾ ਸੇਖੂਪੁਰੇ, 1905 ਈਸਵੀ ਵਿਚ ਸ੍ਰੀ ਭੈਣੀ ਸਾਹਿਬ ਅਤੇ 1906 ਈਸਵੀ ਵਿਚ ਮਾਨਾਂ ਵਾਲੇ ਸਤਿਗੁਰੂ ਹਰੀ ਸਿੰਘ ਜੀ ਨੇ ਹੋਲੇ ਮਨਾਏ । 1906 ਈਸਵੀ ਦੇ ਮਾਨਾਂਵਾਲੇ ਹੋਲੇ ਤੇ ਸਤਿਗੁਰੂ ਹਰੀ ਸਿੰਘ ਜੀ ਆਪ ਨਾ ਗਏ ਤਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸੰਗਤ ਨੂੰ ਦਰਸ਼ਨ ਦਿੱਤੇ ਸਨ ।

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ 1907 ਈਸਵੀ ਵਿੱਚ ਪਿੰਡ ਨੁਸ਼ਹਿਰਾ ਵਿਖੇ ਪਹਿਲਾ ਹੋਲਾ ਆਪਣੇ ਗੁਰਤਵ ਅਧੀਨ ਮਨਾਇਆ । ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਛਤ੍ਰ ਛਾਇਆ ਹੇਠ ਕੁਲ 53 ਹੋਲੇ ਹੋਏ ਜਿਹਨਾਂ ਬਾਰੇ ਮੈ ਇਕ ਹੋਰ ਵਖਰੇ ਲੇਖ ਵਿਚ ਜ਼ਿਕਰ ਕਰ ਚੁਕਾ ਹਾਂ । ਆਪ ਜੀ ਨੇ ਬਿਦੇਸ਼ਾਂ ਵਿਚ ਵੀ ਹੋਲੇ ਮਨਾਉਣ ਦੀ ਪਿਰਤ ਪਾਈ ਜਿਵੇਂ ਕਿ ਆਪ ਜੀ ਨੇ 1950 ਈਸਵੀ ਵਿਚ ਬੈਂਕੋਕ (ਥਾਈਲੈਂਡ) ਹੋਲਾ ਮਨਾਇਆ । ਉਹਨਾਂ ਨੇ ਆਪਣੀ ਜਿੰਦਗੀ ਦਾ ਆਖਰੀ ਹੋਲਾ 1959 ਈਸਵੀ ਨੂੰ ਸ੍ਰੀ ਜੀਵਨ ਨਗਰ ਵਿਖੇ ਮਨਾਇਆ । ਇਸ ਸਾਲ ਆਪ ਜੀ ਜੋਤੀ ਜੋਤ ਸਮਾ ਗਏ ।

ਉਹਨਾਂ ਤੋਂ ਬਾਅਦ ਸਤਿਗੁਰੂ ਜਗਜੀਤ ਸਿੰਘ ਜੀ, ਨਾਮਧਾਰੀ ਹੋਲਾ ਮਨਾ ਰਹੇ ਹਨ, ਅਤੇ ਇਹ ਹੋਲਾ ਪੁਰਬ, ਨਾਮਧਾਰੀਆਂ ਦੇ ਦਿਲਾਂ ਅੰਦਰ ਸਤਿਗੁਰੂ ਰਾਮ ਸਿੰਘ ਜੀ ਦੇ ਵਿਛੋੜੇ ਨੂੰ ਤਾਜਾ ਕਰਦੇ ਹਨ ਅਤੇ ਪਰੇਰਨਾ ਕਰਦੇ ਹਨ ਕਿ ਕਿਤੇ ਅਜੇਹਾ ਨਾ ਹੋਵੇ, ਨਾਮਧਾਰੀ ਸਿਖ, ਸਤਿਗੁਰੂ ਰਾਮ ਸਿੰਘ ਜੀ ਨੂੰ ਹੀ ਭੁਲ ਜਾਣ । ਨਾਮਧਾਰੀ ਕਵੀ ਨਿਹਾਲ ਸਿੰਘ ਗੁਰੂ ਰਾਮ ਸਿੰਘ ਜੀ ਨੂੰ ਇਸ ਪ੍ਰਕਾਰ ਯਾਦ ਕਰਦਾ ਹੈ :-

*ਫੱਗਣ ਫੇਰ ਕਦੀ ਆਵੀ,*
*ਮੁਖ ਆਪਣਾ ਦਿਖਾਵੀ ।*
*ਰਤਾ ਚੈਨ ਨਹੀ ਆਵੇ,*
*ਤੇਰੀ ਸੰਗਤ ਕੁਰਲਾਂਵਦੀ ।*
*ਬੁਰਾ ਗੁਰਾਂ ਦਾ ਵਿਛੋੜਾ,*
*ਜੈਸੇ ਜਿਗਰ ਵਿਚ ਫੋੜਾ ।*
*ਦਿਨ ਰਾਤ ਇਹੋ ਝੋਰਾ,*
*ਕੋਈ ਗਲ ਨਹੀ ਭਾਂਵਦੀ ।*
*ਹੋਈ ਹਾਲ ਤੋਂ ਬੇਹਾਲ,*
*ਖੁਲੇ ਗਲ ਵਿਚ ਵਾਲ ।*
*ਫਿਰਾਂ ਥੱਕੀ ਢੂੰਡ ਭਾਲ,*
*ਨੈਣੀ ਨੀਂਦ ਨਾ ਆਂਵਦੀ ।*
*ਨਿਹਾਲ ਸਿੰਘ ਔਗੁਣਹਾਰ,*
*ਆਇਆ ਤੇਰੇ ਦਰਬਾਰ ।*
*ਗੁਰੂ ਭੁਲ ਚੁਕ ਬਖਸ਼,*
*ਸੰਗਤ ਸੀਸ ਹੈ ਨਿਵਾਂਵਦੀ ।*

ਨਾਮਧਾਰੀ ਜਗਤ ਵਲੋਂ ਇਸ ਵਾਰ ਸਤਿਗੁਰਾਂ ਦੇ ਹੁਕਮ ਨਾਲ ਹੋਲਾ ਪੁਰਬ ਸ੍ਰੀ ਭੈਣੀ ਸਾਹਿਬ ਮਨਾਇਆ ਜਾ ਰਿਹਾ ਹੈ।

**-ਦਵਿੰਦਰ ਸਿੰਘ ਗਿਲ**
**ਪਿੰਡ-ਜੀਆ ਨੱਥਾ, ਡਾਕ ਖਾਨਾ-ਖੁੱਡਾ**
**ਜ਼ਿਲਾ-ਹੁਸ਼ਿਆਰਪੁਰ-144305**



Sri Satguru Jagjit Singh Ji Elibrary NamdhariElibrary@gmail.com

Phone { 61875 PP
62139 PP

# JAGJIT INDUSTRIES



Manufacturers of :
ALTERNATORS,
GENERATING SET
2 KVA TO 125 KVA

*Specialist In:*
**Tractor Driven Generating Sets**



**V.P.O. CHACHOKI (Near Petrol Pump), PHAGWARA**

---

# VIRDI SHAWLS



S. Kulwinder Singh Virdi
Mg. Partner

**Manufacturers of :-**
**High Class Quality**
HANDLOOM, SHAWLS, JAMAWAR SHAWLS, BLANKETS, LOHI & OTHER TEXTILE GOODS.

***IN ATTRACTIVE DESIGNS & COLOURS***

***Amritsar Showroom***
29, Sadiura Market, Near Telephone Exchange
AMRITSAR-143001
**Phones : 47057, Resi. 64514**

***Ludhiana Showroom***
Mochpura Bazar
LUDHIANA-141008
**Phones : 20743 Resi. 32743**

**Sister Concern:-**

**VIRDI SAFE COMPANY**
**Brown Road, LUDHIANA**
Phone : 34901



Sri Satguru Jagjit Singh Ji Elibrary NamdhariElibrary@gmail.com



# ਪੰਜਾਬ ਦੀ ਵਿਸਾਖੀ

**ਜਸਵੰਤ ਸਿੰਘ ਵਿਰਦੀ**

ਵਿਸਾਖੀ ਪੰਜਾਬ ਦੇ ਜੱਟ ਦਾ ਇਕੋ ਇਕ ਕੌਮੀ ਤਿਉਹਾਰ ਹੈ। ਇਸ ਦਿਨ ਉਸ ਦਾ ਜਲਵਾ ਰੱਬ ਵੀ ਨਹੀ ਪਛਾਣ ਸਕਦਾ। ਉਸਦੇ ਪੈਰ ਧਰਤੀ ਨਾਲ ਨਹੀ ਲਗਦੇ. ਅਤੇ ਸਿਰ ਆਕਾਸ਼ ਨੂੰ ਛੂਹਦਾ ਜਾਪਦਾ ਹੈ।

ਜਦੋਂ ਪੰਜਾਬਣ ਮੁਟਿਆਰਾਂ ਨਵੇ ਨਿੱਖਰੇ ਵਸਤਰ ਪਹਿਨ ਕੇ ਰੂਪ ਰੰਗ ਦਾ ਹੀ ਸਾਖਿਆਤ ਜਲਵਾ ਬਣ ਕੇ ਗਿਧੇ ਪਾਉਦੀਆਂ ਅਤੇ ਆਸ਼ਿਕਾਂ ਦੇ ਦਿਲਾਂ ਨੂੰ ਲੁਟ ਕੇ ਲੈ ਜਾਂਦੀਆਂ ਹਨ. ਤਦ ਲੋਕ ਸਮਝ ਜਾਂਦੇ ਹਨ ਕਿ ਵਿਸਾਖੀ ਦਾ ਸ਼ੁਭ ਦਿਨ ਆ ਗਿਆ ਹੈ।

ਵਿਸਾਖੀ ਵਾਲੇ ਦਿਨ ਪੰਜਾਬ ਦੇ ਗੁਰਦਵਾਰਿਆਂ ਤੇ ਮੰਦਿਰਾਂ ਵਿਚ ਕਥਾ ਕੀਰਤਨ ਹੁੰਦਾ ਹੈ. ਨਦੀਆਂ ਸਰੋਵਰਾਂ ਤੇ ਮੇਲੇ ਲਗਦੇ ਹਨ ਅਤੇ ਹਰ ਕੋਈ ਇਸ ਤਰ੍ਹਾਂ ਝੂਮਦਾ ਹੈ ਜਿਵੇ ਕਿ ਉਹਦੇ ਜੀਵਨ ਦਾ ਇਹ ਸਭ ਤੋਂ ਵਧ ਪ੍ਰਸੰਨਤਾ ਭਰਿਆ ਦਿਨ ਹੋਵੇ। ਅਜਿਹਾ ਹੁੰਦਾ ਵੀ ਹੈ। ਲੋਕ-ਗੀਤ ਦੀ ਗੋਰੀ ਵੀ ਕਹਿੰਦੀ ਹੈ :

*ਝੂਮ ਝੂਮ ਕੇ ਨੱਚ*
*ਜੱਟਾ ਆਈ ਵਿਸਾਖੀ।*

ਵਿਸਾਖੀ ਵਰਗਾ ਤਿਉਹਾਰ ਪੰਜਾਬ ਵਿਚ ਹੋਰ ਕੋਈ ਨਹੀ ਹੈ। ਪੰਜਾਬ ਵਿਚ ਵਿਸਾਖੀ ਦਾ ਤਿਉਹਾਰ ਨਾ ਮਨਾਇਆ ਜਾਵੇ ਤਾਂ ਸਮਝਿਆ ਜਾਵੇਗਾ ਕਿ ਪੰਜਾਬ ਦੇ ਲੋਕਾਂ ਵਿਚ ਧੜਕਦਾ ਜੀਵਨ ਕਾਇਮ ਨਹੀ ਰਿਹਾ. ਅਤੇ ਪੰਜਾਬੀ ਸਭਿਆਚਾਰ ਦੀ ਸ਼ਾਨ ਦਾ ਪਤਨ ਹੋਣ ਲਗ ਪਿਆ ਹੈ। ਪਰ ਇਸ ਤਰ੍ਹਾਂ ਕਦੀ ਨਹੀਂ ਹੋਵੇਗਾ।

ਪਿਛਲੇ ਕੁਝ ਵਰ੍ਹਿਆਂ ਚ ਪੰਜਾਬ ਦੇ ਕਿਸਾਨ ਨੇ ਇਨੀ ਵਧੇਰੇ ਫ਼ਸਲ ਪੈਦਾ ਕੀਤੀ ਹੈ. ਕਿ ਭਾਰਤ ਦੇ ਸਖਣੇ ਭੰਡਾਰ ਭਰਪੂਰ ਕਰ ਦਿੱਤੇ ਹਨ। ਕਿਹਾ ਜਾਂਦਾ ਹੈ ਕਿ ਪੰਜਾਬ ਦੇ ਕਿਸਾਨ ਨੂੰ ਹਰ ਵਰ੍ਹੇ ਅਰਬਾਂ ਰੁਪਏ ਸਿਰਫ਼ ਕਣਕ ਵੇਚ ਕੇ ਮਿਲਦੇ ਹਨ। ਪੰਜਾਬੀ ਲੋਕ ਗੋਹੂੰ ਨੂੰ ਕਣਕ ਕਹਿੰਦੇ ਨੇ-ਜਿਸ ਦਾ ਮਤਲਬ ਹੈ-ਸੋਨਾ।

ਹੁਣ ਕਣਕ ਪੰਜਾਬੀ ਕਿਸਾਨ ਲਈ ਸੋਨਾ ਹੀ ਹੈ। ਕਣਕ ਦੀਆਂ ਬੱਲੀਆਂ ਜਦੋਂ ਝੂਮਦੀਆਂ ਨੇ ਤਾਂ ਪ੍ਰਤੀਤ ਹੁੰਦਾ ਹੈ ਜਿਵੇਂ ਅਕਾਲਪੁਰਖ ਨੇ ਪੰਜਾਬੀ ਕਿਸਾਨ ਲਈ ਸੋਨੇ ਦੀ ਫ਼ਸਲ ਪੈਦਾ ਕਰ ਦਿੱਤੀ ਹੈ। ਇਹ ਫ਼ਸਲ ਕਿਸਾਨ ਦੀ ਮਿਹਨਤ ਦੀ ਕਮਾਈ ਹੈ ਅਤੇ ਇਹ ਯੂਨਾਨੀ ਰਾਜੇ ਮਿਡਾਸ ਵਾਂਗ ਨਹੀ ਹੈ। ਮਿਡਾਸ ਨੇ ਵਰਦਾਨ ਲੈ ਲਿਆ ਸੀ ਕਿ ਉਹ ਜਿਸ ਚੀਜ਼ ਨੂੰ ਹੱਥ ਲਾਵੇ. ਉਹ ਸੋਨਾ ਹੋ ਜਾਵੇ। ਪਰ ਉਹ ਭੁੱਖਾ ਮਰ ਗਿਆ. ਕਿਉਂਕਿ ਉਹ ਰੋਟੀ ਪਾਣੀ ਨੂੰ ਵੀ ਛੂਹਦਾ ਤਾਂ ਉਹ ਸੋਨਾ ਬਣ ਜਾਂਦਾ। ਪਰ ਪੰਜਾਬੀ ਕਿਸਾਨ ਨੇ ਕਣਕ ਦੇ ਇਸ ਸੋਨੇ ਨਾਲ ਦੁਨੀਆਂ ਨੂੰ ਰਜਾ ਦਿੱਤਾ ਹੈ।

ਕਣਕ ਦੇ ਇਸ ਸੋਨੇ ਦੇ ਇਲਾਵਾ ਧਾਨ ਵੀ ਪੰਜਾਬ ਵਿਚ ਸਭ ਤੋਂ ਵੱਧ ਪੈਦਾ ਹੋਣ ਲੱਗ ਪਿਆ ਹੈ। ਇਸ ਵਰ੍ਹੇ ਸੰਗਰੂਰ ਜ਼ਿਲ੍ਹੇ ਨੇ ਕੇਂਦਰੀ ਪੂਲ ਵਿਚ ਜਿੰਨਾ ਧਾਨ ਦਿੱਤਾ, ਉਨ੍ਹਾਂ ਸਾਰੇ ਹਰਿਆਣੇ ਨੇ ਨਹੀ ਦਿੱਤਾ, ਇਹ ਧਾਨ ਵਧੇਰੇ ਕਰਕੇ ਪੰਜਾਬੀਆਂ ਲਈ ਨਹੀ, ਦੇਸ਼ ਦੇ ਹੋਰ ਲੋਕਾਂ ਲਈ ਹੈ. ਕਿਉਂਕਿ ਪੰਜਾਬੀ ਤਾਂ ਬਹੁਤੀ ਕਣਕ ਹੀ ਖਾਂਦੇ ਹਨ।

ਪਰ ਪੰਜਾਬੀ ਕਿਸਾਨ ਨੂੰ ਹਰ ਵਰ੍ਹੇ ਜਿਹੜੇ ਅਰਬਾਂ ਰੁਪਏ ਮਿਲਦੇ ਹਨ. ਉਨ੍ਹਾਂ ਵਿਚੋਂ ਉਹਦੇ ਕੋਲ ਬਹੁਤ ਘੱਟ ਪੈਸੇ ਰਹਿ ਜਾਂਦੇ ਨੇ। ਕਾਰਣ ?

ਪੇਂਡੂ ਕਿਸਾਨ ਲੋਕਾਂ ਕੋਲ ਪੈਸੇ ਤਾਂ ਆ ਗਏ ਹਨ ਪਰ ਉਨ੍ਹਾਂ ਦਾ ਸਭਿਆਚਾਰਕ ਪੱਧਰ ਉਚਾ ਨਹੀ ਉਠਿਆ। ਇਹ ਗੱਲ ਸਭੋ ਹੀ ਜਾਣਦੇ ਹਨ ਕਿ ਪੰਜਾਬ ਵਿਚ ਜਿਸ ਦੁਕਾਨ ਤੇ ਸਭ ਤੋਂ ਵਧ ਭੀੜ ਹੋਵੇ, ਉਹ ਸ਼ਰਾਬ ਦਾ ਠੇਕਾ ਹੁੰਦਾ ਹੈ। ਅਤੇ ਜਿਸ ਦੁਕਾਨ ਤੇ ਕੋਈ ਗਾਹਕ ਨਾ ਨਜ਼ਰ ਆਉਂਦਾ ਹੋਵੇ. ਉਹ ਪੁਸਤਕਾਂ ਦੀ ਦੁਕਾਨ ਹੁੰਦੀ ਹੈ। ਸ਼ਰਾਬ ਦੀ ਦੁਕਾਨ ਸਾਹਮਣੇ ਹਰ ਵੇਲੇ ਲਿਖਿਆ ਹੋਇਆ ਹੁੰਦਾ ਹੈ :

*ਪਤੀ ਠੇਕੇ*
*ਪਤਨੀ ਪੇਕੇ*

ਆਮ ਆਦਮੀ ਕਹਿੰਦਾ ਹੈ ਕਿ ਉਹ ਗ਼ਮ ਗ਼ਲਤ ਕਰਨ ਲਈ ਸ਼ਰਾਬ ਪੀਂਦਾ ਹੈ. ਪਰ ਨਵੀਂ ਫ਼ਸਲ ਨੇ ਜਿਨ੍ਹਾਂ ਲੋਕਾਂ ਨੂੰ ਧਨਵਾਨ ਬਣਾ ਦਿੱਤਾ ਹੈ. ਉਹ ਸ਼ੌਕ ਲਈ. ਮਨ ਦੇ ਸੁਖ ਲਈ . ਲਲਕਾਰੇ ਮਾਰਨ ਲਈ ਅਤੇ ਪੈਸੇ ਨਸ਼ਟ ਕਰਨ ਲਈ ਸ਼ਰਾਬ ਪੀਂਦੇ ਹਨ। ਉਨ੍ਹਾਂ ਦੇ ਪੁਰਾਤਨ ਸਭਿਆਚਰ ਤੇ ਨਵੀਂ ਅਮੀਰੀ ਦਾ ਰੰਗ ਚੜ੍ਹਦਾ ਜਾ ਰਿਹਾ ਹੈ। ਇਨ੍ਹਾਂ ਲੋਕਾਂ ਨੇ ਪਿੰਡਾਂ ਵਿਚ ਜਿਹੜੇ ਨਵੇ ਘਰ ਬਣਾਏ ਹਨ. ਉਨ੍ਹਾਂ ਵਿਚ ਪੁਸਤਕਾਂ ਰਖੱਣ ਲਈ ਕੋਈ ਅਲਮਾਰੀ ਨਹੀ ਹੁੰਦੀ। ਉਨ੍ਹਾਂ ਦੇ ਜੀਵਨ ਸੰਕਲਪ ਵਿਚ ਸਾਹਿਤ ਨਾਂ ਦੀ ਕੋਈ ਵਸਤੂ ਨਹੀ ਹੈ। ਹਾਂ. ਅਸ਼ਲੀਲ ਸਾਹਿਤ ਇਨ੍ਹਾਂ ਨੂੰ ਬਹੁਤ ਭਾਉਂਦਾ ਹੈ। ਬਸ ਸਟਾਪਾਂ ਦੇ ਖੋਖਿਆਂ ਵਿਚ ਅਜਿਹਾ ਕੀਮਤੀ ਸਾਹਿਤ ਹੀ ਵਿਕਦਾ ਹੈ. ਜਿਵੇਂ ਕਿ "ਨਾਰ ਪਟੋਲੇ ਵਰਗੀ" ਆਦਿ।

ਪੰਜਾਬੀ ਕਿਸਾਨ ਫਸਲ ਵੇਚ ਕੇ ਹਰ ਵਰ੍ਹੇ ਜਿਹੜੇ ਅਰਬਾਂ ਰੁਪਏ ਕਮਾਉਂਦਾ ਹੈ . ਉਹਦੇ ਵਿਚੋਂ ਬਹੁਤ ਪੈਸਾ ਸ਼ਰਾਬ ਦੇ ਠੇਕੇ ਵਾਲੇ ਲੈ ਜਾਂਦੇ ਹਨ। ਫੇਰ . ਹੋਰ ਬੰਬਈ ਅਤੇ ਗੁਜਰਾਤ ਦੇ ਬਣੇ ਹੋਏ ਕਪੜੇ ਤੇ ਖਰਚ ਹੋ ਜਾਂਦਾ ਹੈ।ਬਾਕੀ ਦਾ ਪੈਸਾ ਅਸ਼ਲੀਲ ਗੀਤਾਂ ਨੂੰ ਪੰਜਾਬੀ ਡਿਸਕੋ ਦੇ ਰਿਕਾਰਡ-ਕੈਸਟ ਭਰਕੇ ਵੇਚਣ ਵਾਲੇ ਲੈ ਜਾਂਦੇ ਹਨ। ਫੇਰ ਵੀ. ਜੇਕਰ ਚਾਰ ਪੈਸੇ ਬਚ ਰਹਿਣ ਤਾਂ ਕਰਜ਼ਾ ਲਾਹੁਣ ਚ ਚਲੇ ਜਾਂਦੇ ਹਨ। ਟਰੈਕਟਰ ਦੀ ਕਿਸ਼ਤ. ਖਾਦ ਦੀ ਵਧਦੀ ਹੋਈ ਕੀਮਤ ਅਤੇ ਬਿਜਲੀ ਪਾਣੀ ਦਾ ਬਿੱਲ ਆਦਿ ਕਿਸਾਨ ਨੂੰ ਖੋਰੀ ਜਾ ਰਹੇ ਹਨ। ਕੇਵਲ ਕੁਝ ਪ੍ਰਤੀਸ਼ਤ ਕਿਸਾਨ ਹੀ ਐਸ਼-ਪ੍ਰਸਤੀ ਦੀ ਜ਼ਿੰਦਗੀ ਬਿਤਾ ਰਹੇ ਹਨ।

ਬਹਿਰਹਾਲ. ਕਰਜ਼ੇ ਦੀਆਂ ਕਿਸ਼ਤਾਂ ਦੇ ਕੇ ਹਰ ਵਰ੍ਹੇ, ਵਿਸਾਖੀ ਮਗਰੋਂ ਛੋਟੇ ਵੱਡੇ ਕਿਸਾਨ ਫੇਰ ਕੰਮ ਵਿਚ ਜੁਟ ਜਾਂਦੇ ਹਨ. ਕਿ ਬਾਕੀ ਰਹਿੰਦਾ ਕੰਮ ਅਗਲੀ ਫ਼ਸਲ ਤੇ ਪੂਰਾ ਕਰਨਗੇ।

ਕੁਝ ਵਰ੍ਹੇ ਪਹਿਲਾਂ ਪਿੰਡਾਂ ਦੇ ਲੋਕ ਸ਼ਹਿਰਾਂ ਵੱਲ ਵਧੇ ਚਲੇ ਆਉਂਦੇ ਹਨ. ਪਰ ਹੁਣ ਉਹ ਆਪਣੇ ਘਰ ਵਿਚ ਹੀ ਸਾਰੇ ਸੁਖ-ਸਹੂਲਤਾਂ ਪ੍ਰਾਪਤ ਕਰਨ ਲੱਗ ਪਏ ਨੇ। ਅੱਜ ਪੰਜਾਬੀਆਂ ਕੋਲ ਵੱਧ ਤੋਂ ਵੱਧ ਵਿਦੇਸ਼ੀ ਟੈਲੀਵਿਜ਼ਨ. ਟੇਪਰਿਕਾਰਡਰ. ਵੀਡੀਓ. ਕੈਮਰੇ ਅਤੇ ਕਪੜੇ ਆਦਿ ਹਨ। ਪਿੰਡਾਂ ਵਿਚ ਨਵੇਂ ਨਵੇਂ ਮਾਡਰਨ ਅੰਗਰੇਜ਼ੀ ਸਕੂਲ ਖੁਲ੍ਹ ਰਹੇ ਹਨ। ਪੰਜਾਬੀ ਦੀ ਪੜ੍ਹਾਈ ਇਨ੍ਹਾਂ ਨੂੰ ਪਸੰਦ ਨਹੀਂ ਹੈ। ਬੱਚੇ ਤੇ ਔਰਤਾਂ ਖ਼ਾਸ ਤੌਰ ਤੇ ਯੂਰਪੀ ਸਭਿਆਚਾਰ ਦਾ ਪ੍ਰਭਾਵ ਗ੍ਰਹਿਣ ਕਰ ਰਹੇ ਹਨ ਅਤੇ ਇਹ ਸਭ ਕੁਝ ਅੰਗ੍ਰੇਜ਼ਾਂ ਦੇ ਇਥੋਂ ਜਾਣ ਤੋਂ ਪੰਜਤਾਲੀ ਵਰ੍ਹਿਆਂ ਮਗਰੋਂ ਹੋ ਰਿਹਾ ਹੈ। ਹੋਰ ਵਰਗਾਂ ਦੇ ਲੋਕ ਵੀ ਇਨ੍ਹਾਂ ਫ਼ੈਸ਼ਨਪ੍ਰਸਤਾਂ ਦਾ ਅਸਰ ਕਬੂਲ ਕਰ ਰਹੇ ਹਨ। ਨਾ ਕਰਨ ਤਾਂ ਉਨ੍ਹਾਂ ਦਾ ਪਿੰਡਾਂ ਵਿਚ ਰਹਿਣਾ ਔਖਾ ਹੋ ਜਾਵੇ। ਪੁਰਾਣੇ ਰੀਤ ਰਿਵਾਜ ਟੁੱਟ ਰਹੇ ਨੇ, ਪਰ ਨਵੇਂ ਹਾਲੇ ਬਣੇ ਨਹੀ।

ਪਹਿਲੇ ਵੇਲਿਆਂ ਵਿਚ ਪ੍ਰਾਹੁਣਿਆਂ ਨੂੰ ਲੱਸੀ. ਮਿੱਠਾ ਪਾਣੀ, ਸ਼ੱਕਰ ਦਾ ਸ਼ਰਬਤ ਅਤੇ ਦੁੱਧ ਆਦਿ ਪੇਸ਼ ਕੀਤੇ ਜਾਂਦੇ ਸਨ . ਪਰ ਹੁਣ ਜਿਸ ਪ੍ਰਾਹੁਣੇ ਨੂੰ ਸ਼ਰਾਬ ਪਿਲਾਕੇ ਬੇਹੋਸ਼ ਨਾ ਕੀਤਾ ਜਾਵੇ. ਉਹ ਨਾਰਾਜ਼ ਹੋ ਜਾਂਦਾ ਹੈ ਅਤੇ ਕਹਿੰਦਾ ਹੈ "ਸੇਵਾ ਨਹੀ ਕੀਤੀ ਗਈ"।

ਜਿਹੜੇ ਲੋਕ ਵਿਦੇਸ਼ਾਂ ਵਿਚ ਰਹਿਕੇ ਪਿੰਡਾਂ ਵਲ ਪਰਤੇ ਨੇ,(ਜੇਕਰ ਪਰਤੇ ਨੇ) ਉਹ ਤਾਂ



Sri Satguru Jagjit Singh Ji Elibrary NamdhariElibrary@gmail.com

Phone: Off. : 32761
Resi.: 491493

**Swarn** LATHE MACHINE

4½ TO 12" HEAVY DUTY

- ☐FOR MASS PRODUCTION
- ☐GOOD QUALITY
- ☐GRADE-1 ACCURACY
- ☐LONG SERVICE LIFE



# SWARN MACHINE TOOLS CORP.

G.T. ROAD, MILLER GANJ, LUDHIANA-141003



ਪੰਜਾਬ ਦੇ ਪਿੰਡਾਂ ਨੂੰ ਵੀ ਯੂਰਪ ਦੇ ਸ਼ਹਿਰਾਂ ਵਰਗੇ ਵੇਖਣਾ ਚਾਹੁੰਦੇ ਹਨ ।

ਸਰਕਾਰ ਪਤਾ ਨਹੀ ਲੋਕਾਂ ਲਈ ਕੀ ਭਲਾਈ ਕਰਨਾ ਚਾਹੁੰਦੀ ਹੈ ? ਪਰ ਇਹ ਗੱਲ ਤਾਂ ਸਪਸ਼ਟ ਹੀ ਹੈ ਕਿ ਪੰਜਾਬ ਸਰਕਾਰ ਨੇ ਹਰੇਕ ਪਿੰਡ ਵਿਚ ਜਾਂ ਪਿੰਡ ਦੇ ਨੇੜੇ ਸ਼ਰਾਬ ਦਾ ਠੇਕਾ ਜ਼ਰੂਰ ਖੋਲ੍ਹ ਦਿੱਤਾ ਹੈ, ਜਦ ਕਿ ਉਸ ਨੇ ਕਿਸੇ ਵੀ ਪਿੰਡ ਵਿਚ ਕੋਈ ਸਭਿਆਚਾਰਕ ਕੇਂਦਰ, ਰੰਗ ਮੰਚ ਤੇ ਲਾਇਬ੍ਰੇਰੀ ਬਣਾਉਣ ਲਈ ਅੱਜ ਤੱਕ ਵੀ ਕੋਈ ਯੋਜਨਾ ਨਹੀ ਬਣਾਈ। ਕਾਰਨ ਪਤਾ ਨਹੀ ਕੀ ਹੈ ? ਪੁਸਤਕਾਂ ਪੜ੍ਹੇ ਬਗੈਰ ਬੱਚੇ ਆਪਣੇ ਵਿਰਸੇ ਨਾਲ ਕਿਵੇਂ ਜੁੜ ਸਕਦੇ ਹਨ ?

ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਅਨੇਕ ਵਿਦਵਾਨ ਅਤੇ ਕਵੀ ਸਨ । ਸੰਸਕ੍ਰਿਤ ਅਤੇ ਅਰਬੀ-ਫਾਰਸੀ ਭਾਸ਼ਾਵਾਂ ਦੀਆਂ ਪੁਸਤਕਾਂ ਦਾ ਉਨ੍ਹਾਂ ਨੇ ਪੰਜਾਬੀ ਤੇ ਹਿੰਦੀ ਵਿਚ ਅਨੁਵਾਦ ਕਰਵਾਇਆ ਅਤੇ ਅਨੇਕ ਮੌਲਿਕ ਗ੍ਰੰਥ ਲਿਖਵਾਏ । ਹਜ਼ੂਰ ਦਾ ਵਿਚਾਰ ਸੀ ਕਿ ਕੇਵਲ ਦੌਲਤ ਕਮਾ ਕੇ ਜਾਂ ਤਲਵਾਰ ਚਲਾਕੇ ਕੋਈ ਵੀ ਕੌਮ ਕਾਇਮ ਨਹੀਂ ਰਹਿ ਸਕਦੀ। ਰੱਖਿਆ ਕਿਸ ਦੀ ਕਰਨੀ ਹੈ ਅਤੇ ਤਲਵਾਰ ਕਿਸ ਲਈ ਚਲਾਉਣੀ ਹੈ, ਇਸ ਗੱਲ ਨੂੰ ਸਭਿਆਚਾਰਕ ਪੱਖੋਂ ਸੂਝਵਾਨ ਲੋਕ ਹੀ ਸਮਝ ਸਕਦੇ ਹਨ । ਕੌਮ ਨੂੰ ਉਸਦਾ ਸਭਿਆਚਾਰ ਹੀ ਉਪਰ ਚੁੱਕ ਕੇ ਅਮੀਰ ਬਣਾ ਸਕਦਾ ਹੈ ਅਤੇ ਪੰਜਾਬੀ ਵਿਚ ਹੁਣ ਸ਼ਰਾਬ, ਬਲਾਤਕਾਰ ਅਤੇ ਗੋਲੀ ਦੇ ਸਭਿਆਚਾਰ ਦਾ ਵਿਕਾਸ ਹੋ ਰਿਹਾ ਹੈ । ਕੀ ਗੁਰੂ ਸਾਹਿਬ ਨੇ ਵਿਸਾਖੀ ਵਾਲੇ ਦਿਨ ਪੰਜਾਬੀਆਂ ਨੂੰ ਇਹੋ ਸਿੱਖਿਆ ਦਿੱਤੀ ਸੀ ?

ਅੱਜ ਪੰਜਾਬ ਦੇ ਪਿੰਡਾਂ ਵਿਚ ਲਿੰਕ-ਸੜਕਾਂ ਬਣ ਗਈਆਂ ਹਨ, ਖੇਤ ਝੂਮ ਰਹੇ ਹਨ, ਅਤੇ ਪੰਜਾਬੀ ਕਿਸਾਨ ਵਿਸਾਖੀ ਦੇ ਤਿਉਹਾਰ ਨੂੰ ਬੜੇ ਉਤਸ਼ਾਹ ਨਾਲ ਮਨਾਉਂਦਾ ਹੈ । ਪਰ ਉਸ ਦਾ ਸਭਿਆਚਾਰ ਪੱਧਰ ਗਿਰਾਵਟ ਵੱਲ ਜਾ ਰਿਹਾ ਹੈ । ਇਸੇ ਕਰਕੇ ਜੀਵਨ ਦਾ ਸੰਤੁਲਨ ਵਿਗੜਦਾ ਜਾ ਰਿਹਾ ਹੈ । ਜੇਕਰ ਆਸ ਦੀ ਕਿਰਣ ਕਿਤੇ ਨਜ਼ਰ ਆਉਂਦੀ ਹੈ ਤਾਂ ਉਹ ਇਸ ਗੱਲ ਵਿਚ ਹੈ ਕਿ ਪੰਜਾਬੀ ਲੋਕ ਸੁਭਾਅ ਤੋਂ ਹੀ ਉਨਤੀਸ਼ੀਲ, ਉਸਾਰੂ ਕੰਮਾਂ ਵਿਚ ਮਨ ਲਾਉਣ ਵਾਲੇ ਅਤੇ ਪੱਕੇ ਦੇਸ਼-ਭਗਤ ਹਨ । ਉਹ ਧਰਮ ਅਤੇ ਜ਼ਾਤ-ਪਾਤ ਦੇ ਬੰਧਨ ਤੋੜ ਕੇ ਮੇਲਿਆਂ, ਤਿਉਹਾਰਾਂ ਅਤੇ ਉਤਸਵਾਂ ਵਿਚ ਵੱਧ ਚੜ੍ਹ ਕੇ ਹਿੱਸਾ ਲੈਣ ਦੀ ਰੁਚੀ ਰੱਖਦੇ ਹਨ। ਹਾਲੇ ਤੱਕ ਇਨ੍ਹਾਂ ਦੀ ਖੁਲ੍ਹ ਕੇ ਹੱਸਣ ਦੀ ਆਦਤ ਵੀ ਕਾਇਮ ਹੈ । ਇਹ ਗੱਲ ਵੀ ਸਭੇ ਲੋਕ ਜਾਣਦੇ ਹਨ ਕਿ ਜਦੋਂ ਦੇਸ਼ ਨੂੰ ਤਬਾਹ ਕਰਨ ਵਾਲੇ ਹਨੇਰੀਆਂ ਤੂਫਾਨ ਚਲਦੇ ਹਨ, ਤਦ ਉਨ੍ਹਾਂ ਨੂੰ ਰੋਕਣ ਲਈ ਪੰਜਾਬੀ ਹੀ ਆਪਣੇ ਲਹੂ ਨਾਲ ਦੀਵੇ ਬਾਲਦੇ ਹਨ । ਹਰ ਵਰ੍ਹੇ ਵਿਸਾਖੀ ਦਾ ਤਿਉਹਾਰ ਵੀ ਪੰਜਾਬੀਆਂ ਦੇ ਮਨਾਂ ਵਿਚ ਅਜਿਹੀਆਂ ਭਾਵਨਾਵਾਂ ਦਾ ਹੀ ਸੰਚਾਰ ਕਰਦਾ ਹੈ। ਇਹੋ ਕਾਰਣ ਹੈ ਕਿ ਪੰਜਾਬੀ ਹੀ ਨਹੀ, ਦੇਸ਼ ਦੇ ਸਭਨਾਂ ਭਾਗਾਂ ਵਿਚ ਅਤੇ ਵਿਦੇਸ਼ਾਂ ਵਿਚ ਵੀ ਪੰਜਾਬੀ ਲੋਕ ਵਿਸਾਖੀ ਨੂੰ ਇਕ ਕੌਮੀ ਤਿਉਹਾਰ ਦੇ ਰੂਪ ਵਿਚ ਮਨਾਉਂਦੇ ਹਨ ।

ਸਿਕੰਦਰ ਤੋਂ ਲੈ ਕੇ ਨਾਦਰਸ਼ਾਹ ਅਤੇ ਅਹਿਮਦ ਸ਼ਾਹ ਅਬਦਾਲੀ ਤੱਕ, ਸਭੋ ਹਮਲਾਵਰ ਭਾਰਤ ਦੀ ਉੱਤਰ ਪੱਛਮੀ ਸੀਮਾ ਲੰਘ ਕੇ ਪੰਜਾਬ ਦੀ ਧਰਤੀ ਨੂੰ ਦਰੜਦੇ ਹੋਏ ਹਿੰਦੁਸਤਾਨ ਨੂੰ ਲੁੱਟਦੇ ਰਹੇ ਹਨ । ਪਰ ਗੁਰੂ ਗੋਬਿੰਦ ਸਿੰਘ ਦੇ ਸਿੱਘਾਂ ਨੇ ਅੰਮ੍ਰਿਤਪਾਨ ਕਰਨ ਮਗਰੋਂ ਤਲਵਾਰ ਚੁੱਕੀ ਤਾਂ ਕੋਈ ਵੀ ਨਾਦਰਸ਼ਾਹ ਇਸ ਦੇਸ਼ ਨੂੰ ਲੁੱਟਣ ਲਈ ਅੱਗੇ ਨਾ ਵਧ ਸਕਿਆ । ਫੇਰ ਮਹਾਰਾਜਾ ਰਣਜੀਤ ਸਿੰਘ ਨੇ ਦਰਾ ਖ਼ੈਬਰ ਤੱਕ ਆਪਣਾ ਝੰਡਾ ਲਹਿਰਾ ਦਿੱਤਾ ਸੀ । ਪੰਜਾਬ ਦਾ ਸ਼ਕਤੀਸ਼ਾਲੀ ਰੂਪ ਪੰਜਾਬ ਦੇ ਜੱਟ ਕਿਸਾਨ ਨਾਲ ਬਣਦਾ ਹੈ। ਇਹ ਧਰਤੀ ਦਾ ਪੁੱਤਰ ਆਪਣੀ ਜ਼ਮੀਨ ਵਿਚ ਇਸੇ ਤਰ੍ਹਾਂ ਸੁਰੱਖਿਅਤ ਹੈ ਜਿਵੇਂ ਕਿ ਵਰਮੀ ਵਿਚ ਨਾਗ ਹੁੰਦਾ ਹੈ । ਇਹਨੂੰ ਕੋਈ ਬਾਦਸ਼ਾਹੀ ਨਹੀ ਤਬਾਹ ਕਰ ਸਕਦੀ ।

ਇਹ 1699 ਈ: ਦੀ ਵਿਸਾਖੀ ਦੇ ਦਿਨ ਦੀ ਗੱਲ ਹੈ ਜਦੋਂ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਹੁਕਮਨਾਮੇ ਭੇਜ ਕੇ ਆਪਣੇ ਸਿੱਖਾਂ ਨੂੰ ਆਨੰਦਪੁਰ ਸਾਹਿਬ ਬੁਲਾਇਆ ਅਤੇ ਉਨ੍ਹਾਂ ਨੂੰ ਸੀਸ ਭੇਟ ਕਰਨ ਲਈ ਕਿਹਾ । ਗੁਰੂ ਸਾਹਿਬ ਦੇ ਹੱਥ ਵਿਚ ਨੰਗੀ ਤਲਵਾਰ ਸੀ ਅਤੇ ਗੁਰੂ ਜੀ ਦੀ ਲਲਕਾਰ ਸੁਣ ਕੇ ਸੰਗਤ ਵਿਚੋਂ ਜਿਨ੍ਹਾਂ ਲੋਕਾਂ ਨੇ ਸਭ ਤੋਂ ਪਹਿਲਾਂ ਸੀਸ ਭੇਟ ਕੀਤੇ, ਉਹ ਪੰਜ ਪਿਆਰੇ ਭਾਰਤ ਦੇ ਵੱਖੋ-ਵੱਖਰੇ ਪ੍ਰਦੇਸ਼ਾਂ ਦੇ ਰਹਿਣ ਵਾਲੇ ਸਨ । ਇਹੋ ਹੀ ਨਹੀ, ਉਨ੍ਹਾਂ ਵਿਚੋਂ ਕੇਵਲ ਇਕੋ ਹੀ ਉੱਚ ਕੁਲ ਦਾ ਸੀ । ਬਾਕੀ ਸਾਰੇ ਪਛੜੇ ਹੋਏ ਵਰਗ ਦੇ ਲੋਕ ਸਨ। ਸਾਡੇ ਪੁਰਾਤਨ ਸਮਾਜ ਵਿਚ ਉਨ੍ਹਾਂ ਲਈ ਸ਼ਸਤਰ ਫੜਨਾ ਵਰਜਿਤ ਸੀ । ਪਰ ਇਤਿਹਾਸ ਵਿਚ ਉਨ੍ਹਾਂ ਨੂੰ "ਪੰਜ ਪਿਆਰੇ" ਦੇ ਖ਼ਿਤਾਬ ਨਾਲ ਸਤਿਕਾਰਿਆ ਗਿਆ ਹੈ । ਗੁਰੂ ਸਾਹਿਬ ਨੇ ਸਭ ਤੋਂ ਪਹਿਲਾਂ ਉਨ੍ਹਾਂ ਨੂੰ ਅੰਮ੍ਰਿਤ ਛਕਾਇਆ ਅਤੇ ਫੇਰ ਖੁਦ ਉਨ੍ਹਾਂ ਦੇ ਕੋਲੋਂ ਅੰਮ੍ਰਿਤ ਛਕਿਆ ਸੀ ।

ਇਸ ਤਰ੍ਹਾਂ 1966 ਈ: ਦੀ ਵਿਸਾਖੀ ਵਾਲੇ ਦਿਨ ਖਾਲਸਾ ਦਾ ਜਨਮ ਹੋਇਆ ਸੀ । ਗੁਰੂ ਦਾ ਖਾਲਸਾ ਸ਼ਾਂਤੀ ਕਾਲ ਵਿਚ ਸੰਤ ਸਰੂਪ ਹੈ ਅਤੇ ਦੇਸ਼ ਤੇ ਧਰਮ ਦੀ ਰੱਖਿਆ ਵੇਲੇ ਉਹ ਸਿਪਾਹੀ ਦਾ ਕਰਤਵ ਨਿਭਾਉਂਦਾ ਹੈ । ਗੁਰੂ ਸਾਹਿਬ ਦਾ ਬਚਨ ਹੈ-

*ਖਾਲਸਾ ਮੇਰੋ ਰੂਪ ਹੈ ਖਾਸ*

*ਗੁਰੂ ਦਾ ਸਿੱਖ ਧਰਮ ਨਿਰਪੱਖਤਾ ਅਤੇ* ਮਨੁਖੀ ਬਰਾਬਰੀ ਵਿਚ ਪੂਰੀ ਤਰ੍ਹਾਂ ਵਿਸ਼ਵਾਸ ਰੱਖਦਾ ਹੈ ਜਿਵੇਂ ਕਿ ਹਜ਼ੂਰ ਨੇ ਫ਼ਰਮਾਇਆ ਵੀ ਹੈ :

*ਦੇਹੁਰਾ ਮਸੀਤ ਸੋਈ*
*ਪੂਜਾ ਓ ਨਿਵਾਜ ਓਹੀ*
*ਮਾਨਸ ਸਬੈ ਏਕ ਪੈ*
*ਅਨੇਕ ਕੋ ਪ੍ਰਭਾਵ ਹੈ ।*

ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਲਈ ਜਿਹੜਾ ਜੀਵਨ ਉਦੇਸ਼ ਨਿਸਚਿਤ ਕੀਤਾ, ਉਹਨੂੰ ਆਪਣੀ ਜੀਵਨ ਕਥਾ "ਬਚਿਤਰ ਨਾਟਕ" ਵਿਚ ਲਿਖ ਦਿੱਤਾ ।

*ਹਮ ਇਹ ਕਾਜ ਜਗਤ ਮੋ ਆਏ*
*ਧਰਮ ਹੇਤੁ ਗੁਰ ਦੇਵ ਪਠਾਏ ।*
*ਜਹਾਂ ਤਹਾਂ ਤੁਮ ਧਰਮ ਬਿਥਾਰੋ*
*ਦੁਸਟ ਦੋਖੀਅਨ ਪਕਰ ਪਛਾਰੋ ।*
*ਯਾਹੀ ਕਾਜ ਧਰਾ ਹਮ ਜਨਮੰ*
*ਸਮਝ ਲੇਹੁ ਸਾਧੂ ਸਭ ਮਨਮੰ*
*ਧਰਮ ਚਲਾਵਨ ਸੰਤ ਉਬਾਰਨ*
*ਦੁਸਟ ਸਭਨ ਕੋ ਮੂਲ ਉਪਾਰਨ*

ਇਤਿਹਾਸ ਗਵਾਹ ਹੈ , ਜਦੋਂ ਕਦੀ ਵੀ ਦੇਸ਼ ਤੇ ਸੰਕਟ ਦਾ ਸਮਾਂ ਆਇਆ ਹੈ, ਪੰਜਾਬ ਦੇ ਲੋਕਾਂ ਨੇ ਆਪਣੇ ਜੀਵਨ ਦੀ ਆਹੂਤੀ ਦੇ ਕੇ ਦੇਸ਼ ਦੀ ਰੱਖਿਆ ਕੀਤੀ ਹੈ । ਆਜ਼ਾਦੀ ਮਗਰੋਂ ਵੀ ਦੇਸ਼ ਦੀ ਰੱਖਿਆ ਲਈ ਜਿੰਨਾ ਲਹੂ ਪੰਜਾਬੀਆਂ ਨੇ ਵਗਾਇਆ ਹੈ, ਉਹ ਦੇਸ਼ ਦੇ ਹੋਰ ਲੋਕਾਂ ਦੇ ਅਨੁਪਾਤ ਵਿਚ ਘੱਟ ਨਹੀ ਹੈ। ਅੱਜ ਵੀ ਭਾਰਤੀ ਫ਼ੌਜ ਨੂੰ ਪੰਜਾਬੀਆਂ ਤੇ ਮਾਣ ਹੈ । ਪੰਜਾਬੀ ਸੂਰਮਿਆਂ ਨੂੰ ਕੋਈ ਵੀ ਪਾਤਸ਼ਾਹੀ ਹਰਾ ਨਹੀ ਸਕੀ ।

ਪਰ ਕਈ ਵਾਰ ਮਨ ਵਿਚ ਇਹ ਵਿਚਾਰ ਆਉਂਦਾ ਹੈ ਕਿ ਸਪਤ ਸਿੰਧੂ ਦੇ ਇਸ ਪੁਰਾਤਨ ਭੋਇੰ ਖੰਡ ਵਿਚ ਰਿਗਵੇਦ ਤੋਂ ਲੈ ਕੇ ਗੁਰੂ ਸਾਹਿਬਾਨ ਦੇ ਸਮੇ ਤੱਕ ਜਿਸ ਮਹਾਨ ਸਭਿਆਚਾਰ ਦਾ ਵਿਕਾਸ ਹੋਇਆ ਹੈ, ਕੀ ਸ਼ਰਾਬ, ਡਿਸਕੋ, ਬਲਾਤਕਾਰ ਅਤੇ ਗੋਲੀ ਦੀ ਫੈਲ ਰਹੀ ਸੰਸਕ੍ਰਿਤੀ ਉਹਨੂੰ ਤਬਾਹ ਕਰ ਦੇਵੇਗੀ ?

ਸਾਹਿਤ ਦਾ ਖੇਤਰ ਹੋਵੇ ਜਾਂ ਖੇਡ ਦਾ ਮੈਦਾਨ, ਪੰਜਾਬੀ ਹਰ ਥਾਂ ਪ੍ਰਮੁਖ ਸਥਾਨ ਪ੍ਰਾਪਤ ਕਰਦੇ ਹਨ । ਇਹ ਸਭੋ ਲੋਕ ਕਿਉਂਕਿ ਪਿੰਡਾਂ ਤੋਂ ਆਉਂਦੇ ਹਨ, ਇਸ ਲਈ ਉਨ੍ਹਾਂ ਦੇ ਜੀਵਨ ਵਿਚ ਸਾਦਗੀ, ਭਾਸ਼ਾ ਵਿਚ ਇਮਾਨਦਾਰੀ ਅਤੇ ਚਾਲ ਵਿਚ ਸੁਹਿਰਦਤਾ ਹੈ । ਪੰਜਾਬੀ ਕਿਸਾਨ ਦੇ ਨਾਲ ਨਾਲ ਪੰਜਾਬੀ ਕਾਰੀਗਰ, ਖ਼ਾਸ ਤੌਰ ਤੇ ਰਾਮਗੜ੍ਹੀਆ ਬਰਾਦਰੀ ਦੇ ਲੋਕਾਂ ਨੇ ਛੋਟੀ ਪਰ ਸੂਖਮ ਮਸ਼ੀਨਰੀ ਬਣਾਉਣ ਵਿਚ ਜਿਹੜਾ ਕਮਾਲ ਕਰ ਵਿਖਾਇਆ ਹੈ, ਉਹਦੇ ਬਾਰੇ ਲਿਖਣ ਲਈ ਅਲਗ ਪੁਸਤਕ ਚਾਹੀਦੀ ਹੈ। ਇਹ ਵਿਸ਼ਵਕਰਮਾ ਦੇ ਪੁਜਾਰੀ ਪੰਜਾਬ ਵਿਚ ਹੀ ਨਹੀ, ਦੇਸ਼ ਬਦੇਸ਼ ਦੇ ਸਭਨਾਂ ਹਿੱਸਿਆਂ ਵਿਚ ਗੌਰਵ ਪ੍ਰਾਪਤ ਕਰ ਰਹੇ ਹਨ ।

ਬਸੰਤ ਦੇ ਮਹਿਕ ਭਰਪੂਰ ਮੌਸਮ ਮਗਰੋਂ ਹਰ ਵਰ੍ਹੇ ਵਿਸਾਖੀ ਦਾ ਪਵਿੱਤਰ ਦਿਵਸ ਆਉਂਦਾ ਹੈ । ਇਸ ਦਿਨ ਕਿਸਾਨਾਂ ਦੇ ਜੀਵਨ ਵਿਚ ਪ੍ਰਸੰਨਤਾ ਦੀ ਇਕ ਥਿਰਕਣ ਜਿਹੀ ਫੈਲ ਜਾਂਦੀ ਹੈ । ਕਦੀ 1699 ਈ: ਦੀ ਉਹ ਵਿਸਾਖੀ ਵੀ ਆਈ ਸੀ ਜਿਸ ਨੇ ਭਾਰਤ ਅਤੇ ਖ਼ਾਸ ਕਰਕੇ ਪੰਜਾਬ ਦੇ ਲੋਕਾਂ ਨੂੰ ਤਾਨਾਸ਼ਾਹੀ ਸ਼ਕਤੀ ਵਿਰੁਧ ਸੰਘਰਸ਼ ਕਰਨ ਦੀ ਤਾਕਤ ਪ੍ਰਦਾਨ ਕੀਤੀ ਸੀ । ਦੇਸ਼ ਦੀ ਆਜ਼ਾਦੀ ਮਗਰੋਂ ਦੇਸ਼ ਵਿਚ ਭੋਖੜੇ ਦੇ ਜਿਹੜੇ ਬੇਦਰਦ ਦਿਨ ਲੋਕਾਂ ਨੂੰ ਪਰੇਸ਼ਾਨ ਕਰ ਰਹੇ ਸਨ, ਉਨ੍ਹਾਂ ਨੂੰ ਪੰਜਾਬ ਦੇ ਕਿਸਾਨਾਂ ਨੇ ਆਪਣੀ ਮਿਹਨਤ ਦੀ ਤਾਕਤ ਨਾਲ ਪੂਰੀ ਤਰ੍ਹਾਂ ਖ਼ਤਮ ਕਰ ਦਿੱਤਾ ਹੈ । ਜੇਕਰ ਹਾਲੇ ਵੀ ਦੇਸ਼ ਦੇ ਨਿਰਧਨ ਲੋਕ ਭੁੱਖ ਨਾਲ ਪਰੇਸ਼ਾਨ ਹਨ ਤਾਂ ਇਸ ਵਿਚ ਪੰਜਾਬੀ ਕਿਸਾਨ ਦਾ ਕੋਈ ਕਸੂਰ ਨਹੀ ਹੈ । ਇਸ ਦੇਸ਼ ਵਿਚ ਕੁਦਰਤੀ ਸਾਧਨਾਂ ਦੀ ਵੰਡ-ਪ੍ਰਣਾਲੀ ਹੀ ਕੁਝ ਅਜਿਹੀ ਹੈ ਕਿ ਸਭੇ ਚੀਜ਼ਾਂ ਆਮ ਆਦਮੀ ਤੱਕ ਨਹੀਂ ਪੁੱਜ ਰਹੀਆਂ । ਪਰ ਇਹ ਬੇਦਰਦ ਦਿਨ ਵੀ ਬਹੁਤੇ ਸਮੇ ਤੱਕ ਨਹੀ ਟਿਕਣ ਲੱਗੇ । ਮਿਹਨਤ ਕਰਕੇ ਵਧੇਰੇ ਅਨਾਜ ਪੈਦਾ ਕਰ ਰਿਹਾ ਪੰਜਾਬੀ ਕਿਸਾਨ ਸਾਨੂੰ ਹਰ ਵਰ੍ਹੇ ਵਿਸਾਖੀ ਤੇ ਇਹੋ ਹੀ ਵਿਸ਼ਵਾਸ ਦਿਵਾਉਂਦਾ ਹੈ ਅਤੇ ਇਹ ਜ਼ਿੰਦਗੀ ਦਾ ਸਭ ਤੋਂ ਵੱਡਾ ਵਿਸ਼ਵਾਸ ਹੈ ।

-ਜਸਵੰਤ ਸਿੰਘ ਵਿਰਦੀ



Sri Satguru Jagjit Singh Ji Elibrary NamdhariElibrary@gmail.com

Phenes : Off. : 312695, 315284
Resi. : 308715, 315414

# BIKRAM MOTOR GARAGE

**Specialists in**

Conversion & fitting of Petrol Engine into Diesel Engine
All kinds of Diesel Auto Repairs & Lathe Works

# BIKRAM MOTORS

**Authorises Dealer for**

AUTOLAND 4000 DIESEL ENGINE AND HARSHA TRACTORS

# RAJENDRA ENGINEERING WORKS

**Specialists in**

All types of Lathe Works, Shaping, Milling, Crank shaft grinding, Cylinder Repairing Resleeving, Remetling and Head Repairing etc., Diesel Vehicles Repairing, Manufacturers of Rim Plates, Tube Ends, Mechanical Jack, Base Plate and Stepni Carrier

**NEAR PISKA MORE, RATU ROAD,**
**RANCHI-834005**



Sri Satguru Jagjit Singh Ji Elibrary NamdhariElibrary@gmail.com

# ਪੰਜਾਬੀ ਸਭਿਆਚਾਰ ਤੇ ਸ਼ਗਨ

ਗੁਰਦਿਆਲ ਸਿੰਘ ਫੁੱਲ



ਸਭਿਆਚਾਰ ਪ੍ਰਕਿਰਤਕ ਵਾਤਾਵਰਨ ਵਿਚ ਸਵੈ-ਸੁਰਖਿਆ ਤੇ ਸਵੈ ਅਰੋਗਤਾ ਦੀ ਪ੍ਰਾਪਤੀ ਦੀ ਪ੍ਰਕ੍ਰਿਆ ਤੋਂ ਜਨਮਦਾ ਹੈ। ਦੁਆਲੇ ਦੀ ਭੂਗੋਲਿਕ ਪ੍ਰਵਿਰਤੀ ਦੇ ਕਰਮਾਂ ਤੇ ਪ੍ਰਤਿਕਰਮਾਂ ਨਾਲ ਵਿਕਸਿਤ ਹੁੰਦਾ ਹੈ।

ਪੰਜਾਬ ਸ਼ਿਵਾਲਿਕ ਤੇ ਬਰਫ਼ਾਂ ਨਾਲ ਸ਼ਿੰਗਾਰੇ ਹਿਮਾਲਾ ਪਰਬਤ, ਸੁਲੇਮਾਨ ਪਹਾੜ ਤੇ ਤਪਦੇ ਰਾਜਸਥਾਨ ਦੀ ਰੇਤਾ ਵਿਚ ਸੁੰਦਰ ਦਰਿਆਵਾਂ ਨਾਲ ਸ਼ਿੰਗਾਰਿਆ ਸੁੰਦਰ ਮੈਦਾਨੀ ਇਲਾਕਾ ਹੈ। ਭਾਵ ਸਿਰ ਠੰਡਾ ਹੈ, ਦਰਿਆਵਾਂ ਨਾਲ ਮੁਲਾਇਮ ਹੋਇਆ ਪੇਟ ਹੈ ਤੇ ਗਰਮ ਪੈਰ ਹਨ ਜਿਸ ਕਰਕੇ ਅਰੋਗ ਹੈ। ਅਖਾਣ ਹੈ ਪੇਟ ਨਰਮ, ਪੈਰ ਗਰਮ, ਸਿਰ ਠੰਡਾ ਵੈਦ ਦੇ ਮਾਰੋ ਡੰਡਾ।

ਪੰਜਾਬੀ ਸਭਿਆਚਾਰ ਭਾਰਤੀ ਸਭਿਆਚਾਰ ਦਾ ਵਿਕਸਿਤ ਵਿਲੱਖਣ ਆਧੁਨਿਕ ਰੂਪ ਵੀ ਹੈ ਭਾਰਤੀ ਸਭਿਆਚਾਰ ਦਾ ਆਧਾਰ ਵੀ ਹੈ ਕਿਉਂਕਿ ਅਸਲੀ ਭਾਰਤੀ ਸਭਿਆਚਾਰ ਦਾ ਮੁੱਢ ਪੰਜਾਬ ਵਿਚ ਬੱਝਾ ਹੈ।

ਪੰਜਾਬ ਦੀਆਂ ਰੁੱਤਾਂ ਰਾਂਗਲੀਆਂ ਹਨ। ਹਰ ਰੁੱਤ ਵਿਚ ਦਰਿਆ ਰੁੱਖ ਚੰਦ ਸੂਰਜ ਦੇ ਚੱਕਰ ਤੇ ਹਵਾਵਾਂ ਅਨੋਖੇ ਗੀਤ ਗਾਉਂਦੇ ਹਨ ਜਿਸ ਕਰਕੇ ਪੰਜਾਬੀ ਸਦਾ ਗਾਉਂਦਾ ਰਹਿੰਦਾ ਹੈ। ਪੰਜਾਬੀ ਉਪਜਾਊ ਧਰਤੀ ਵਾਂਗ ਦਾਤਾ ਹੈ। ਆਪਣੇ ਬਾਹੂ ਬਲ ਤੇ ਜੀਉਂਦਾ ਹੈ। ਕਿਸੇ ਅੱਗੇ ਹੱਥ ਅੱਡਣਾ ਮੌਤ ਸਮਝਦਾ ਹੈ। ਪ੍ਰਕਿਰਤੀ ਵਾਂਗ ਵਿਸ਼ਾਲ-ਚਿੱਤ ਹੈ। ਧਰਤੀ ਵਾਂਗ ਨਿਮਰਤਾ ਭਰਪੂਰ ਹੈ। ਖੇਤਾਂ ਵਿਚੋਂ ਸੋਨਾ ਪੈਦਾ ਕਰਨ ਦੀ ਸਮਰੱਥਾ ਰਖਣ ਕਾਰਨ ਸਦਾ ਚੜ੍ਹਦੀਆਂ ਕਲਾਂ ਵਿਚ ਰਹਿੰਦਾ ਹੈ। ਹਾਰ-ਜਿੱਤ ਤੋਂ ਬੇ ਨਿਆਜ਼ ਹੈ। ਵਫ਼ਾ ਦਾ ਪੁਤਲਾ ਹੈ। ਗਰੀਬ ਤੇ ਕਮਜ਼ੋਰ ਦੀ ਰਖਿੱਆ ਕਰਨਾ ਧਰਮ ਸਮਝਦਾ ਹੈ। ਮਨੁੱਖਤਾ ਦੇ ਵੈਰੀ ਨਾਲ ਟੱਕਰ ਲੈਣਾ ਜਾਣਦਾ ਹੈ। ਸਾਂਝਾਂ ਪਾਲਣਾ ਧਰਮ ਸਮਝਦਾ ਹੈ ਤੇ ਸਾਂਝਾਂ ਤੋੜਨਾ ਗੁਨਾਹ ਸਮਝਦਾ ਹੈ। ਜਨਣੀ ਮਾਂ ਬੋਲੀਆਂ ਤੇ ਧਰਤੀ ਮਾਂ ਨੂੰ ਪੂਜਦਾ ਹੈ। ਸਦਾ ਚੜ੍ਹਦੀ ਕਲਾਂ ਵਿਚ ਰਹਿੰਦਾ ਹੈ ਪ੍ਰਾਹੁਣਚਾਰੀ ਨੂੰ ਸਿਮਰਨ ਸਮਝਦਾ ਹੈ। ਇਸ ਲਈ ਪੰਜਾਬੀ ਦਾ ਪੰਜਾਬੀ ਸਭਿਆਚਾਰ ਦੁਨਿਆਂ ਵਿਚ ਬੇ ਮਿਸਾਲ ਹੈ।

ਪੰਜਾਬੀ ਸਭਿਆਚਾਰ ਵਿਚ ਸ਼ਗਨਾਂ ਦੀ ਖਾਸ ਮਹੱਤਤਾ ਹੈ। ਸ਼ਗਨ ਸ਼ਬਦ ਤੋਂ ਸ਼ਕੁਨ ਤੋਂ ਆਇਆ ਹੈ ਜਿਸ ਦਾ ਕ ਸਮਾਂ ਪਾਕੇ ਗ ਵਿਚ ਬਦਲ ਗਿਆ ਹੈ। ਇਸ ਦਾ ਅਰਥ ਹੈ ਕਲਿਆਣਕਾਰੀ ਸ਼ੁਭ ਤੇ ਖੁਸ਼ੀ ਭਰੇ ਭਵਿੱਖ ਦਾ ਸੰਕੇਤ। ਭਾਵੇ ਸ਼ਗਨ ਦਾ ਸੰਕਲਪ ਟੂਣੇ ਦੇ ਚਿੰਤਨ ਤੋ ਆਇਆ ਜਾਪਦਾ ਹੈ ਪਰ ਮਨੋਵਿਗਿਆਨਕ ਸੂਝ ਤੋ ਜਨਮਿਆ ਹੈ। ਸਾਡੇ ਬਜ਼ੁਰਗਾਂ ਨੂੰ ਅਚੇਤ ਹੀ ਸ਼ਬਦ ਦੀ ਅਥਾਹ ਰਹੱਸਮਈ ਸ਼ਕਤੀ ਦਾ ਅਨੁਭਵ ਸੀ ਤੇ ਅਟਲ



Sri Satguru Jagjit Singh Ji Elibrary NamdhariElibrary@gmail.com

Off. : 314587
RESI. : 300911

# RANCHI

## CONSTRUCTION CO.



S. Daljit Singh



S. Malkiat Singh

**5, MAIN ROAD, RANCHI *(Bihar)***

**PHONE : 415872**

# *SEHRA*

## STEEL INDUSTRIES

**MFG. OF :**

**TRANSFORMERS**
**RADIATORS & TANKS**



Office & Works : Purulia Road,
Tatisilwai RANCHI-835103
Bihar (INDIA)

Prop. Sh. Harbhajan singh Sehra

**An Ancillary Unit to :**

**M/s. ELECTRIC EQUIPMENT FACTORY**
**(Govt of Bihar Under Taking)**


Sri Satguru Jagjit Singh Ji Elibrary NamdhariElibrary@gmail.com

ਵਿਸ਼ਵਾਸ ਸੀ ਕਿ ਖਾਸ ਢੰਗ ਨਾਲ ਉਚਾਰੇ ਸ਼ਬਦ ਜੜ-ਵਸਤੂ, ਪਾਣੀ ਤੇ ਹੋਰ ਪਦਾਰਥਾਂ ਤੇ ਖਾਸ ਅਸਰ ਕਰਦੇ ਹਨ ਕਿਉਂਕਿ ਜੋ ਸ਼ਕਤੀ ਬ੍ਰਹਿਮੰਡ ਦੇ ਸਰਗੁਣ ਰੂਪ ਵਿਚ ਹੈ ਉਹੋ ਸ਼ਕਤੀ ਸ਼ਬਦ ਵਿਚ ਨਿਰਗੁਣ ਰੂਪ ਵਿਚ ਹੈ , ਇਸ ਲਈ ਹੀ ਉਚਾਰੇ ਸ਼ਬਦ ਨੂੰ ਬ੍ਰਹਮ ਕਿਹਾ ਗਿਆ ਹੈ । ਬਜ਼ੁਰਗਾਂ ਨੂੰ ਇਹ ਵੀ ਗਿਆਨ ਸੀ ਕਿ ਖਾਸ ਢੰਗ ਨਾਲ ਉਚਾਰੇ ਸ਼ਬਦ, ਮਾਰੀ ਫੂਕ ਜਾਂ ਖਾਸ ਕਰਮ ਪ੍ਰਕਿਰਤਕ ਸ਼ਕਤੀਆਂ ਨੂੰ ਰਿਝਾ ਤੇ ਨਸ਼ਿਆ ਕੇ ਉਨ੍ਹਾਂ ਤੋ ਵਰ ਲਿਆ ਜਾ ਸਕਦਾ ਹੈ। ਭੈੜੀਆਂ ਰੂਹਾਂ, ਜ਼ਹਿਰੀਲੇ ਜਾਨਵਰਾਂ ਤੇ ਉਨ੍ਹਾਂ ਦੇ ਕੱਟਣ ਨਾਲ ਮੱਨੁਖ ਨੂੰ ਚੜੀਆ ਜ਼ਹਿਰਾਂ ਤੋਂ ਮੁਕਤ ਕਰ ਸਕਦੇ ਹਨ । ਇਹ ਟੂਣੇ ਤੇ ਸ਼ਗਨ ਮੱਨੁਖ ਦੇ ਸਵੈ ਸੁਰਖਿਆ ਤੇ ਸਵੈ ਅਰੋਗਤਾ ਪ੍ਰਾਪਤ ਕਰਨ ਦੇ ਯਤਨਾਂ ਤੋ ਜਨਮੇ ਹਨ । ਸਾਡੇ ਬਜ਼ੁਰਗਾਂ ਨੂੰ ਅਚੇਤ ਹੀ ਵੱਖ ਵੱਖ ਰਮਜਾਂ ਨੂੰ ਛੋਹਣ ਜਾਂ ਵੇਖਣ ਨਾਲ ਮੱਨੁਖ ਅੰਦਰ ਜਨਮੇ ਉਦਗਾਰਾਂ ਦਾ ਅਸਲੀ ਗਿਆਨ ਵੀ ਸੀ ਕਿ ਕਿਵੇ ਖਾਸ ਚੀਜ਼ ਨੂੰ ਛੋਹਣ ਜਾਂ ਕਿਸੇ ਖਾਸ ਜਾਨਵਰ ਨੂੰ ਵੇਖਣ ਜਾਂ ਕਿਸੇ ਖਾਸ ਮੱਨੁਖ ਦੇ ਦਰਸ਼ਨ ਨਾਲ ਮੱਨੁਖ ਦੇ ਅੰਦਰ ਉਤਸ਼ਾਹ, ਉਮਾਹ ਚੜ੍ਹਦੀ ਕਲਾ ਤੇ ਦਲੇਰੀ ਆਦਿ ਭਾਵ ਪੈਦਾ ਹੁੰਦੇ ਹਨ ਤੇ ਕਿਵੇ ਖਾਸ ਚੀਜ਼ ਦੀ ਛੋਹ, ਸੰਪਰਕ ਜਾਂ ਦਰਸ਼ਨ ਕਰਨ ਨਾਲ ਮਨੁੱਖ ਦੇ ਅੰਦਰ ਉਦਾਸੀ ਪੈਦਾ ਹੁੰਦੀ ਹੈ ।

ਸੋ ਸ਼ਗਨਾਂ ਦੀ ਉਪਜ ਭਾਵੇ ਸਹਿਜ ਸੁਭਾਅ ਅਟਕਲ ਪਚੂ ਅਨੁਮਾਨ ਵਿਧੀ ਜਾਂ ਵਿਸ਼ੇਸ਼ ਤੇ ਵਿਆਪਕ ਅਨੁਮਾਨ ਵਿਧੀ ਤੋ ਮੰਨੀ ਜਾਂਦੀ ਹੈ ਪਰ ਇਹ ਤੱਤ ਸੰਪੂਰਨ ਨਹੀ ਹੈ। ਅਸਲ ਵਿਚ ਅਜ ਜਾਦੂ ਟੂਣੇ ਤੇ ਸ਼ਗਨਾਂ ਦੀ ਉਪਜ ਵਿਗਿਆਨਕ ਦ੍ਰਿਸ਼ਟੀ ਅਨੁਸਾਰ ਉਨ੍ਹਾਂ ਕਾਸਮਿਕ ਕਿਰਨਾਂ ਤੋ ਮੰਨੀ ਜਾਂਦੀ ਹੈ ਜਿਹੜੀਆਂ ਦੋ ਚੀਜ਼ਾਂ ਦੇ ਸਾਹਮਣੇ ਆਉਣ ਜਾਂ ਛੋਹਣ ਨਾਲ ਪਰਸਪਰ ਇਕ ਦੂਜੇ ਤੇ ਪੈਦੀਆਂ ਸਨ ਭਾਵੇ ਸਾਡੇ ਬਜ਼ੁਰਗਾਂ ਨੂੰ ਇਸ ਦਾ ਸੁਚੇਤ ਗਿਆਨ ਨਹੀ ਸੀ ਪਰ ਸ਼ਗਨਾਂ ਅਪਸ਼ਗਨਾਂ ਦੀ ਉਪਜ ਵਿਚ ਅਚੇਤ ਹੀ ਕਾਸਮਿਕ ਕਿਰੰਨ ਗਿਆਨ ਕੰਮ ਕਰ ਰਿਹਾ ਸੀ ।

ਪੰਜਾਬੀ ਸਭਿਆਚਾਰ ਵਿਚ ਬੇਗਿਣਤ ਸ਼ਗਨ ਤੇ ਸ਼ਗਨਾਂ ਵਾਲੀਆਂ ਵਸਤੂਆਂ ਹਨ ਜੋ ਸਭ ਇਛਿਆਵਾਂ ਦੇ ਪ੍ਰਤੀਕ ਹਨ । ਖੁਸ਼ਹਾਲੀ ਦੇ ਪ੍ਰਤੀਕ ਹਨ ਜਿਵੇ ਜੇ ਕੋਈ ਤੁਹਾਡੇ ਲਈ ਭਾਂਡੇ ਵਿਚ ਕੋਈ ਚੀਜ਼ ਲਿਆਵੇ ਤਾਂ ਭਾਂਡਾ ਖਾਲੀ ਨਹੀ ਮੋੜਨਾ ਭਾਂਡੇ ਵਿਚ ਕੁਝ ਨਾ ਕੁਝ ਜ਼ਰੂਰ ਪਾਉਣਾ ਹੁੰਦਾ ਹੈ । ਖਾਲੀ ਭਾਂਡਾ ਮੋੜਨਾ ਕੁਸ਼ਗਨ ਹੈ ਅਗਲੇ ਦੀ ਰਬਾਹੀ ਮੰਗਣਾ ਹੈ ।

ਪਾਣੀ : ਪਾਣੀ ਨਾਲ ਬਹੁਤ ਸਾਰੇ ਸ਼ਗਨ ਸੰਬੰਧਤ ਹਨ । ਪਾਣੀ ਪਿਤਾ ਹੈ ਪਾਣੀ ਗੁਰੂ ਪਾਣੀ ਪਿਤਾ ਪਾਣੀ ਪਰਮੇਸ਼ਰ ਹੈ ਜਲ ਮਿਲਿਆ ਪਰਮੇਸ਼ਰ ਮਿਲਿਆ ਪਾਣੀ ਸਾਰੇ ਬ੍ਰਹਿਮੰਡ ਦਾ ਆਧਾਰ ਹੈ। ਮੱਨੁਖ ਨੂੰ ਪਾਣੀ ਦਾ ਬੁਲਬੁਲਾ ਕਿਹਾ ਜਾਂਦਾ ਹੈ ਕੀ ਭਰਵਾਸਾ ਤੇਰਾ ਪਾਣੀ ਦਿਆ ਬੁਲਬੁਲਿਆ ਪਾਣੀ ਵਿਚ ਅਥਾਹ ਘੁਲਣ ਸ਼ਕਤੀ ਹੈ ਜਿਹੜੀ ਭੋਜਨ ਨੂੰ ਪਚਾਉਣ ਵਿਚ ਸਹਾਈ ਹੁੰਦੀ ਹੈ। ਪਾਣੀ ਮੱਨੁਖ ਨੂੰ ਪਵਿਤਰ ਤੇ ਅਰੋਗ ਰਖਦਾ ਹੈ। ਮੱਨੁਖ ਤੇ ਪਾਣੀ ਦੀ ਅੱਟਲ ਸਾਂਝ ਹੈ । ਤਦੇ ਭਾਰਤ ਤੇ ਪੰਜਾਬੀ ਸਭਿਆਚਾਰ ਅਨੁਸਾਰ ਫੁਲ ਜਲ ਵਿਚ ਪਾਏ ਜਾਂਦੇ ਹਨ । ਪਾਣੀ ਪਵਿਤਰ ਹੁੰਦਾ ਹੈ ਪਵਿਤਰ ਪਾਣੀ ਵਾਲੇ ਘੜੇ ਨੂੰ ਕੁੰਡ ਕਿਹਾ ਜਾਂਦਾ ਹੈ ।

ਕੁੰਭ ਬਹੁਤ ਉਤਮ ਸ਼ਗਨ ਹੈ । ਪਾਣੀ ਨੂੰ ਸਰੀਰ ਦੀ ਰਖ ਮੰਨਿਆ ਜਾਂਦਾ ਹੈ । ਮਤ ਹੈ ਕਿ ਜੇ ਕੁੰਭ ਕੋਲ ਹੋਵੇ ਤਾਂ ਭੈੜੀਆਂ ਰੂਹਾਂ ਆਦਮੀ ਕੋਲ ਨਹੀ ਆਉਦੀਆਂ ਹਨ । ਕਿਸੇ ਕੰਮ ਦੇ ਅੰਰਭ ਵਿਚ ਭਰੇ ਘੜੇ ਵਾਲੀ ਜ਼ਨਾਨੀ ਮਿਲ ਜਾਵੇ ਤਾਂ ਸ਼ੁਭ ਮੰਨਿਆ ਜਾਂਦਾ ਹੈ ਜਦ ਠੰਡਿਤ ਸਾਹਾ ਕੱਢਣ ਆਉਦਾ ਹੈ ਜੰਜ ਰੋਟੀ ਖਾਣ ਆਂਉਦੀ ਹੈ, ਲਾੜਾ ਪਹਿਲੀ ਵਾਰੀ ਲਾੜੀ ਨੂੰ ਲੈਣ ਆਂਉਦਾ ਹੈ ਜਾਂ ਜੁਆਈ ਪਹਿਲੀ ਵਾਰੀ ਵਿਆਹ ਤੋ ਮਗਰੋ ਆਂਉਦਾ ਹੈ ਤਾਂ ਝੀਓਰੀ ਪਾਣੀ ਦਾ ਗੜਵਾ ਲੈਕੇ ਦਰਵਾਜੇ ਵਿਚ ਖੜੀ ਹੁੰਦੀ ਹੈ ਕਿ ਲੰਘਣ ਵਾਲਾ ਜਲ ਨੂੰ ਆਪਣੇ ਵਿਤ ਅਨੁਸਾਰ ਕੁੰਭ ਵਿਚ ਪੈਸੇ ਪਾਕੇ ਲੰਘਦਾ ਹੈ । ਅਰਥ ਇਹ ਹੁੰਦਾ ਹੈ ਕਿ ਲੰਘਣ ਵਾਲਾ ਜਲ ਨੂੰ ਪਰਨਾਮ ਕਰਕੇ ਲੰਘਿਆ ਹੈ ਜਲ ਓਸਦੀ ਸੁਰਖਿਆ ਕਰੇਗਾ ਕਿਸੇ ਉਤੋ ਪਾਣੀ ਵਾਰ ਕੇ ਪੀਣਾ ਵੀ ਉਸ ਦੀ ਸੁਖ ਮੰਗਦਾ ਹੈ । ਜਦ ਨਵਾਂ ਵਿਆਹਿਆ ਜੋੜਾ ਭਾਵ ਜਦ ਲਾੜਾ ਲਾੜੀ ਵਿਆਹ ਕੇ ਕਿਆਂਉਦਾ ਹੈ ਤਾਂ ਲਾੜੇ ਦੀ ਮਾਂ ਨੂੰਹ ਪੁਤਰ ਨੂੰ ਦਰਵਾਜ਼ੇ ਵਿਚ ਖੜਾ ਕਰਕੇ ਉਤੋ ਪਾਣੀ ਦਾ ਗੜਵਾ ਵਾਰ ਕੇ ਪਾਣੀ ਪੀਣ ਲਗਦੀ ਹੈ ਛੇ ਵਾਰ ਲਾੜਾ ਰੋਕ ਦਿੰਦਾ ਹੈ ਪਰ ਸਤਵੀ ਵਾਰੀ ਨਹੀ ਰੋਕਦਾ ਤੇ ਮਾਂ ਰੱਜ ਕੇ ਪਾਣੀ ਪੀ ਲੈਦੀ ਹੈ । ਪਾਣੀ ਪੀ ਕੇ ਜੋੜੀ ਨੂੰ ਅੰਦਰ ਲੰਘਾਂਉਦੀ ਹੈ ।

ਪੁਰਾਣੇ ਸਮੇ ਵਿਚ ਕੁੜੀ ਮਨਸੀ ਜਾਂਦੀ ਸੀ ਭਾਵ ਦਾਨ ਕੀਤੀ ਜਾਂਦੀ ਸੀ ਲਾੜੀ ਨੂੰ ਦਾਜ ਵਿਚ ਦਿਤੇ ਜਾ ਰਹੇ ਮੰਜੇ ਤੇ ਬਿਠਾ ਕੇ ਕੁੜੀ ਦਾ ਬਾਪ ਚੁਲੀਆਂ ਭਰਦਾ ਸੀ । ਉਸਦੀ ਪਤਨੀ ਪਤੀ ਦਾ ਪੱਲਾ ਫੜ ਲੈਦੀ ਸੀ ਦੋਵੇ ਦੁਆਲੇ ਚੱਕਰ ਕਢਦੇ ਸਨ । ਚੱਕਰ ਪੂਰਾ ਹੋਣ ਤੇ ਬਾਪ ਜਲ ਦੀਆਂ ਚੁਲੀਆਂ ਛਡਦਾ ਸੀ । ਇਉ ਚਾਰ ਚੱਕਰ ਕਢੇ ਜਾਂਦੇ ਸਨ । ਬੇਟੀ ਦੇ ਵਿਆਹ ਵਿਚ ਪੰਡਿਤ ਲਾੜੇ ਤੋ ਚੁਲੀਆਂ ਛਡਾਉਦਾ ਸੀ ਭਾਵ ਪਾਣੀ ਦੇ ਪ੍ਰਤੱਖ ਪਰਨ ਲੈਦਾ ਸੀ ।

ਜਦ ਨਵੀ ਵਹੁਟੀ ਨੂੰ ਖੂਹ ਤੇ ਚੜ੍ਹਾਇਆ ਜਾਂਦਾ ਸੀ ਤਾਂ ਗਭਰੂ ਤੋ ਇਕ ਹਥ ਨਾਲ ਖੂਹ ਚੋ ਪਾਣੀ ਕਢਾਇਆ ਜਾਂਦਾ ਸੀ । ਲਾੜੀ ਸਤ ਵਾਰੀ ਪਤੀ ਦਾ ਭਰਿਆ ਪਾਣੀ ਡੋਲ ਦਿੰਦੀ ਸੀ ਤੇ ਆਪ ਪਾਣੀ ਕੱਢਕੇ ਘੜਾ ਭਰਦੀ ਸੀ ਤੇ ਸ਼ਗਨਾਂ ਨਾਲ ਘਰ ਲਿਆਂਉਦੀ ਸੀ । ਮਤ ਸੀ ਪਾਣੀ ਭਰਨਾ ਪਤਿ ਦਾ ਕੰਮ ਨਹੀ।

ਜਣਦੀ ਦੇ ਕੋਲ ਸਵਾ ਮਹੀਨਾ ਕੁੰਡ ਭਾਵ ਪਾਣੀ ਦਾ ਘੜਾ ਰਖਿਆ ਜਾਂਦਾ ਸੀ ਤਾਂ ਜੋ ਕੋਈ ਬਲਾ ਬੱਚੇ ਤੇ ਵਾਰ ਨਾ ਕਰੇ । ਇਉ ਅਖੰਡ ਪਾਠ ਵੇਲੇ ਵੀ ਪਾਣੀ ਦਾ ਭਰਿਆ ਘੜਾ ਰਖਿਆ ਜਾਂਦਾ ਹੈ ।

ਪਾਣੀ ਦੇ ਸ਼ਗਨਾਂ ਨੂੰ ਜੇ ਵਿਗਿਆਨਕ ਦ੍ਰਿਸ਼ਟੀ ਨਾਲ ਵਿਚਾਰੀਏ ਤਾਂ ਇਹ ਸਪਸ਼ਟ ਹੋ ਜਾਵੇਗਾ ਕਿ ਆਰੰਭ ਪ੍ਰਾਕਿਰਤਕ ਮੱਨੁਖ ਲਈ ਸਾਹ ਲੈਣ ਲਈ ਹਵਾ ਤਾਂ ਹਰ ਥਾਂ ਸੀ ਪਰ ਪਾਣੀ ਨਹੀ, ਜਿੱਥੇ ਆਦਮੀ ਨੂੰ ਪੀਣ ਵਾਲਾ ਪਾਣੀ ਮਿਲ ਜਾਂਦਾ ਸੀ ਉਹ ਉਥੇ ਡੇਰੇ ਲਾ ਲੈਦਾ ਸੀ ਤੇ ਪਾਣੀ ਨੂੰ ਆਪਣੀ ਰੱਖ ਸਮਝਦਾ ਸੀ । ਪਾਣੀ ਨੂੰ ਪੂਜਦਾ ਸੀ । ਭੂਤਰੇ ਪਾਣੀਆ ਤੋ ਡਰਦਾ ਉਸ ਨੂੰ ਪੂਜਦਾ ਸੀ । ਫਲ ਫੁੱਲ ਤੇ ਮਾਇਆ ਚੜ੍ਹਾਉਦਾ ਸੀ ਅਜ ਵੀ ਲੋਕ ਦਰਿਆ ਪਾਰ ਕਰਨ ਲਗੇ ਦਰਿਆ ਵਿਚ ਪੈਸੇ ਸੁਟਣੇ ਸ਼ਗਨ ਮੰਨਦੇ ਹਨ ।

ਪਾਣੀ ਵਿੱਚ ਹੋਰ ਖੂਬੀ ਇਹ ਹੈ ਕਿ ਇਹ ਮੰਤਰਿਆਂ ਜਾ ਸਕਦਾ ਹੈ ਭਾਵ ਇਸ ਵਿਚ ਉਚਾਰੇ ਸ਼ਬਦਾਂ ਦਾ ਅਸਰ ਹੁੰਦਾ ਹੈ ਤਦੇ ਹਰ ਧਰਮ ਅਸਥਾਨ ਦੇ ਲਾਗੇ ਸਰੋਵਰ ਹੁੰਦਾ ਹੈ ਤੇ ਉਸ ਸਰੋਵਰ ਦਾ ਜਲ ਅੰਮ੍ਰਿਤ ਮੰਨਿਆ ਜਾਂਦਾ ਹੈ । ਚਲਦੇ ਦਰਿਆ ਜਾਂ ਸਰੋਵਰ ਵਿਚ ਰਲ ਕੇ ਇਸ਼ਨਾਨ ਕਰਨਾ ਬਹੁਤ ਉਤਮ ਸ਼ਗਨ ਮੰਨਿਆ ਜਾਂਦਾ ਹੈ ਕਿਉਕਿ ਜਲ ਹਰ ਸਰੀਰ ਨੂੰ ਛੋਹ ਕੇ ਇਕ ਅਨੋਖੀ ਮਾਨਵੀ ਸਾਂਝ ਪੈਦਾ ਕਰਦਾ ਹੈ ਇਸੇ ਸ਼ੁਭ ਸ਼ਗਨ ਦੇ ਆਧਾਰ ਤੇ ਸੰਗਰਾਂਦ ਵਾਲੇ ਦਿਨ ਦਰਿਆਵਾਂ ਤੇ ਸਰੋਵਰਾਂ ਉਤੇ ਮੇਲੇ ਲਗਦੇ ਹਨ। ਇਸ ਸਿਧਾਂਤ ਤੇ ਹੀ ਕੁੰਭ ਦਾ ਮੇਲਾ ਲਗਦਾ ਹੈ। ਜਲ ਵਿਚ ਇਕੱਠੇ ਇਸ਼ਨਾਨ ਕਰਨਾ ਅਨੋਖੀ ਸਾਂਝ ਦੀ ਹਵਾਹੀ ਭਰਨਾ ਹੈ ਤੇ ਬਹੁਤ ਹੀ ਉਤੱਮ ਸ਼ਗਨ ਹੈ ।

ਕੰਙਣਾ ਖੇਡਣ ਸਮੇ ਲਾੜੀ ਦੇ ਹੱਥ ਨੂੰ ਜਲ ਵਿਚ ਮਿਲਾਇਆ ਜਾਂਦਾ ਹੈ। ਪਰਾਤ ਵਿਚ ਕੱਚੀ ਲੱਸੀ (ਦੁਧ ਇਸ ਕਰਕੇ ਪਾਇਆ ਜਾਂਦਾ ਹੈ ਕਿ ਲਾੜਾ ਤੇ ਲਾੜੀ ਦੇ ਹੱਥ ਦਿਸਣ ਨਾ ਤੇ ਉਹ ਸ਼ਰਮਾਉਣ ਨਾ) ਪਾਕੇ ਰੁਪਿਆ ਸੁਟਿਆ ਜਾਂਦਾ ਹੈ ਤੇ ਲਾੜਾ ਲਾੜੀ ਨੂੰ ਲਭਣ ਲਈ ਕਿਹਾ ਜਾਂਦਾ ਹੈ । ਭਾਵ ਇਹ ਹੁੰਦਾ ਹੈ ਕਿ ਦੋਵੇ ਜਲ ਵਿਚ ਇਕ ਦੂਜੇ ਦੇ ਵਫਾਦਾਰ ਰਹਿਣ ਦਾ ਜਲ ਦੇ ਸਾਹਮਣੇ ਪਰਨ ਕਰਦੇ ਹਨ ।

ਜਲ ਪਵਿਤਰ ਮੰਨਿਆ ਜਾਂਦਾ ਹੈ ਇਸ ਲਈ ਸ਼੍ਰੀ ਦਰਬਾਰ ਸਾਹਿਬ ਕਿਤੇ ਲੈਜਾਣਾ ਹੋਵੇ ਤਾਂ ਅਗੇ ਜਲ ਛਿੜਕਿਆ ਜਾਂਦਾ । ਜਦ ਛੂਤ ਛਾਤ ਜ਼ੋਰਾਂ ਤੇ ਸੀ ਤਾਂ ਕੋਈ ਨੀਵੀ ਜਾਤ ਦੇ ਬੰਦੇ ਨੂੰ ਛੂਹ ਜਾਵੇ ਤਾਂ ਉਸ ਉਤੇ ਜਲ ਛਿੜਕ ਕੇ ਪਵਿੱਤਰ ਕੀਤਾ ਜਾਂਦਾ ਸੀ। ਜਦ ਰਿਸ਼ੀ ਕਿਤੇ ਆਸਣ ਲਾਉਦੇ ਸਨ ਤਾਂ ਜਲ ਛਿੜਕਦੇ ਸਨ ।

ਸੋ ਪਾਣੀ ਨਾਲ ਪੰਜਾਬੀ ਸਭਿਆਚਾਰ ਨਾਲ ਬਹੁਤ ਸ਼ਗਨ ਸੰਬੰਧਤ ਹਨ ।

ਤੇਲ : ਤੇਲ ਦਾ ਅਰਥ ਹੈ ਸਰੋ ਦਾ ਤੇਲ । ਸਰੋ ਦੇ ਦਾਨਿਆਂ ਨੂੰ ਪੀਹ ਕੇ ਤਿਆਰ ਕੀਤਾ ਜਾਂਦਾ ਹੈ । ਇਹ ਵੀ ਮੰਨਿਆ ਜਾਂਦਾ ਹੈ ਕਿ ਇਸ ਦੀ ਖਾਸ ਮਹਿਕ ਵਿਚ ਭੈੜੀਆਂ ਰੂਹਾਂ ਨੂੰ ਭਜਾਉਣ ਦੀ ਸਮਰਥਾ ਹੈ । ਵਾਲਾਂ ਨੂੰ ਸਰੋ ਦਾ ਤੇਲ ਲਾਉਣ ਦਾ ਭਾਵ ਵਾਲਾਂ ਨੂੰ ਕੇਵਲ ਮੁਲੈਟਮ ਕਰਨਾ ਹੀ ਨਹੀ ਸਿਰ ਨੂੰ ਭੈੜੀਆਂ ਰੂਹਾਂ ਤੋ ਸੁਰੱਖਿਅਤ ਕਰਨਾ ਹੈ । ਸਰੋ ਦੇ ਤੇਲ ਦੀ ਮਾਲਿਸ਼ ਵੀ ਸਰੀਰ ਨੂੰ ਅਰੋਗ ਹੀ ਨਹੀ ਕਰਦੀ ਰੂਹਾਂ ਤੋ ਸੁਰੱਖਿਅਤ ਕਰਦੀ ਹੈ। ਇਹ ਵੀ ਮੰਨਿਆ ਜਾਂਦਾ ਹੈ ਕਿ ਸਰੋ ਦਾ ਤੇਲ ਸਨਿੱਚਰ ਗ੍ਰਹਿ ਦੀਆਂ ਅਜੀਬ ਚਮਕੀਲੀਆਂ ਕਿਰਨਾਂ ਤੋ ਮਨੁਖ ਨੂੰ ਸੁਰੱਖਿਅਤ ਕਰਦਾ ਹੈ । ਸੋ ਸਰੋ ਦੇ ਤੇਲ ਨਾਲ ਸੰਬੰਧਤ ਸਾਰੇ ਸ਼ਗਨ ਅਸਲ ਵਿਚ ਸਨਿੱਚਰ ਗ੍ਰਹਿ ਦੀਆਂ ਘਾਤਕ ਕਿਰਨਾਂ ਦੇ ਪ੍ਰਭਾਵ ਤੋ ਮੁਕਤ ਹੋਣ ਦਾ ਯਤਨ ਹੈ ।

ਵਿਆਹ ਤੋ ਪਹਿਲਾਂ ਲਾੜਾ ਤੇ ਲਾੜੀ ਨੂੰ ਮਲਿਆ ਜਾਂਦਾ ਹੈ । ਵਟਣ ਵਿਚ



Sri Satguru Jagjit SIngh Ji Elibrary NamdhariElibrary@gmail.com

Phones :- 309802, 311298, 300385

## Chana Fabrication

(Approved by Govt. of Bihar)

ENGINEERS,
MANUFACTURE
FABRICATOR

Specialist in :

**All kinds of School and Colleges Baners, Hospitals Beds, Steel Furniture and other Fabrication Works.**

Old H. B. Road, Bahu Bazar,
Ranchi - 834001 (Bihar)

PARAMJIT SINGH CHANA (Sole Prop.)

Sister Concern :-

**JASBIR AUTO REPARING WORKS**

Specialist in:-

Repairing & Engine Overhauling of all kinds of Diesel & Petrol Vehicles

**Bahu Bazar, RANCHI (BIHAR)**

---

✆ :- 510655

## KHALSA ENGINEERING WORKS

Specialist in Repairing of:

**Hub, Gulla, Rim Plate, Tata/ Leyland Chasis**



S. Pritam Singh Sondh

**PISKA MORH, ITKI ROAD,**
**RANCHI-834005**

---

☎ Off. : 28513
Resi.: 28613

# JASVIR ENGINEERS

Specialists in

**ALL TYPES OF LATHE WORKS & DIESEL AUTO REPAIRS**



S. Surjit Singh

**RATU ROAD (Behind Rambilas Petr ol Pump), RANCHI-834005**


Sri Satguru Jagjit Singh Ji Elibrary NamdhariElibrary@gmail.com

ਹਰ ਚੀਜਾ ਦ ਨਾਲ ਸਰ ਦਾ ਤੇਲ ਵੀ ਹੁੰਦਾ ਹੈ (ਵਟਣੇ ਵਿਚ ਵੇਸਣ, ਸਰੋਂ ਦਾ ਤੇਲ, ਜੌਆਂ ਦਾ ਆਟਾ, ਪੀਸੀ ਹਲਦੀ ਤੇ ਚੰਨਣ ਹੁੰਦਾ ਹੈ। ਲਾੜੀ ਤੇ ਲਾੜੇ ਦੇ ਵਿਆਹ ਤੋਂ ਪੰਜ ਦਿਨ ਜਾਂ ਤਿਨ ਦਿਨ ਪਹਿਲਾਂ ਵਟਣਾ ਮਲਣਾ ਅਰੰਭਿਆ ਜਾਂਦਾ ਹੈ ਤੇ ਵਿਆਹ ਤੋਂ ਪਹਿਲਾਂ ਜਿਸ ਦਿਨ ਉਨ੍ਹਾਂ ਨੂੰ ਨੁਹਾਇਆ ਜਾਂਦਾ ਹੈ ਨਾ ਉਨ੍ਹਾਂ ਨੂੰ ਬਾਹਰ ਨਿਕਲਣ ਦਿੱਤਾ ਜਾਂਦਾ ਹੈ ਨਾ ਨਹਾਉਣ ਦਿੱਤਾ ਜਾਂਦਾ ਹੈ। ਵਟਣਾ ਸਰੀਰ ਸੋਹਣਾ ਮੁਲਾਇਮ ਤੇ ਅਰੋਗ ਬਣਾਉਣ ਲਈ ਹੀ ਨਹੀ ਮਲਿਆ ਜਾਂਦਾ, ਸਗੋਂ ਸਨਿੱਚਰ ਗ੍ਰਹਿ ਦੀਆਂ ਭੈੜੀਆਂ ਕਿਰਨਾਂ ਤੇ ਲੋਕਾਂ ਦੀਆਂ ਭੈੜੀਆਂ ਨਜ਼ਰਾਂ ਤੋਂ ਬਚਾਉਣ ਲਈ ਮਲਿਆ ਜਾਂਦਾ ਹੈ।

ਜਦ ਕਦੀ ਜੁਆਈ ਜਾਂ ਨਵ ਵਿਆਹਿਆ ਜੋੜਾ ਘਰ ਆਵੇ ਤਾਂ ਅੰਦਰ ਲੰਘਾਉਣ ਤੋਂ ਪੈਹਲਾਂ ਦਰਵਾਜ਼ੇ ਦੀਆਂ ਚੀਥੀਆਂ ਦੀਆਂ ਹੇਠਲੀਆਂ ਨੁਕਰਾਂ ਵਿਚ ਤੇਲ ਚੋਇਆ ਜਾਂਦਾ ਹੈ। ਇਸ ਦੇ ਤਿਨ ਮਨੋਰਥ ਹੁੰਦੇ ਹਨ।

ਪਹਿਲਾ ਦਰਵਾਜ਼ੇ ਵਿਚੋ ਲੰਘਣ ਵਾਲੇ ਨੂੰ ਸਨਿੱਚਰ ਗ੍ਰਹਿ ਤੋਂ ਮੁਕਤ ਕਰਨਾ

ਦੂਜਾ ਦਰਵਾਜ਼ੇ ਤੇ ਚੋਏ ਗਏ ਤੇਲ ਦੀ ਮਹਿਕ ਨਾਲ ਭੈੜੀਆਂ ਨਜ਼ਰਾਂ ਪਿਛਾ ਪਰਤ ਜਾਣਗੀਆਂ ਇਉ ਆਏ ਸੱਜਨ ਨੂੰ ਲੰਘਾਉਣ ਸਮੇ ਤੇਲ ਚੋਣਾ ਆਉਣ ਵਾਲੇ ਦੀ ਸੁੱਖ ਮੰਗਣਾ ਹੈ ਜੀਉ ਆਇਆ ਕਹਿਣਾ ਹੈ।

ਤੀਜਾ ਪੁਰਾਣੇ ਦਰਵਾਜ਼ਿਆਂ ਵਿਚ ਕਬਜ਼ੇ ਨਹੀ ਸਨ ਹੁੰਦੇ। ਚੀਥੀਆਂ ਸਨ ਜਿਨਾਂ ਦੇ ਦੁਆਲੇ ਦਰਵਾਜ਼ਾ ਘੁੰਮਦਾ ਸੀ। ਦਰਵਾਜ਼ਾ ਚੰਗੀ ਤਰ੍ਹਾਂ ਝਟ ਪੱਟ ਖੋਲ੍ਹਣ ਲਈ ਚੀਥੀਆਂ ਵਿਚ ਤੇਲ ਪਾਇਆ ਜਾਂਦਾ ਸੀ ਤਾਂ ਜੋ ਦਰਵਾਜ਼ਾ ਝਟ ਪੱਟ ਖੁੱਲ ਕੇ ਆਉਣ ਵਾਲੇ ਦਾ ਸੁਆਗਤ ਕਰੇ। ਜੇ ਦਰਵਾਜ਼ਾ ਝਟ ਪੱਟ ਨਾ ਖੁਲ੍ਹੇ ਤਾਂ ਆਉਣ ਵਾਲੇ ਦਾ ਨਿਰਾਦਰ ਮੰਨਿਆ ਜਾਂਦਾ ਸੀ।

ਕਮਾਲ ਇਹ ਹੈ ਕਿ ਭਾਂਵੇ ਅਜ ਕਲ ਦਰਵਾਜਿਆਂ ਨੂੰ ਬਹੁਤ ਵਧੀਆ ਕਬਜ਼ੇ ਲੱਗੇ ਹੁੰਦੇ ਹਨ ਕਈ ਆਪਣੇ ਆਪ ਖੁਲ ਜਾਂਦੇ ਹਨ, ਪਰ ਫੇਰ ਵੀ ਨਵੇ ਵਿਆਹ ਜੋੜੇ ਨੂੰ ਅੰਦਰ ਲੰਘਾਉਣ ਸਮੇ ਤੇਲ ਚੋਇਆ ਜਾਂਜ਼ਾ ਹੈ ਸ਼ਾਇਦ ਅਚੇਤ ਹੀ ਪਹਿਲੇ ਦੋ ਮਨੋਰਥਾਂ ਨੂੰ ਮੁਖ ਰਖਿਆ ਜਾਂਦਾ ਹੈ।

**ਲਾਲ ਰੰਗ**

ਲਾਲ ਰੰਗ ਪੰਜਾਬੀ ਸਭਿਆਚਾਰ ਵਿਚ ਬਹੁਤ ਸਾਰੇ ਸ਼ੁਭ ਕਾਰਜਾਂ ਦੀ ਆਤਮਾ ਹੈ ਰੰਗਾਂ ਦਾ ਮਨੋਵਿਗਿਆਨਕ ਵਿਸ਼ਲੇਸ਼ਨ ਕਰਨ ਵਾਲੇ ਚੰਗੀ ਤਰ੍ਹਾਂ ਸਮਝਦੇ ਹਨ ਕਿ ਹਰ ਰੰਗ ਮਨੁੱਖੀ ਮਨ ਉਤੇ ਵੱਖ ਵੱਖ ਅਸਰ ਕਰਦਾ ਹੈ।

ਮਨੁੱਖ ਦੇ ਲਹੂ ਦਾ ਰੰਗ ਲਾਲ ਹੈ। ਲਾਲ ਰੰਗ ਵਿਚ ਵਿਕੀਰਣ ਸ਼ਕਤੀ ਬਹੁਤ ਹੁੰਦੀ ਹੈ। ਮਨੁੱਖ ਜਦ ਲਾਲ ਰੰਗ ਦੀ ਚੀਜ਼ ਵੇਖਦਾ ਜਾਂ ਛੂਹਦਾ ਹੈ ਤਾਂ ਲਾਲ ਰੰਗ ਉਸ ਦੇ ਲਹੂ ਦੇ ਲਾਲ ਰਤਾਣੂਆਂ ਨੂੰ ਉਤੇਜਿਤ ਕਰ ਦਿੰਦਾ ਹੈ। ਇਉ ਲਾਲ ਰੰਗ ਮਨੁੱਖ ਅੰਦਰ ਉਤਸਾਹ ਤੇ ਉਮਾਹ ਪੈਦਾ ਕਰਦਾ ਹੈ। ਮਨੁੱਖ ਅੰਦਰ ਅਨੋਖੀ ਖੁਸ਼ੀ ਪੈਦਾ ਹੁੰਦੀ ਹੈ। ਮਨੁੱਖ ਦੇ ਲਹੂ ਵਿਚ ਅਨੋਖੀ ਗਤੀ ਆਉਣ ਕਾਰਨ ਮਨੁੱਖ ਦੇ ਨਕਸ਼ ਨਿਖਰ ਆਉਂਦੇ ਹਨ। ਮਨੁੱਖ ਅੰਦਰ ਸਵੈ ਭਰੋਸਾ ਪੈਦਾ ਹੋ ਜਾਂਦਾ ਹੈ। ਲਹੂ ਵਿਚ ਨਿਖਾਰ ਤੇ ਚਮਕ ਆ ਜਾਂਦੀ ਹੈ। ਲਾਲ ਰੰਗ ਮਨੁੱਖ ਅੰਦਰ ਪਿਆਰ ਨੂੰ ਚਮਕਾਉਂਦਾ ਤੇ ਗਰਮਾਉਂਦਾ ਹੈ। ਲਾਲ ਰੰਗ ਦੁਆਵੀ ਚਾਅ, ਖੁਸ਼ੀ ਤੇ ਪਿਆਰ ਤੇ ਉਤੰਸਾਹ ਦਾ ਰੰਗ ਹੀ ਨਹੀ ਆਤਮਕ ਪ੍ਰੇਮ ਦਾ ਪ੍ਰਤੀਕ ਵੀ ਮੰਨਿਆ ਜਾਂਦਾ ਹੈ। ਲਾਲ ਰੰਗ ਤਿਸ ਕੇ ਲਾਗੇ ਜੋ ਹੋਇ ਵਡਭਾਗਾ ਲਾਲ ਰੰਗ ਸਾਡੇ ਲਹੂ ਦੀ ਰਖ ਹੈ। ਖੁਸ਼ੀਆਂ ਦਾ ਸੋਮਾ ਹੈ, ਸਫਲਤਾ ਦਾ ਚਿੰਨ੍ਹ ਹੈ। ਲਾਲ ਰੰਗ ਦੇ ਪ੍ਰਯੋਗ ਨਾਲ ਕਾਰਜ ਆਰੰਭ ਕਰਨਾ ਅਸਲ ਵਿਚ ਪੰਜਾਬੀ ਸਭਿਆਚਾਰ ਦੀ ਅਰਦਾਸ ਹੈ। ਕਾਰਜ ਨਿਰ ਵਿਘਣ ਸਮਾਪਤ ਹੋਣ ਦੀ ਪੂਰਵ ਗਵਾਹੀ ਹੈ।

ਪੌਰਾਣਕ ਕਥਾ ਅਨੁਸਾਰ ਸਭ ਤੋਂ ਪਹਿਲਾਂ ਬ੍ਰਹਮਾਂ ਨੇ ਲਾਲ ਰੰਗ ਦੀ ਮਨੋਵਿਗਿਆਨਕ ਮੱਹਤਾ ਸਮਝੀ ਸੀ ਤੇ ਲਾਲ ਰੰਗ ਵਰਤਣ ਦਾ ਆਦੇਸ਼ ਦਿੱਤਾ ਸੀ ਤੇ ਪਾਰਵਤੀ ਨੂੰ ਕਿਹਾ ਸੀ ਜੇ ਤੂੰ ਸਦਾ ਖੁਸ਼ੀ ਭਰਿਆ ਜੀਵਨ ਬਤੀਤ ਕਰਨਾ ਚਾਹੁੰਦੀ ਹੈ ਤਾਂ ਨਿਤ ਸਵੇਰੇ ਤਾਜੇ ਲਾਲ ਸੂਹੇ ਫੁੱਲਾਂ ਦੇ ਗਜਰੇ ਪਾਇਆ ਕਰ। ਮਨ ਸਦਾ ਖੁਸ਼ ਤੇ ਇਕਾਗਰ ਰਹੇਗਾ। ਕੋਈ ਭੈੜੀ ਰੂਹ ਵਾਰ ਨਹੀ ਕਰੇਗੀ। ਫੁਲਾਂ ਦਾ ਲਾਲ ਰੰਗ ਤੇਰੀ ਸਰੀਰਕ ਤੇ ਆਤਮਕ ਰਖਿਆ ਕਰੇਗਾ।

ਉਸ ਦਿਨ ਤੋ ਲਾਲ ਰੰਗ ਸ਼ਗਨਾਂ ਦਾ ਰੰਗ ਮੰਨਿਆ ਜਾ ਰਿਹਾ ਹੈ, ਲਾਲ ਰੰਗ ਦੀ ਵਿਆਹ ਸ਼ਾਦੀਆਂ ਵਿਚ ਬਹੁਤ ਮਹਤੱਤਾ ਹੈ ਕਿਉਂਕਿ ਇਹ ਰੰਗ ਉਤਸਾਹ, ਉਮਾਹ ਤੇ ਖੁਸ਼ੀ ਪੈਦਾ ਕਰਦਾ ਹੈ। ਕਾਰਜ ਦੀ ਪੂਰਨ ਸਫਲਤਾ ਦੀ ਗਵਾਹੀ ਭਰਦਾ ਹੈ।

ਵਿਆਹ ਸਮੇ ਕੁੜੀ ਤੇ ਮੁੰਡੇ ਦੀਆਂ ਮਾਵਾਂ ਲਾਲ ਦੁਪਟੇ ਲੈਦੀਆਂ ਹਨ। ਲਾੜਾ ਤੇ ਲਾੜੀ ਦੇ ਬਾਪ ਲਾਲ ਜਾਂ ਗੁਲਾਬੀ ਪੱਗਾਂ ਬੰਨ੍ਹਦੇ ਹਨ। ਹੱਥੀ ਲਾਲ ਧਾਗਾ ਬੰਨਦੇ ਹਨ। ਹੱਥ ਭਰੇ ਦਾ ਸੂਟ ਲਾਲ ਕਪੜੇ ਦਾ ਹੁੰਦਾ ਹੈ। ਲਾੜੀ ਤੇ ਲਾੜੇ ਦੀ ਮਾਵਾਂ ਜਦ ਭਾਜੀ ਲੈਕੇ ਪੇਕੀ ਵਿਆਹ ਦਸਣ ਜਾਂਦੀਆਂ ਤਾਂ ਲਾਲ ਸੂਟ ਪਾ ਕੇ ਜਾਂਦੀਆਂ ਹਨ। ਵਿਆਹ ਦੇ ਹਰ ਕਾਰਜ ਦੇ ਆਰੰਭ ਸਮੇ ਲਾਲ ਧਾਗਾ ਬੰਨ੍ਹਦੀਆਂ ਹਨ। ਫੇਰਿਆਂ ਸਮੇ ਲਾੜੇ ਤੇ ਲਾੜੀ ਦੇ ਸਭ ਕਪੜੇ ਲਾਲ ਜਾਂ ਗੁਲਾਬੀ ਹੁੰਦੇ ਹਨ। ਸਾਰੇ ਗਹਿਣਿਆਂ ਵਿਚ ਲਾਲ ਧਾਗਾ ਪਾਇਆ ਹੋਇਆ ਹੁੰਦਾ ਹੈ ਪਹੁੰਚੀਆਂ, ਹਵੇਲਾਂ, ਕੰਠੀ ਬਾਜੂ ਬੰਦ ਹਾਰ ਆਦਿ ਸਭ ਗਹਿਣਿਆਂ ਵਿਚ ਰੇਸ਼ਮੀ ਲਾਲ ਧਾਗਾ ਹੁੰਦਾ ਹੈ। ਲਾੜੀ ਦਾ ਪਰਾਂਦਾ ਲਾਲ ਹੁੰਦਾ ਹੈ। ਲਾੜੇ ਦੇ ਗਲ ਵਿਚ ਜਿਹੜਾ ਦੁੱਪਟਾ ਹੁੰਦਾ ਹੈ ਉਹ ਲਾਲ ਹੁੰਦਾ ਹੈ। ਵਿਆਹ ਵਿਚ ਲਾਲ ਰੰਗ, ਲਾਲ ਰੰਗ ਦਾ ਕਪੜਾ ਤੇ ਲਾਲ ਰੰਗ ਦਾ ਧਾਗਾ ਪ੍ਰਧਾਨ ਹੁੰਦੇ ਹਨ। ਲਾਲ ਧਾਗੇ ਲਈ ਮੌਲੀ ਵਰਤੀ ਜਾਂਦੀ ਹੈ ਮੌਲੀ ਘਰ ਕੱਤੇ ਸੂਤ ਦਾ ਧਾਗਾ ਹੁੰਦਾ ਹੈ ਜਿਹੜਾ ਚਾਰ ਉਂਗਲਾਂ ਲਾਲ ਹੁੰਦਾ ਹੈ ਫੇਰ ਦੋ ਉਂਗਲਾਂ ਚਿੱਟਾ ਹੁੰਦਾ ਹੈ ਉਸ ਵਿਚ ਲਾਲ ਚਿੱਟੇ ਦੀਆਂ ਧਾਰੀਆਂ ਹੁੰਦੀਆਂ ਹਨ। ਕਈ ਵਾਰੀ ਚਿੱਟੇ ਰੰਗ ਨਾਲ ਪੀਲਾ ਰੰਗ ਵੀ ਹੁੰਦਾ ਹੈ।

ਕਿਹਾ ਜਾਂਦਾ ਹੈ ਇਕ ਰਿਸ਼ੀ ਦੀ ਲੜਕੀ ਦੀ ਸ਼ਾਦੀ ਸੀ। ਉਸ ਦੇ ਹੱਥ ਲਾਲ ਗੂਹੜੇ ਰੰਗ ਦਾ ਗਾਨਾ ਬੰਨ੍ਹਿਆਂ ਹੋਇਆ ਸੀ। ਨਾਰਦ ਮੁਨੀ ਉਸ ਵਿਆਹ ਤੇ ਆਇਆ ਤੇ ਲਾਲ ਗਾਨਾ ਦੇਖ ਕੇ ਕਹਿਣ ਲੱਗਾ ਸ਼ਗਨਾਂ ਦਾ ਧਾਗਾ ਸਾਰਾ ਗੂਹੜਾ ਲਾਲ ਨਹੀ ਹੋਣਾ ਚਾਹੀਦਾ। ਗੂਹੜਾ ਲਾਲ ਰੰਗ ਲਾੜੀ ਦੇ ਲਹੂ ਨੂੰ ਲੋੜ ਤੋਂ ਵਧ ਉਤੇਜਤ ਕਰੇਗਾ। ਇਸ ਵਿਚ ਕਿਤੇ ਵਿਟਿਆਈ ਵੀ ਚਾਹੀਦੀ ਹੈ, ਇਹੋ ਜਿਹਾ ਧਾਗਾ ਹਰ ਵੇਲੇ ਘਰ ਰਖਣ ਨਾਲ ਘਰ ਵਿਚ ਸਦਾ ਸੁਖ ਰਹੇਗਾ।

ਨਾਰਦ ਮੁਨੀ ਦੇ ਆਦੇਸ਼ ਨਾਲ ਮੌਲੀ ਤਿਆਰ ਕੀਤੀ ਗਈ। ਇਹ ਮੌਲੀ ਘਰ ਵੀ ਤਿਆਰ ਕੀਤੀ ਜਾਂਦੀ ਸੀ ਤੇ ਬਜ਼ਾਰੋਂ ਵੀ ਮਿਲ ਜਾਂਦੀ ਸੀ।

ਅਜਕਲ ਵੀ ਮੌਲੀ ਹਰ ਘਰ ਵਿਚ ਰਖੀ ਜਾਂਦੀ ਹੈ, ਕਿਉਂਕਿ ਇਹ ਸ਼ਗਨਾਂ ਦਾ ਧਾਗਾ ਮੰਨਿਆ ਜਾਂਦਾ ਹੈ। ਦੁਆਬੇ ਵਿਚ ਮੌਲੀ ਨੂੰ ਅੱਟਾ ਵੀ ਕਹਿੰਦੇ। ਹਰ ਕੰਮ ਦੇ ਵਿਚ ਮੌਲੀ ਵਰਤੀ ਜਾਂਦੀ ਹੈ। ਜਦ ਬੱਚਾ ਜਨਮਦਾ ਹੈ ਉਸ ਦੇ ਲੱਕ ਮੌਲੀ ਦੀ ਤੜਾਗੀ ਪਾਈ ਜਾਂਦੀ ਹੈ। ਹਥੀ ਮੌਲੀ ਦੇ ਧਾਗੇ ਵਿਚ ਕਣਕ ਦੇ ਦਾਣੇ ਬੰਨੇ ਜਾਂਦੇ ਹਨ।

ਵਿਆਹ ਦੇ ਸਾਹੇ ਦੀ ਚਿੱਠੀ ਮੌਲੀ ਦੇ ਧਾਗੇ ਵਿਚ ਲਪੇਟ ਕੇ ਭੇਜੀ ਜਾਂਦੀ ਹੈ। ਮਾਹ ਭਿਉਣ ਸਮੇ ਜਾਂ ਵਿਆਹ ਦੀਆਂ ਹੋਰ ਰਸ਼ਮਾਂ ਕਰਨ ਸਮੇ ਸੁਆਣੀਆਂ ਹਥੀ ਮੌਲੀ ਦਾ ਧਾਗਾ ਬੰਨ੍ਹਦੀਆਂ ਹਨ। ਜਿਸ ਭਾਂਡੇ ਵਿਚ ਸ਼ਗਨਾਂ ਦੇ ਮਾਂਹ ਭਿਓਏ ਜਾਂਦੇ ਹਨ ਉਦੇ ਮਲਮੇ ਨੂੰ ਮੌਲੀ ਦਾ ਧਾਗਾ ਬੰਨ੍ਹਿਆ ਜਾਂਦਾ ਹੈ।ਲਾੜਾ ਤੇ ਲਾੜੀ ਨੂੰ ਵਟੱਣਾ ਸਮੇ ਜਿਸ ਪਟੜੀ ਤੇ ਲਾੜੀ ਜਾਂ ਲਾੜੇ ਨੂੰ ਬਿਠਾਇਆ ਜਾਂਦਾ ਹੈ ਉਸ ਨੂੰ ਮੌਲੀ ਦਾ ਧਾਗਾ ਬੰਨਿਆ ਜਾਂਦਾ ਹੈ। ਸੁਹਾਗ ਪਟਾਰੀ ਵਿਚਲੀ ਮਹਿੰਦੀ ਦੀ ਪੁੜੀ, ਮੇਵੇ ਦੇ ਪੁੜੇ ਪਕਵਾਨ ਪਕਾਉਣ ਸਮੇ ਖੋਏ ਆਦਿ ਨੂੰ ਵੀ ਮੌਲੀ ਦਾ ਧਾਗਾ ਬੰਨਿਆ ਹੁੰਦਾ ਹੈ।

ਨਾਰੀਅਲ ਜਿਹੜਾ ਜੰਜ ਚੜਨ ਸਮੇ ਲਾੜੇ ਦੀ ਮਾਂ ਲਾੜੇ ਦੀ ਝੋਲੀ ਪਾਉਂਦੀ ਹੈ ਉਸ ਦੇ ਦੁਆਲੇ ਮੌਲੀ ਲਪੇਟੀ ਹੁੰਦੀ ਹੈ। ਵਿਆਹ ਵਿਚ ਜੋ ਵੀ ਦਾਜ ਦਿੱਤਾ ਜਾਂਦਾ ਹੈ ਨਾਲ ਮੌਲੀ ਦਾ ਧਾਗਾ ਹੁੰਦਾ ਹੈ। ਜਦ ਧੀ ਭੈਣ ਨੂੰ ਸ਼ਗਨ ਵਿਚ ਠੂਠੀ ਪਾਈ ਜਾਂਦੀ ਤਾਂ ਵਿਚ ਮੌਲੀ ਦਾ ਧਾਗਾ ਹੁੰਦਾ ਹੈ ਮਕਾਨ ਦੀ ਉਸਾਰੀ ਚੁਗਾਠ ਨੂੰ ਤੇ ਛੱਤ ਪਾਉਣ ਸਮੇ ਸ਼ਤੀਰੀ ਨੂੰ ਮੌਲੀ ਦਾ ਧਾਗਾ ਬੰਨ੍ਹਿਆ ਜਾਂਦਾ ਹੈ।

ਜਿਹੜੇ ਸ਼ਰਧਾਲੂ ਮਾਤਾ ਦੀ ਚੋਕੀ ਭਰਨ ਜਾਂਦੇ ਹਨ ਉਨ੍ਹਾਂ ਨੂੰ ਮੰਦਰ ਦੇ ਪੁਜਾਰੀ ਮੌਲੀ ਦੀ ਅੱਟੀ ਪ੍ਰਸ਼ਾਦ ਵਜੋਂ ਦਿੰਦੇ ਹਨ ਤੇ ਸ਼ਰਧਾਲੂ ਆਪਣੇ ਗਲ ਵਿਚ ਮੌਲੀ ਦੀਆਂ ਅੱਟੀਆਂ ਪਾਕੇ ਘਰੀ ਪਰਤਦੇ ਹਨ। ਕਈ ਫਕੀਰ ਗਲ ਵਿਚ ਸਦਾ ਮੌਲੀ ਦਾ ਅੱਟਾ ਰਖਦੇ ਹਨ ਤੇ ਜਿਹੜਾ ਮੱਥਾ ਟੇਕਦਾ ਹੈ ਉਸ ਨੂੰ ਮੌਲੀ ਦਾ ਧਾਗਾ ਪ੍ਰਸ਼ਾਦ ਵਜੋ ਦਿੰਦੇ ਹਨ, ਭਾਵ ਉਨ੍ਹਾਂ ਨੂੰ ਅਰੋਗ ਰਹਿਣ ਦੀ ਅਸੀਸ ਦਿੰਦੇ ਹਨ। ਤਰਖਾਣਾ ਕੰਮ ਕਰਨ ਵਾਲੇ ਭਾਈ ਦੂਜ ਨੂੰ ਭਾਵ ਵਿਸ਼ਵਕਰਮਾ ਦੇ ਜਨਮ ਦੇ ਦਿਨ ਤੇ ਹਥਿਆਰਾਂ ਨੂੰ ਧੂਪ ਦੇ ਕੇ ਉਨ੍ਹਾਂ ਨੂੰ ਮੌਲੀ ਦਾ ਧਾਗਾ ਬੰਨ੍ਹਦੇ ਹਨ।

ਬਹੁਤ ਸਾਰੇ ਗਹਿਣਿਆਂ ਵਿਚ ਵੀ ਮੌਲੀ ਦਾ ਧਾਗਾ ਵਰਤਿਆ ਜਾਂਦਾ ਹੈ ਜਿਵੇ ਸਮੀਫੁਲ ਵਿਚ। ਕਿਉਕਿ ਮੌਲੀ ਦਾ ਲਾਲ ਰੰਗ ਸਾਡੇ ਲਹੂ ਤੇ ਸਿਹਤ ਦੀ ਰੱਖ ਹੈ। ਖੁਸ਼ੀਆਂ



Sri Satguru Jagjit Singh Ji Elibrary NamdhariElibrary@gmail.com

☎ Off: 28531
Resi : 28613

# SURJIT MOTOR GARAGE

Specialists in

**All kinds of Diesel Auto Repairs & Lathe Works**

Prop. S. Surjit Singh

**(Behind Ram Bilas Petr ol Pump), RA TU ROAD,**
**RANCHI-834001**

---

☎ Off. 510388, 510389
Resi. 510429

## NEW DOABA COACH BODY BUILDERS

MANUFACTURERS & SPECIALISTS IN

**ALL STEEL ALUMINIUM COACH BODY BUILDING, ALL TYPES OF TRUCK, DUMPER, AMBULANCE, DELIVERY VAN AND GENERAL FABRICATION WORKS**

**Prop. YASH PAUL SINGH**

**PISKA MORH, RATU ROAD,**
**RANCHI-834005**

---

Phone : 23515, 20832

## Guru Dashmesh Engg. Works

*Specialist in*

**Chasis Repairs of Tata Leyland, Mahindra Vehicles, Hub Teeth, Gulla and Lathe Works.**

**Old H.B. Road, Bahu Bazar**
**RANCHI-834001**


Sri Satguru Jagjit Singh Ji Elibrary NamdhariElibrary@gmail.com

ਦਾ ਆਧਾਰ ਹੈ ਸਫਲਤਾ ਦਾ ਜ਼ਾਮਨ ਹੈ। ਖੁਸ਼ੀਆਂ ਦਾ ਆਧਾਰ ਹੈ। ਸ਼ੁਭ ਸ਼ਗਨਾਂ ਦੀ ਜਿੰਦ ਜਾਨ ਹੈ ਇਸ ਲਈ ਵਿਆਹੀ ਸੁਆਣੀ ਨੂੰ ਪੇਕਿਆਂ ਤੋਂ ਹੋਰ ਚੀਜ਼ਾਂ ਦੇ ਨਾਲ ਮੌਲੀ ਵੀ ਜ਼ਰੂਰ ਆਇਆ ਕਰਦੀ ਹੈ।

**ਮਹਿੰਦੀ** : ਇਸ ਦੀ ਮਹੱਤਾ ਵੀ ਲਾਲ ਰੰਗ ਕਰਕੇ ਹੀ ਹੈ। ਪੱਤੇ ਹਰੇ ਹੁੰਦੇ ਹਨ ਪਤਿਆਂ ਦੀ ਤਾਸੀਰ ਠੰਡੀ ਹੁੰਦੀ ਹੈ। ਪੱਤੇ ਰਗੜਣ ਨਾਲ ਵਿਚੋਂ ਲਾਲ ਰੰਗ ਨਿਕਲਦਾ ਹੈ। ਇਸ ਦੀ ਤਾਸੀਰ ਗਰਮ ਹੁੰਦੀ ਹੈ। ਇਸ ਵਿਚ ਗਰਮੀ ਪੈਦਾ ਕਰਨ ਦੀ ਸ਼ਕਤੀ ਹੁੰਦੀ ਹੈ। ਰਗੜੇ ਮਹਿੰਦੀ ਦੇ ਪੱਤੇ ਹੱਥ ਤੇ ਬੰਨ੍ਹਣ ਨਾਲ ਇਸ ਦਾ ਰੰਗ ਕੇਵਲ ਹਥੇਲਿਆਂ ਉਤੇ ਚੜ੍ਹਦਾ ਹੈ। ਮਹਿੰਦੀ ਦੇ ਲਾਲ ਰੰਗ ਦਾ ਸੰਪਰਕ ਸਿੱਧਾ ਲਾਲ ਰਕਤਾਣੂਆਂ ਵਾਲੀਆਂ ਨਾੜੀਆਂ ਦੇ ਸਿਰਿਆਂ ਨਾਲ ਹੁੰਦਾ ਹੈ। ਹਥੇਲੀ ਤੇ ਚੜ੍ਹਿਆ ਮਹਿੰਦੀ ਦਾ ਰੰਗ ਵੀਣੀ ਤੇ ਵੱਧੇ ਮੌਲੀ ਦੇ ਧਾਗੇ ਦੇ ਲਾਲ ਰੰਗ ਨਾਲੋਂ ਕਈ ਗੁਣਾ ਵਧੇਰੇ ਵਿਕੀਰਣ ਸ਼ਕਤੀ ਰਖਦਾ ਹੈ ਤੇ ਬਹੁਤਾ ਚਿਰ ਲਹੂ ਨਾੜੀਆਂ ਦੇ ਸਿਰਿਆਂ ਦੇ ਸੰਪਰਕ ਵਿਚ ਰਹਿੰਦਾ ਹੈ ਇਸ ਲਈ ਮਹਿੰਦੀ ਦਾ ਲਾਲ ਰੰਗ ਮੁਟਿਆਰਾਂ ਅੰਦਰ ਸਿੰਗਾਰ ਰਸ ਤੇ ਰੁਮਾਂਚਿਕ ਪਿਆਰ ਪੈਦਾ ਕਰਦਾ ਹੈ। ਇਹੋ ਕਾਰਨ ਹੈ ਲਾੜੀ ਦੇ ਹੱਥ ਨੂੰ ਮਹਿੰਦੀ ਲਾਉਣੀ ਵਿਆਹ ਦਾ ਬਹੁਤ ਉਤਮ ਸ਼ਹਨ ਹੈ। ਲਾੜੀ ਨੂੰ ਮਹਿੰਦੀ ਸੁਹਰਿਆਂ ਵਲੋਂ ਆਇਆ ਕਰਦੀ ਹੈ ਜੇ ਲਾੜੀ ਦੇ ਹੱਥਾਂ ਨੂੰ ਸੁਹਰਿਆਂ ਤੋਂ ਆਈ ਮਹਿੰਦੀ ਦਾ ਰੰਗ ਜੇ ਬਹੁਤ ਗੂਹੜਾ ਚੜੇ ਤਾਂ ਇਹ ਭਾਵ ਹੁੰਦਾ ਹੈ ਕਿ ਸੱਸ ਉਸ ਨੂੰ ਬਹੁਤ ਪਿਆਰ ਕਰਦੀ ਹੈ। ਭਾਵ ਲਾੜੀ ਦੇ ਹੱਥਾਂ ਨੂੰ ਜੇ ਮਹਿੰਦੀ ਦਾ ਰੰਗ ਗੂਹੜਾ ਚੜੇਗਾ। ਉਹ ਸੋਹਣੀ ਹੋ ਜਾਂਵੇਗੀ। ਉਸ ਦਾ ਪਤੀ ਪੂਰਨ ਭਾਂਤ ਰੁਮਾਂਚਿਕ ਪਿਆਰ ਨਾਲ ਤ੍ਰਿਪਤ ਹੋ ਜਾਵੇਗਾ ਤੇ ਸੱਸ ਖੁਸ਼ ਹੋ ਜਾਵੇਗੀ।

ਵਿਆਹ ਦੇ ਸਾਰੇ ਕਾਰਜਾਂ ਵਿਚ ਜਿਹੜੀਆਂ ਸੁਆਣੀਆਂ ਭਾਗ ਲੈਂਦੀਆਂ ਹਨ ਉਨ੍ਹਾਂ ਦੇ ਹਥੀ ਮਹਿੰਦੀ ਲਾਉਣੀ ਸ਼ਗਨ ਹੈ। ਲਾੜੀ ਦੇ ਤਲੀਆਂ ਤੇ ਮਹਿੰਦੀ ਲਾਈ ਜਾਂਦੀ ਹੈ ਇਹ ਪੈਰਾਂ ਨੂੰ ਸਿੰਗਾਰਦੀ ਵੀ ਹੈ ਤੇ ਹੱਥਾਂ ਨੂੰ ਲੱਗੀ ਮਹਿੰਦੀ ਦੇ ਲਾਲ ਰੰਗ ਦੀ ਲਹੂ ਵਿਚ ਪੈਦਾ ਕੀਤੀ ਉਤੇਜਨਾ ਨੂੰ ਇਕਾਗਰ ਕਰਕੇ ਅਰੋਗਤਾ ਬਖਸ਼ਦੀ ਹੈ। ਮਹਿੰਦੀ ਲਾੜੀ ਅੰਦਰ ਆਪਣੇ ਪਤੀ ਲਈ ਖਾਸ ਪਿਆਰ ਪੈਦਾ ਕਰਦੀ ਹੈ। ਉਮਾਹ ਪੈਦਾ ਕਰਦੀ ਹੈ। ਇਸ ਲਈ ਮਹਿੰਦੀ ਲਾਏ ਬਿਨਾ ਮੁਟਿਆਰ ਲਾੜੀ ਨਹੀ ਬਣ ਸਕਦੀ ਵਹੁਟੀ ਨਹੀ ਬਣ ਸਕਦੀ।

ਪੰਜਾਬੀ ਸਭਿਆਚਾਰ ਵਿਚ ਭਾਵੇ ਬਾਕੀ ਸ਼ਗਨ ਲਗਭਗ ਲੋਪ ਹੀ ਹੋ ਗਏ ਹਨ ਪਰ ਮਹਿੰਦੀ ਅਜ ਵੀ ਲਾਈ ਜਾਂਦੀ ਹੈ ਤੇ ਕਲਾਤਮਕ ਢੰਗਾਂ ਨਾਲ ਲਾਈ ਜਾਂਦੀ ਹੈ।

**ਦੰਦਾਸਾ** ਦੰਦਾਸੇ ਦਾ ਲਾਲ ਰੰਗ ਭਾਵੇ ਮਹਿੰਦੀ ਦੇ ਲਾਲ ਰੰਗ ਵਾਲੀ ਤਾਸੀਰ ਰਖਦਾ ਹੈ ਪਰ ਇਹ ਉਸ ਨਾਲੋਂ ਕਈ ਗੁਣਾ ਵੱਧ ਵਾਸਨਾ ਉਪਜਾਊ ਹੁੰਦਾ ਹੈ। ਇਹ ਮੁਟਿਆਰ ਦੇ ਦੰਦਾਂ ਨੂੰ ਸਾਫ਼ ਕਰਕੇ ਚਮਕਾਉਂਦਾ ਹੀ ਨਹੀ, ਸਗੋਂ ਬੁੱਲਾਂ ਨੂੰ ਸ਼ੋਖ ਗੁਲਾਬ ਦੀਆਂ ਪਤੀਆਂ ਬਣਾ ਦਿੰਦਾ ਹੈ। ਮੁਟਿਆਰ ਅੰਦਰ ਅਥਾਹ ਵਾਸਨਾ ਪਿਆਰ ਪੈਦਾ ਕਰ ਦਿੰਦਾ ਹੈ। ਦੰਦਾਸੇ ਨਾਲ ਰੰਗੀਆਂ ਬੁੱਲੀਆਂ ਪਿਆਰ ਦੀ ਅੱਗ ਦੀਆਂ ਬਾਤਾਂ ਪਾਉਣ ਲਗ ਪੈਦੀਆਂ ਹਨ ਤਦੇ ਕਿਹਾ ਜਾਂਦਾ ਹੈ :

ਮੁੰਡਾ ਮੋਹ ਲਿਆ ਤਬੀਤਾਂ ਵਾਲਾ ਦੰਮੜੀ ਦਾ ਸਕ ਮਲਕੇ। ਦੰਦਾਸੇ ਨੂੰ ਰਾਂਗਲਾ ਸੱਕ ਵੀ ਕਿਹਾ ਜਾਂਦਾ ਹੈ। ਲਾੜੀ ਨੂੰ ਰਾਂਗਲਾ ਸੱਕ ਸੁਹਾਗ ਪਟਾਰੀ ਵਿਚ ਲਾਵਾਂ ਤੋਂ ਪਹਿਲਾਂ ਸਹੁਰਿਆਂ ਤੋ ਆਇਆ ਕਰਦਾ ਹੈ ਭਾਵ ਇਹ ਮੁਟਿਆਰ ਸੱਕ ਵਿਆਹ ਸਮੇ ਤੇ ਵਿਆਹ ਤੋਂ ਮਗਰੋਂ ਹੀ ਵਰਤ ਸਕਦੀ ਹੈ। ਅਜ ਕਲ ਦੰਦਾਸੇ ਤੋਂ ਹੀ ਲਿਸਟਿਕ ਬਣੀ ਹੈ। ਨੇਲ ਪਾਲਿਸ਼ ਬਣਿਆ ਹੈ।

**ਨਾਰੀਅਲ** ਨਾਰੀਅਲ ਬਹੁਤ ਪਵਿੱਤਰ ਫਲ ਮੰਨਿਆ ਜਾਂਦਾ ਹੈ। ਕੱਚੇ ਨਾਰੀਅਲ ਦੇ ਅੰਦਰ ਦੁੱਧ ਹੁੰਦਾ ਹੈ। ਪੱਕੇ ਨਾਰੀਅਲ ਦੀ ਜਦ ਛਿਲ ਲਾਹੀ ਜਾਵੇ ਤਾਂ ਅੰਦਰੋ ਨਸਵਾਰੀ ਰੰਗ ਦਾ ਗੋਲਾ ਨਿਕਲਦਾ ਹੈ। ਇਸ ਨੂੰ ਚੀਰਿਆ ਜਾਵੇ ਤਾਂ ਦੋ ਗੋਲ ਕੋਲੀਆਂ ਬਣ ਜਾਂਦੀਆਂ ਹਨ। ਅੰਦਰੋ ਦੁੱਧ ਵਰਗੀਆਂ ਚਿੱਟੀਆਂ ਹੁੰਦੀਆਂ ਹਨ। ਅੱਧੇ ਚੀਰੇ ਗੋਲੇ ਨੂੰ ਠੂਠੀ ਕਿਹਾ ਜਾਂਦਾ ਹੈ। ਇਸ ਨੂੰ ਚੀਰ ਕੇ ਖਾਦਾ ਜਾਂਦਾ ਹੈ। ਇਸ ਨੂੰ ਗਰੀ ਕਿਹਾ ਜਾਂਦਾ ਹੈ ਇਹ ਮਿੱਠੀ ਤੇ ਸੁਆਦੀ ਹੁੰਦੀ ਹੈ।

ਸਾਡੇ ਬਜੁਰਗਾਂ ਦਾ ਅਟੱਲ ਵਿਸ਼ਵਾਸ ਸੀ ਕਿ ਨਾਰੀਅਲ ਵਿਚ ਮਾਨਵ-ਪ੍ਰਭਾਵ ਤੇ ਸੰਪਰਕ ਸਾਂਤਣ ਦੀ ਵਿਲਖਣ ਤੇ ਅਦੂਤੀ ਸ਼ਕਤੀ ਹੈ। ਇਸ ਲਈ ਇਹ ਬਹੁਤ ਸਾਰੇ ਸ਼ਹਨਾਂ ਦਾ ਅੰਗ ਮੰਨਿਆ ਜਾਂਦਾ ਹੈ।

ਜਦ ਜੰਞ ਚੜ੍ਹਦੀ ਹੈ ਤਾਂ ਲਾੜੇ ਦੀ ਮਾਂ ਝੋਲੀ ਵਿਚ ਸਾਬਤ ਛਿਲ ਸਮੇਤ ਨਾਰੀਅਲ ਪਾਉਦੀ ਹੈ। ਮੁੰਡੇ ਦੇ ਸਹੁਰੀ ਇਹ ਨਾਰੀਅਲ ਸੁਹਾਗ ਪਟਾਰੀ ਜਾਂ ਸੁਹਾਗ ਪੁੜੇ ਵਿਚ ਲਾੜੀ ਨੂੰ ਭੇਜ ਦਿੱਤਾ ਜਾਂਦਾ ਹੈ। ਇਹ ਨਾਰੀਅਲ ਲਾੜੀ ਦੇ ਪੱਲੇ ਪਾਇਆ ਜਾਂਦਾ ਹੈ। ਸਵੇਰੇ ਲਾਵਾਂ ਮਗਰੋ ਇਹੋ ਨਾਰੀਅਲ ਲਾੜੀ ਦੀ ਮਾਂ ਮੁੰਡੇ ਦੀ ਝੋਲੀ ਮੁੜ ਪਾ ਦਿੰਦੀ ਹੈ। ਇਸ ਕਰਕੇ ਇਸ ਨੂੰ ਟਪਲਾ ਨਾਰੀਅਲ ਕਿਹਾ ਜਾਂਦਾ ਹੈ। ਮੰਨਿਆ ਜਾਂਦਾ ਹੈ ਇਹ ਨਾਰੀਅਲ ਲਾੜੀ ਨੂੰ ਲਾੜੇ ਦਾ ਸੁਨੇਹਾ ਲੈਕੇ ਲਾੜੀ ਨੂੰ ਵਿਆਹ ਕੇ ਲਿਆਉਦਾ ਹੈ। ਇਹ ਸ਼ਗਨਾਂ ਦਅ ਨਾਰੀਅਲ ਸਦਾ ਸਾਂਭਿਆ ਜਾਂਦਾ ਹੈ।

ਪਹਿਲੇ ਕਰਵਾ ਚੋਥ ਦੇ ਵਰਤ ਸਮੇ ਜਦ ਵਿਆਹੀ ਕੁੜੀ ਪੇਕੀ ਹੁੰਦੀ ਹੈ, ਤਾਂ ਸਰਗੀ ਨਾਲ ਸਹੁਰਿਆ ਵਲੋਂ ਲਾੜੀ ਲਈ ਨਾਰੀਅਲ ਆਉਦਾ ਹੈ। ਸਵੇਰੇ ਵੀ ਇਸ ਦੀ ਗਰੀ ਖਾਦੀ ਜਾਂਦੀ ਹੈ ਤੇ ਸ਼ਾਮ ਨੂੰ ਅਰਗ ਵੇਲੇ ਵੀ ਇਸ ਦੀ ਗਰੀ ਖਾਦੀ ਜਾਂਦੀ ਹੈ।

ਨਾਰੀਅਲ ਪਿਆਰ ਤੇ ਸੁਹਾਗ ਦਾ ਪ੍ਰਤੀਕ ਹੈ, ਇਸ ਲਈ ਸਬੂਤਾ ਜਾਂ ਇਸ ਦੀਆਂ ਠੂਠੀਆਂ ਬਣਾਕੇ ਲਾੜੀ ਲਈ ਕਲੀਰੇ ਬਣਾਏ ਜਾਂਦੇ ਹਨ। ਜਦ ਵੀ ਵਿਆਹੀ ਨੂੰਹ ਧੀ ਘਰ ਆਵੇ ਤਾਂ ਉਸ ਨੂੰ ਸ਼ਗਨ ਵਜੋ ਠੂਠੀ ਪਾਈ ਜਾਂਦੀ ਹੈ। ਠੂਠੀ ਵਿਚ ਰੁਪਿਆ, ਮੌਲੀ ਜਾਂ ਖੰਡ ਕੁਝ ਵੀ ਰਖਿਆ ਜਾ ਸਕਦਾ ਹੈ।

ਵਿਆਹ ਸਮੇ ਲਾੜੇ ਲਾੜੀ ਲਈ ਗਰੀ ਖਾਣੀ ਵੀ ਜ਼ਰੂਰੀ ਹੁੰਦੀ ਹੈ ਇਹ ਵੀ ਸ਼ਗਨ ਹੁੰਦਾ ਹੈ। ਠੂਠੀ ਦੀ ਗਰੀ ਗਰਮਾਈ ਪੈਦਾ ਕਰਦੀ ਹੈ। ਨਿਖਾਰ ਲਿਆਉਦੀ ਹੈ ਨਾਰੀਅਲ ਤੇ ਠੂਠੀ ਅਸਲ ਵਿਚ ਚਾਵਾਂ ਦੇ ਸੰਚਾਲਕ ਹਨ। ਸਰੀਸ ਅਰੋਗ ਕਰਦੇ ਹਨ।

ਕਿਸੇ ਮਹੂਰਤ ਵੇਲੇ ਵੀ ਨਾਰੀਅਲ ਭੰਨਿਆ ਜਾਂਦਾ ਹੈ। ਜਦ ਮਕਾਨ ਦੀ ਨੀਹ ਰੱਖੀ ਜਾਂਦੀ ਹੈ ਤਾਂ ਕੁੰਭ ਨਾਲ ਸਬੂਤਾ ਨਾਰੀਅਲ ਵੀ ਨੀਹ ਵਿਚ ਦਬਿਆ ਜਾਂਦਾ ਹੈ ਭਾਵ ਇਹ ਹੈ ਕਿ ਮਕਾਨ ਵਿਚ ਵਸਣ ਵਾਲਿਆ ਦਾ ਪਿਆਰ ਬਣਿਆ ਰਹੇ। ਅਖੰਡ ਪਾਠ ਸਮੇ ਵੀ ਕੁੰਭ ਉਤੇ ਨਾਰੀਅਲ ਰਖਿਆ ਜਾਂਦਾ ਹੈ। ਨਾਰੀਅਲ ਦਾ ਪਾਣੀ ਪੀਣਾ ਵੀ ਸ਼ੁਭ ਸ਼ਗਨ ਮੰਨਿਆ ਜਾਂਦਾ ਹੈ।

ਅਸਲ ਵਿਚ ਨਾਰੀਅਲ ਕੋਲ ਰਖਣਾ, ਨਾਰੀਅਲ ਖਾਣਾ, ਨਾਰੀਅਲ ਭੇਟ ਕਰਨ ਨਾਲ ਅੰਦਰ ਉਮਾਹ ਪੈਦਾ ਹੁੰਦਾ ਹੈ ਤੇ ਹਿਕਮਤ ਦੇ ਪੱਖ ਅਰੋਗਤਾ ਬਖਸ਼ਦਾ ਹੈ।

**ਸਾਬਤ ਮਾਂਹ** ਮਾਂਹ ਬਹੁਤ ਸ਼ਕਤੀ ਸ਼ਾਲੀ ਅਨਾਜ ਹੈ। ਉਤਮ ਦਾਲ ਹੈ। ਇਸ ਨੂੰ ਮਹਾਂ ਪ੍ਰਸਾਦ ਨਾਲੋਂ ਵੀ ਖੁਰਾਕ ਦੇ ਪੱਖ ਸ਼ਕਤੀਸ਼ਾਲੀ ਮੰਣਨਆ ਜਾਂਦਾ ਹੈ। ਮਹਾਂ ਦੀ ਇਸ ਸ਼ਕਤੀ ਕਾਰਨ ਖੁਸ਼ੀ ਦੇ ਸਮਾਗਮਾਂ ਵਿਚ ਭੋਜਨ ਤਿਆਰ ਕਰਨ ਸਮੇ ਮਾਂਹ ਵਰਤਣੇ ਬਹੁਤ ਸ਼ੁਭ ਸ਼ਗਨ ਮੰਨਿਆ ਜਾਂਦਾ ਹੈ। ਕਾਲੇ ਸਾਬਤ ਮਾਂਹ ਦੇ ਪ੍ਰਯੋਗ ਤੋ ਇਹ ਵੀ ਭਾਵ ਲਿਆ ਜਾਂਦਾ ਹੈ ਕਿ ਮਾਂਹ ਵਿਆਹ ਵਿਚ ਭਾਗ ਲੈਣ ਵਾਲਿਆ ਨੂੰ ਸ਼ਨਿਚਰ ਗ੍ਰਹਿ ਤੋ ਬਚਾਂਦੇ ਹਨ। ਵਿਆਹ ਭਾਵੇ ਕੁੜੀ ਦਾ ਹੋਵੇ ਭਾਵੇ ਮੁੰਡੇ ਦਾ ਹੋਵੇ ਗਿਆਰਾਂ ਦਿਨ ਪਹਿਲਾਂ ਮਾਂਹ ਭਿਉ ਦਾਂ ਸ਼ਗਨ ਕੀਤਾ ਜਾਂਦਾ ਹੈ। ਸੱਤ ਸੁਹਾਗਣਾਂ ਹਾਰ ਸਿੰਗਾਰ ਕਰਕੇ ਬੈਠ ਜਾਂਦੀਆ ਹਨ। ਵੀਓਰੀ ਕੋਰਾ ਮਟਕਾ ਲਿਆਉਦੀ ਹੈ। ਵੱਡੀ ਸੁਆਣੀ ਮਟਕੇ ਦੇ ਗਲਮੇ ਨਾਲ ਮੌਲੀ ਦਾ ਧਾਗਾ ਬੰਨਦੀ ਹੈ ਜਿਸ ਵਿਚ ਲੋਹੇ ਦਾ ਛਲਾ, ਕੋਡੀ ਤੇ ਪੰਜ ਚੋਲਾਂ ਦੇ ਦਾਣੇ ਹੁੰਦੇ ਹਨ। ਵੱਡੀ ਸੁਆਣੀ ਮਟਕੇ ਵਿਚ ਪਾਣੀ ਪਾਉਦੀ ਹੈ ਨੈਣ ਪਰਾਤ ਵਿਚ ਸਾਬਤ ਮਾਂਹ ਲਿਆਉਦੀ ਹੈ। ਫੇਰ ਸਾਰੀਆਂ ਇਕ ਇਕ ਬੁਕ ਸਾਬਤ ਮਾਹਾਂ ਦਾ ਮਟਕੇ ਵਿਚ ਪਾਉਦੀਆਂ ਹਨ। ਮੁੰਡੇ ਦਾ ਵਿਆਹ ਹੋਵੇ ਤਾਂ ਸੁਆਣੀਆਂ ਘੋੜੀਆਂ ਗਾਉਦੀਆਂ ਹਨ ਤੇ ਜੇ ਕੁੜੀ ਦਾ ਵਿਆਹ ਹੋਵੇ ਤਾਂ ਸੁਹਾਗ ਗਾਉਦੀਆਂ ਹਨ ਤੀਜੇ ਦਿਨ ਇਨ੍ਹਾਂ ਮਾਂਹਾਂ ਦੀ ਛਿਲ ਲਾਹ ਕੇ ਤੇ ਪੀਹ ਕੇ ਵੜੀਆਂ ਬਣਾ ਲਈਆਂ ਜਾਂਦੀਆਂ ਹਨ। ਮੁੰਡੇ ਵਾਲੇ ਇਹ ਵੜੀਆਂ ਬਰਾਦਰੀ ਨੂੰ ਰੋਟੀ ਕਰਨ ਸਮੇ ਵਰਤ ਲੈਂਦੇ ਹਨ ਤੇ ਕੁੜੀ ਵਾਲੇ ਵੜੀਆਂ ਦਾਜ ਦੀ ਵਲਟੋਹੀ ਵਿਚ ਪਾ ਦਿੰਦੇ ਹਨ।

ਹਰ ਸਮਾਗਮ ਵਿਚ ਜਦ ਸੰਗਤਾਂ ਨੂੰ ਰੋਟੀ ਖੁਆਈ ਜਾਂਦੀ ਹੈ ਸਾਬਤ ਮਾਂਹਾਂ ਦੀ ਦਾਲ ਬਣਾਉਣੀ ਬਹੁਤ ਹੀ ਉਤਮ ਸ਼ਗਨ ਮੰਨਿਆ ਜਾਂਦਾ ਹੈ। ਗੁਰੂ ਦੇ ਲੰਗਰ ਵਿਚ ਵੀ ਮਾਂਹ ਹੀ ਵਰਤੇ ਜਾਂਦੇ ਹਨ।

**ਚੋਲ:** ਚੋਲ ਸੁਆਦੀ ਭੋਜਨ ਵੀ ਹਨ ਤੇ ਮੰਤਰੇ ਵੀ ਜਾਂਦੇ ਹਨ। ਹਰ ਚੰਗੇ ਸਮਾਗਮ ਦੇ ਭੋਜਨ ਵਿਚ ਮਿੱਠੇ ਚੋਲ ਬਣਾਏ ਜਾਂਦੇ ਹਨ। ਜੇ ਜੁਆਈ ਭਾਈ ਆਵੇ ਤਾਂ ਵੀ ਉਸ ਲਈ ਮਿੱਠੇ ਚੋਲ ਬਣਾਏ ਜਾਂਦੇ ਹਨ।

ਸ਼ਗਨ ਦੇਣ ਸਮੇ ਠੂਠੀ ਵਿਚ ਚੋਲ ਵੀ ਪਾਏ ਜਾਂਦੇ ਹਨ। ਫੇਰਿਆਂ ਤੋ ਲਾੜੇ ਲਾੜੀ ਨੂੰ ਉਠਾਉਣ ਸਮੇ ਦੋਹਾਂ ਦੇ ਮੂੰਹ ਵਿਚ ਘਿਓ ਸ਼ੱਕਰ ਨਾਲ ਭਰੇ ਚੋਲ ਪਾਏ ਜਾਂਦੇ ਹਨ। ਬੇਟੀ ਦੇ ਵਿਆਹ ਵਿਚ ਚੋਲ ਵਰਤੇ ਜਾਂਦੇ

Sri Satguru Jagjit Singh Ji Elibrary NamdhariElibrary@gmail.com

# Matharu Mechanical Works

**Manufacture:**

**All Type of Agriculture Implements**

**Specialist in: Haramba**



Prop. MISTRY HARNEK SINGH MATHARU
S. DAVINDER SINGH MATHARU

**Baja Khana Road, Opp. Petrol Pump,**
**BHAGTA BHAI-151206**

# Basant ®




**Manufacturers of :**

WHEAT THRESHERS,
SEED DRILLS,
POTATO PLANTER,
POTATO DIGGER,
MAIZE SHELERS & ALL KINDS
OF AGRICULTURAL IMPLIMENTS




Phone : 2067

# DROLI INDUSTRIES

**Near Dhaliwal Hospital, Majestic Road,**
**Moga-142001 (punjab)**




Sri Satguru Jagjit Singh Ji Elibrary NamdhariElibrary@gmail.com

ਹਨ । ਮੰਦਰਾਂ ਵਿਚ ਚੋਲਾਂ ਦੀਆਂ ਢੂਲੀਆਂ ਵਰਤਾਈਆਂ ਜਾਂਦੀਆਂ ਹਨ । ਕਈ ਵਾਰੀ ਵਿਆਹ ਦੇ ਦੂਜੇ ਦਿਨ ਲਾੜਾ ਤੇ ਲਾੜੀ ਨੂੰ ਕੰਧ ਨਾਲ ਬਿਠਾ ਲਿਆ ਜਾਂਦਾ ਹੈ । ਫੇਰ ਚੌਲ ਪੀਹ ਕੇ ਲੇਪ ਬਣਾਈ ਜਾਂਦੀ ਹੈ ਇਸ ਨੂੰ ਹੱਥਾਂ ਨਾਲ ਲਾਕੇ ਪਿਛਲੀ ਕੰਧ ਤੇ ਪੰਜੇ ਲਾ ਦਿੱਤੇ ਜਾਂਦੇ ਹਨ । ਧਾਰਨਾ ਇਹ ਹੈ ਕਿ ਇਹ ਪਿਤਰਾਂ ਦੇ ਪੰਜੇ ਹਨ ਤੇ ਪਿਤਰ ਜੋੜੀ ਦੀ ਸੁਰੱਖਿਆ ਕਰਨਗੇ ਨਵੇ ਜੰਮੇ ਬੱਚੇ ਦੀ ਰਖ ਲਈ ਉਸ ਦੇ ਗਲ ਵਿਚ ਟਲੀ ਵਿਚ ਪਾਕੇ ਚੌਲ ਬੰਨ੍ਹੇ ਜਾਂਦੇ ਹਨ । ਚੌਲਾਂ ਨਾਲ ਪੂਜਾ ਕੀਤੀ ਜਾਂਦੀ ਹੈ । ਕਈ ਸੰਤ ਚੌਲ ਮੱਥੇ ਤੇ ਲਾਉਂਦੇ ਹਨ । ਚੌਲ ਮੰਤਰੇ ਵੀ ਜਾਂਦੇ ਹਨ ।

**ਛੁਹਾਰਾ** ਛੁਹਾਰਾ ਅਸਲ ਵਿਚ ਪੱਕੀ ਹੋਈ ਸੁੱਕੀ ਖਜੂਰ ਹੁੰਦੀ ਹੈ । ਇਹ ਬਹੁਤ ਗਰਮ ਤੇ ਸ਼ਕਤੀ ਸ਼ਾਲੀ ਫਲ ਹੈ । ਇਸ ਦੀ ਮਿਠਾਸ ਬੀਰਜ ਪੈਦਾ ਕਰਦੀ ਹੈ । ਇਹ ਫਲ ਇਰਾਨ ਵਿਚੋਂ ਆਇਆ ਹੈ ।

ਵਿਆਹ ਸ਼ਾਦੀ ਵਿਚ ਇਸ ਨਾਲ ਬਹੁਤ ਸ਼ਗਨ ਸੰਬੰਧਤ ਹਨ । ਕੁੜਮਾਈ ਸਮੇਂ ਕੁੜੀ ਵਾਲੇ ਮੁੰਡੇ ਦੇ ਮੂੰਹ ਵਿਚ ਛੁਹਾਰਾ ਪਾਉਂਦੇ ਹਨ । ਛੁਹਾਰਾ ਪੈਣ ਨੂੰ ਕੁੜਮਾਈ ਕਿਹਾ ਜਾਂਦਾ ਹੈ । ਕੁੜਮਾਈ ਨੂੰ ਸ਼ਗਨ ਪੈਣਾ ਜਾਂ ਸ਼ਗਨ ਲਗਣਾ ਕਿਹਾ ਜਾਂਦਾ ਹੈ । ਕੁੜੀ ਵਾਲੇ ਥਾਲ ਵਿਚ ਇਕ ਨਾਰੀਅਲ ਪੰਜ ਛੁਹਾਰੇ ਤੇ ਹੋਰ ਕਈ ਕੁਝ ਲਿਆਉਂਦੇ ਹਨ । ਕੁੜੀ ਵਾਲਿਆਂ ਵਲੋਂ ਇਕ ਜਣਾ ਮੁੰਡੇ ਦੇ ਮੱਥੇ ਤੇ ਕੇਸਰ ਦਾ ਤਿਲਕ ਲਾਉਂਦਾ ਹੈ ਤੇ ਮੂੰਹ ਵਿਚ ਛੁਹਾਰਾ ਪਾਉਂਦਾ ਹੈ । ਆਏ ਰਿਸ਼ਤੇਦਾਰ ਮੁੰਡੇ ਦੇ ਪਲੇ ਵਿਚ ਸ਼ਗਨ ਪਾਉਂਦੇ ਹਨ । ਰੁਪਏ ਦਿੰਦੇ ਹਨ ਵਾਰਨੇ ਕਰਦੇ ਹਨ ।

ਅਜ ਕਲ ਸ਼ਗਨ ਤਾਵ ਕੁੜਮਾਈ (ਇਹ ਰੀਤ ਵਿਆਹ ਤੋਂ ਇਕ ਦਿਨ ਪਹਿਲਾਂ ਕੀਤੀ ਜਾਂਦੀ ਹੈ) ਸਮੇਂ ਕੁੜੀ ਵਾਲੇ ਮਿੱਠਾਈ ਦੇ ਡਬੇ, ਫਲਾਂ ਦਾ ਟੋਕਰਾ ਜਿਸ ਉਤੇ ਲਾਲ ਕਾਗਜ਼ ਲਪੇਟਿਆ ਹੋਇਆ ਹੁੰਦਾ ਹੈ, ਮੁੰਡੇ ਲਈ ਸੋਨੇ ਦੀ ਛਾਪ ਆਦਿ ਬਹੁਤ ਕੁਝ ਲਿਆਉਂਦੇ ਹਨ । ਸਾਡੇ ਜੁਗ ਵਿਚ ਕੁੜੀ ਵਾਲੇ ਮੁੰਡੇ ਨੂੰ ਇਕ ਰੁਪਿਆ ਦਿਤਾ ਜਾਂਦਾ ਸੀ ਛੁਹਾਰੇ ਦੀ ਥਾਂ ਗੁੜ ਦੀ ਰੋੜੀ ਪਲੇ ਪਾਈ ਜਾਂਦੀ ਸੀ ।

**ਚੁੰਨੀ ਚੜਾਉਣੀ** ਜਦ ਕੁੜੀ ਵਾਲੇ ਮੁੰਡੇ ਨੂੰ ਛੁਹਾਰਾ ਦੇ ਜਾਂਦੇ ਹਨ ਤਾਂ ਮੁੰਡੇ ਦੀਆਂ ਮਾਸੀਆਂ ਚਾਚੀਆਂ ਭਰਜਾਈਆਂ ਕੁੜੀ ਲਈ ਲਾਲ ਸੂਟ, ਲਾਲ ਚੁਨੀ ਇਕ ਗਹਿਣਾ, ਛੁਹਾਰੇ ਤੇ ਲਾਲ ਪਰਾਂਦਾ ਲੈਕੇ ਜਾਂਦੀਆਂ ਹਨ । ਕੁੜੀ ਦੇ ਨਵਾਂ ਲਾਲ ਲਿਆਂਦਾ ਸੂਟ ਦੇ ਕੇ ਲਾਲ ਪਰਾਂਦਾ ਪਾਕੇ ਲਾਲ ਚੁੰਨੀ ਦਿੰਦੀਆਂ ਹਨ ਤੇ ਮੂੰਹ ਨੂੰ ਛੁਹਾਰਾ ਲਾਉਂਦੀਆਂ ਹਨ ।

**ਵਾਰਨੇ ਕਰਨ** ਜਦ ਵਿਆਹ ਸਮੇ ਮੁੰਡਾ ਜੰਜ ਚੜਦਾ ਹੈ ਤਾਂ ਰਿਸ਼ਤੇਦਾਰ ਮੁੰਡੇ ਨੂੰ ਪੈਸੇ ਵੀ ਦਿੰਦੇ ਹਨ ਤੇ ਉਸ ਦੇ ਉਤੋਂ ਦੀ ਰੁਪਏ ਵਾਰ ਕੇ ਲਾਗੀ ਨੂੰ ਦਿੰਦੇ ਹਨ । ਫੇਰਿਆਂ ਮਗਰੋਂ ਵੀ ਵਾਰਨੇ ਕੀਤੇ ਜਾਂਦੇ ਹਨ ਤੇ ਸ਼ਗਨ ਵੇਲੇ ਵੀ ਵਾਰਨੇ ਕੀਤੇ ਜਾਂਦੇ ਹਨ । ਵਾਰਨੇ ਸਮੇਂ ਮੁੰਡੇ ਵਾਲੇ ਰੁਪਏ ਵਾਰ ਕੇ ਕੁੜੀ ਵਾਲਿਆਂ ਦੇ ਲਾਗੀ ਨੂੰ ਦਿੰਦੇ ਹਨ ਤੇ ਕੁੜੀ ਦੇ ਰਿਸ਼ਤੇਦਾਰ ਰੁਪਏ ਵਾਰ ਕੇ ਮੁੰਡੇ ਦੇ ਨਾਲ ਆਏ ਲਾਗੀ ਨੂੰ ਦਿੰਦੇ ਹਨ ।

ਸ਼ਗਨ ਪਾਉਣ ਸਮੇਂ ਵਾਰਨਾ ਕਰਨਾ ਬਹੁਤ ਜ਼ਰੂਰੀ ਸ਼ਗਨ ਹੈ ।

**ਸ਼ਗਨ ਵਿਚ ਇਕ ਰੁਪਏ ਦੀ ਮਹੱਤਤਾ :**

ਜਦ ਸ਼ਗਨ ਵਿਚ ਰੁਪਏ ਦਿੱਤੇ ਜਾਂਦੇ ਹਨ ਤਾਂ ਇਕ, ਗਿਆਰਾ, ਇਕੀ, ਇਕਤੀ, ਇਕਵੰਜਾ ਤੇ ਇਕੱਤਰ ਸੌ ਦਿੱਤਾ ਜਾਂਦਾ ਹੈ । ਦਸ, ਵੀਹ, ਤੀਹ, ਪੰਜਾਹ ਤੇ ਸੌ ਰੁਪਏ ਦੇਣ ਨੂੰ ਅਪਸ਼ਗਨ ਮੰਨਿਆ ਜਾਂਦਾ ਹੈ । ਸ਼ਗਨ ਵਿਚ ਇਕ ਰੁਪਿਆ ਰਲਾਉਣ ਦਾ ਰਿਵਾਜ ਕੇਵਲ ਪੰਜਾਬੀ ਸਭਿਆਚਾਰ ਵਿਚ ਹੀ ਹੈ । ਇਹ ਦ੍ਰਿਸ਼ਟੀ ਕੋਣ ਆਰੀਆ ਆਪਣੇ ਨਾਲ ਲਿਆਏ ਸਨ ।

ਇਕ ਪਰਮਾਤਮਾ ਦਾ ਪ੍ਰਤੀਕ ਹੈ, ਜੇ ਸ਼ਗਨ ਵਿਚ ਇਕ ਰੁਪਿਆ ਰਲਾਇਆ ਜਾਵੇ ਤਾਂ ਪਰਮਾਤਮਾ ਜਿਸ ਨੂੰ ਸ਼ਗਨ ਪਾਇਆ ਗਿਆ ਹੈ ਉਸ ਦੀ ਰਾਖੀ ਕਰੇਗਾ ।

ਇਕ ਵਿਚ ਅਨੇਕ ਬਣਨ ਦੀ ਸਮਰਥਾ ਹੈ । ਇਕ ਆਰੰਭ ਤੇ ਵਿਕਾਸ ਦਾ ਸੰਕੇਤ ਹੈ ਜਿਸ ਨੂੰ ਸ਼ਗਨ ਪਾਇਆ ਜਾਵੇਗਾ ਉਹ ਹਰ ਖੇਤਰ ਵਿਚ ਵਿਕਾਸ ਕਰੇਗਾ ਜੇ ਸ਼ਗਨ ਦੀ ਰਕਮ ਵਿਚ ਸੱਜੇ ਪਾਸੇ ਬਿੰਦੀ ਹੋਵੇਗੀ ਭਾਵ ਧੀਰੋ ਹੋਵੇਗਾ ਤਾਂ ਇਹ ਅਪਸ਼ਗਨ ਹੈ । ਧੀਰੋ ਖਤਮ ਹੋਣ ਦਾ ਚਿੰਨ ਹੈ । ਅੰਤ ਹੋਣ ਦਾ ਚਿੰਨ੍ਹ ਹੈ । ਕਿਸੇ ਦੇ ਤਬਾਹ ਹੋਣ ਦਾ ਚਿੰਨ੍ਹ ਹੈ ਇਸ ਲਈ ਸ਼ਗਨ ਵਿਚ ਦਸ, ਵੀਹ ਆਦਿ ਨਹੀ ਦਿੱਤੇ ਜਾਂਦੇ ।

ਕਈਆਂ ਦਾ ਇਹ ਮੱਤ ਹੈ ਕਿ ਜੇ ਸ਼ਗਨ ਦੀ ਰਕਮ ਵਿਚ ਸਜੇ ਪਾਸੇ ਇਕ ਹੋਵੇਗਾ ਤਾਂ ਇਹ ਸਮਝਿਆ ਜਾਵੇਗਾ ਕਿ ਸ਼ਗਨ ਪਾਉਣ ਵਾਲੇ ਨੇ ਇਕ ਰੱਬ ਨੂੰ ਧਿਆ ਕੇ ਅਰਦਾਸ ਕੀਤੀ ਹੈ ਕਿ ਜਿਸ ਨੂੰ ਸ਼ਗਨ ਪਾਇਆ ਗਿਆ ਹੈ ਉਹ ਚਰੰਜੀਵ ਰਹੇ ।

ਸੌ ਸ਼ਗਨ ਵਿਚ ਇਕ ਰੁਪਿਆ ਰਲਾਉਣਾ ਜਿਸ ਨੂੰ ਸ਼ਗਨ ਪਾਇਆ ਗਿਆ ਹੈ ਉਸ ਦੀ ਸੁਖ ਮੰਗਣਾ ਹੈ ਉਸ ਦੇ ਵਾਧੇ ਲਈ ਅਰਦਾਸ ਕਰਨਾ ਹੈ । ਉਸ ਦੇ ਲਈ ਅਸੀਸਾ ਦੇਣਾ ਹੈ ।

**ਸੁਗੰਧੀਆਂ ਤੇ ਸ਼ਗਨ** ਮਨੁੱਖ ਆਦਿ ਕਾਲ ਤੋਂ ਸੁਗੰਧੀਆਂ ਦਾ ਆਸ਼ਕ ਹੈ ਕਿਉਂਕਿ ਮਨੁੱਖੀ ਸਰੀਰ ਵਿਚੋਂ ਸਦਾ ਗੰਦੀਆਂ ਹਵਾੜਾਂ ਨਿਕਲਦੀਆਂ ਰਹਿੰਦੀਆਂ ਹਨ ਤੇ ਸੁਗੰਧੀਆਂ ਮਨੁੱਖ ਨੂੰ ਇਨ੍ਹਾਂ ਤੋਂ ਮੁਕਤ ਕਰਦੀਆਂ ਹਨ । ਸੁਗੰਧੀ ਮਨੁੱਖੀ ਸਵਾਸਾਂ ਨੂੰ ਪਵਿੱਤਰ ਕਰਦੀ ਹੈ । ਸਵਾਸਾਂ ਦੀ ਸ਼ੁਧੀ ਕਰਕੇ ਲਹੂ ਗੇੜ ਨੂੰ ਇਕ ਸਾਰ ਕਰਦੀ ਹੈ । ਲਹੂ ਵਿਚ ਚਮਕ ਲਿਆਉਂਦੀ ਹੈ । ਮਨ ਵਿਚ ਉਮਾਹ ਪੈਦਾ ਕਰਦੀ ਹੈ ਬੀਰਜ ਨੂੰ ਸ਼ਕਤੀ ਬਖਸ਼ਦੀ ਹੈ । ਬਦਬੂਆਂ ਤੋਂ ਹੀ ਮੁਕਤ ਨਹੀ ਕਰਦੀ ਸਗੋਂ ਬਦ-ਰੂਹਾਂ ਤੋਂ ਸੁਰਖਿਅਤ ਕਰਦੀ ਹੈ । ਮਨੁੱਖੀ ਜਜ਼ਬਿਆਂ ਨੂੰ ਸਮਤੁਲਨ ਕਰਦੀ ਹੈ । ਸੁਗੰਧੀਆਂ ਲਹੂ ਦਬਾਅ ਠੀਕ ਕਰਨ ਵਿਚ ਵੀ ਸਹਾਈ ਹੁੰਦੀਆਂ ਹਨ । ਸੁਗੰਧੀਆਂ ਦੇ ਇਨ੍ਹਾਂ ਗੁੰਣਾਂ ਕਰਕੇ ਸ਼ੁਭ ਕਾਰਜਾਂ ਵਿਚ ਸੁਗੰਧੀਆਂ ਵਰਤਨਾ ਬਹੁਤ ਵੱਡਾ ਸ਼ਗਨ ਹੈ ।

ਲਾੜਾ ਤੇ ਲਾੜੀ ਨੂੰ ਸ਼ਿੰਗਾਰਨ ਸਮੇ ਸੁਗੰਧੀਆਂ ਦਾ ਪ੍ਰਯੋਗ ਕਰਨਾ ਸ਼ਗਨ ਹੈ । ਵਟਣੇ ਵਿਚ ਸੁਗੰਧੀ ਹੁੰਦੀ ਹੈ । ਛੁਹਾਰਾ ਲਾਉਣ ਸਮੇ ਮੁੰਡੇ ਦੇ ਕੇਸਰ ਦਾ ਟਿਕਾ ਲਾਇਆ ਜਾਂਦਾ ਹੈ । ਸੁਹਾਗ ਪਟਾਰੀ ਵਿਚ ਸੁਗੰਧੀਆਂ ਭੇਜੀਆਂ ਜਾਂਦੀਆਂ ਹਨ ।

ਸ਼ਗਨ ਲਗਣ ਸਮੇ ਸਾਰੇ ਰਿਸ਼ਤੇਦਾਰਾਂ ਤੇ ਕੇਸਰ ਛਿੜਕਿਆ ਜਾਂਦਾ ਹੈ ।

ਵਿਆਹ ਸਮੇ ਜਾਂਞੀਆਂ ਉਤੇ ਕਿਉੜਾ ਛਿੜਕਨਾ ਸ਼ਗਨ ਹੈ । ਜਾਂਞੀ ਆਮ ਵਿਆਹ ਸਮੇ ਅਤਰ ਲਾ ਕੇ ਆਇਆ ਕਰਦੇ ਹਨ ।

ਵਿਆਹ ਸਮੇ ਜੋ ਭੋਜਨ ਤਿਆਰ ਕੀਤਾ ਜਾਂਦਾ ਹੈ ਉਸ ਵਿਚ ਸੁਗੰਧੀਆਂ ਪਾਉਣਾ ਸ਼ਗਨ ਹੈ । ਵਿਆਹ ਵਿਚ ਮਹਿਕਦੀ ਬਾਸਮਤੀ ਵਰਤੀ ਜਾਂਦੀ ਹੈ ।

ਚੰਦਨ ਵਟਣੇ ਵਿਚ ਵਰਤਿਆ ਜਾਂਦਾ ਹੈ । ਮੱਥੇ ਤੇ ਚੰਦਨ ਦਾ ਲੇਪ ਕੀਤਾ ਜਾਂਦਾ ਹੈ ਕਿਉਂਕਿ ਇਹ ਲਹੂ ਦਬਾਅ ਠੀਕ ਕਰਦਾ ਹੈ ।

ਸੰਦਲ ਦਾ ਪ੍ਰਯੋਗ ਵੀ ਬਹੁਤ ਉੱਤਮ ਮੰਨਿਆ ਜਾਂਦਾ ਹੈ । ਵਿਆਹ ਸਮੇ ਜਿਥੇ ਦੀ ਜੰਞ ਨੇ ਲੰਘਣਾ ਹੁੰਦਾ ਹੈ ਉਥੇ ਸੰਦਲ ਦੇ ਬੂਰੇ ਨਾਲ ਫੁੱਲ ਬਣਾਏ ਜਾਂਦੇ ਹਨ ।

ਕੇਸਰ ਬਹੁਤ ਸ਼ਕਤੀ ਸ਼ਾਲੀ ਪਦਾਰਥ ਹੈ । ਇਸ ਦਾ ਰੰਗ ਮਨੁੱਖ ਦੇ ਅੰਦਰ ਅਨੋਖਾ ਜੋਸ਼ ਤੇ ਉਮਾਹ ਪੈਦਾ ਕਰਦਾ ਹੈ । ਖੂਨ ਵਿਚ ਬੀਰਤਾ ਪੈਦਾ ਕਰਦਾ ਹੈ । ਕੇਸਰ ਲਾੜੇ ਨੂੰ ਚੜ੍ਹਦੀਆਂ ਕਲਾ ਵਿਚ ਰਖਦਾ ਹੈ ।

ਕਿਸੇ ਉਦਘਾਟਨ ਸਮੇ ਆਏ ਲੋਕਾਂ ਤੇ ਕੇਸਰ ਛਿੜਕਿਆ ਜਾਂਦਾ ਹੈ । ਕਿਉਂਕਿ ਇਹ ਕਈ ਬੀਮਾਰੀਆਂ ਦੂਰ ਕਰਕੇ ਅਨੋਖਾ ਉਦੱਮ ਵਰਤਦਾ ਹੈ ।

ਸੰਦੂਰ ਦਾ ਲਾਲ ਰੰਗ ਇਸਤ੍ਰੀ ਦੇ ਭਾਵਾਂ ਨੂੰ ਖਾਸ ਢੰਗ ਨਾਲ ਉਤੇਜਿਤ ਕਰਦਾ ਹੈ । ਇਹ ਖੁਸ਼ੀਆਂ ਦਾ ਭੰਡਾਰ ਤੇ ਕਲਿਆਨ ਕਾਰੀ ਮੰਨਿਆ ਜਾਂਦਾ ਹੈ । ਮੁਟਿਆਰਾਂ ਦੀ ਮਾਂਗ ਦਾ ਸੰਧੂਰ ਉਨ੍ਹਾਂ ਨੂੰ ਭੈੜੀਆਂ ਰੂਹਾਂ ਤੇ ਭੈੜੀਆਂ ਨਜ਼ਰਾਂ ਤੋਂ ਬਚਾਂਦਾ ਹੈ । ਇਸ ਲਈ ਵਿਆਹ ਤੋਂ ਮਗਰੋ ਜਦ ਪਤੀ ਪਤਨੀ ਦੇ ਗਲ ਮੰਗਲ ਸੂਰਤ ਪਾਉਂਦਾ ਹੈ ਤਾਂ ਉਸ ਦੀ ਮਾਂਗ ਸੰਧੂਰ ਨਾਲ ਭਰਦਾ ਹੈ ।

ਸੰਧੂਰ ਸੁਹਾਗ ਦੀ ਨਿਸ਼ਾਨੀ ਹੈ ਇਸ ਲਈ ਲਾੜੀ ਨੂੰ ਸੁਹਾਗ ਪਟਾਰੀ ਵਿਚ ਆਉਂਦਾ ਹੈ । ਸੰਧੂਰ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਨੂੰ ਸਿੰਗਾਰਨ ਲਈ ਵੀ ਵਰਤਿਆ ਜਾਂਦਾ ਹੈ । ਅਸਲ ਵਿਚ ਸੰਧੂਰ ਸੁਹਾਗ ਦੀ ਸੁਰੱਖਿਆ ਹੈ ।

**ਵੰਡਣ ਦਾ ਸ਼ਗਨ** ਪੰਜਾਬੀ ਸਭਿਆਚਾਰ ਵਿਚ ਚੀਜ਼ ਵੰਡਣਾ ਉਤਮ ਸ਼ਗਨ ਹੈ । ਵਿਆਹ ਤੋਂ ਪਹਿਲਾਂ ਜਦ ਕੜਾਹਾ ਧਰਿਆ ਜਾਂਦਾ ਤਾਂ ਉਸ ਦਾ ਪਹਿਲਾ ਪੂਰ ਵਿਆਹਦੜ ਦੇ ਪਲੇ ਪਾਇਆ ਜਾਂਦਾ ਹੈ । ਉਹ ਸਾਰੇ ਕੁਆਰੇ ਮੁੰਡਿਆਂ ਨੂੰ ਗੋਗਲੇ ਵੰਡਦਾ ਹੈ । ਇਉ ਲਾੜੀ ਪਹਿਲੇ ਪੂਰ ਦੇ ਗੋਗਲੇ ਕੁਆਰੀਆਂ ਕੁੜੀਆਂ ਵਿਚ ਵੰਡਦੀ ਹੈ । ਵਿਆਹੀ ਕੁੜੀ ਦੇ ਪੇਕਿਓ ਜੋ ਵੀ ਆਉਂਦਾ ਹੈ ਭਾਈਚਾਰੇ ਵਿਚ ਵੰਡਿਆ ਜਾਂਦਾ ਹੈ । ਮੁੰਡਾ ਜੰਮਣ ਤੇ ਲੋਹੜੀ ਨੂੰ ਗੁੜ ਵੰਡਿਆ ਜਾਂਦਾ ਹੈ ਭਾਵ ਹਰ ਚੀਜ ਵੰਡ ਕੇ ਖਾਣਾ ਸ਼ਗਨ ਹੈ ਕੁੜੀ ਦੇ ਵਿਆਹ ਵਿਚ ਦੁਧ ਆਦਿ ਚੀਜ਼ਾਂ ਦੇਣਾ ਸ਼ਗਨ ਹੈ ।

ਇਉ ਪੰਜਾਬੀ ਸਭਿਆਚਾਰ ਦੀਆਂ ਸਾਰੀਆਂ ਰਹੁ ਰੀਤਾਂ ਦੇ ਸਾਰੇ ਸ਼ਗਨ ਅਸਲ ਵਿਚ ਮਨੁੱਖ ਨੂੰ ਹਰ ਪੱਖੋਂ ਸੰਪੂਰਨ ਬਣਾ ਕੇ ਅਰੋਗ ਕਰਨਾ ਹੈ ਰਾਂਗਲਾ ਖੁਸ਼ੀਆਂ ਭਰਿਆ ਜੀਵਨ ਜੀਉਣ ਲਈ ਸੁਹਾਵਣਾ ਸਮਾਂ ਸਿਰਜਣਾ ਹੈ ।



Sri Satguru Jagjit Singh Ji Elibrary NamdhariElibrary@gmail.com

☎ Off.5640
Resi. 5630

# AMAN AGRICULTURE WORKS

Manufacturers :-

**All Type of Agricultue Implements**

ਥਰੈਸ਼ਰ, ਟਾਇਰਾਂ ਵਾਲੇ ਕਰਾਹ, ਟਰਾਲੀ, ਹਲ ਬਜਾਈ ਮਸ਼ੀਨ,
ਟਰੈਕਟਰ ਵਾਲੀ ਆਟਾ ਚੱਕੀ ਆਦਿ






Prop. GURMAIL SINGH DHANJAL

**Baja Khana Road, BHAGTA BHAI KA-151206**

---

☎ Off: 5660
Resi: 5661

# DASHMESH AGRICULTURE WORKS

Manufactures of :-

**All Type Of Agriculture Impliments**

Specialist In:

**HARAMBA THRASHERS**




Prop. S. BAKSHISH SINGH

**BHAGTA BHAI KA-151206**


Sri Satguru Jagjit Singh Ji Elibrary NamdhariElibrary@gmail.com

## ਅਭੁੱਲ ਯਾਦਾਂ:-

# ਸਤਿਗੁਰੂ ਜਗਜੀਤ ਸਿੰਘ ਜੀ

-ਡਾ: ਜੋਗਿੰਦਰ ਬਾਵਰਾ

ਨਾਮਧਾਰੀ ਪਰਮਪਰਾ ਦੇ ਬਾਨੀ ਸਤਿਗੁਰੂ ਰਾਮ ਸਿੰਘ ਜੀ ਭਾਰਤ ਦੀ ਸੁਤੰਤਰਤਾ ਦੇ ਘੋਲ ਵਿੱਚ ਸ਼ਾਮਿਲ ਹੋਣ ਵਾਲੇ ਪਹਿਲੀ ਕਤਾਰ ਦੇ ਮੁਢਲੇ ਅਖਰ ਹਨ। ਹਜ਼ਾਰਾਂ ਦੀ ਗਿਣਤੀ ਵਿੱਚ ਇਹਨਾਂ ਦੇ ਪੈਰੋਕਾਰ ਘਰਬਾਰ ਤਿਆਗ ਸੁਖ, ਆਰਾਮ ਛੱਡ ਦਿਨ ਰਾਤ ਆਪਣੇ ਗੁਰੂ ਦੇ ਬਚਨਾਂ ਦੀ ਪਾਲਨਾ ਕਰਦੇ ਹੋਏ ਅੰਗ੍ਰੇਜ਼ਾਂ ਦੇ ਵਿਰੁੱਧ ਸੰਘਰਸ਼ ਕਰਦੇ ਹੋਏ ਸ਼ਹੀਦ ਹੋਏ। ਸਾਦਾ ਜੀਵਨ, ਨਾਮ ਸਿਮਰਨ, ਕੀਰਤਨ, ਕਿਰਤ ਕਰਨ ਦਾ ਉਪਦੇਸ਼ ਉਹਨਾਂ ਦੇ ਮੁਖ ਉਦੇਸ਼ ਸਨ। ਗੁਰੂ ਪ੍ਰਤਾਪ ਸਿੰਘ ਜੀ ਨੇ ਇਸੇ ਪ੍ਰਮਪਰਾ ਨੂੰ ਅਗੇ ਤੋਰਿਆ। ਢੋਲਕੀ, ਛੈਣੇ, ਚਿਮਟਾ, ਖੜਤਾਲ ਨਾਲ ਕੀਰਤਨ ਕਰਨ ਦੇ ਨਾਲ ਨਾਲ ਰਾਗ ਗਾਇਨ ਨੂੰ ਵੀ ਅਪਨਾਇਆ।

ਰਾਗਾਂ ਵਿਚ ਗੁਰਬਾਣੀ ਕੀਰਤਨ ਕਰਨ ਦੀ ਪਰਮਪਰਾ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਕਾਲ ਤੋਂ ਹੀ ਚਲੀ ਆ ਰਹੀ ਸੀ। ਭਾਈ ਮਰਦਾਨਾ ਸਭ ਤੋਂ ਪਹਿਲਾ ਕੀਰਤਨੀਆ ਸੀ, ਜਿਸ ਨੂੰ ਗੁਰੂ ਨਾਨਕ ਦੇਵ ਜੀ ਦੇ ਨਾਲ 45 ਸਾਲ ਜੀਵਨ ਬਿਤਾਉਣ ਦਾ ਅਵਸਰ ਮਿਲਿਆ। ਸਤਿਗੁਰੂ ਪ੍ਰਤਾਪ ਸਿੰਘ ਜੀ ਦਿਲਰੁਬਾ ਦੇ ਨਾਲ ਕੀਰਤਨ ਕਰਦੇ ਸਨ। ਚੰਗੇ ਚੰਗੇ ਸੰਗੀਤਕਾਰਾਂ ਪਾਸੋਂ ਸ਼ਬਦ ਰੀਤਾਂ ਸਿਖੀਆਂ ਤੇ ਆਪਣੇ ਬਚਿਆਂ ਨੂੰ ਵੀ ਸਿਖਾਈਆਂ। ਕਈ ਪ੍ਰਸਿਧ ਖਿਆਲ ਗਾਇਕ ਗੁਰੂ ਜੀ ਨੂੰ ਆਪਣੇ ਸੰਗੀਤ ਸੁਨਾਉਣ ਵਿੱਚ ਆਪਣਾ ਗੌਰਵ ਮਹਿਸੂਸ ਕਰਦੇ ਸਨ।

ਮੈ ਸਤਿਗੁਰੂ ਜਗਜੀਤ ਸਿੰਘ ਜੀ ਦਾ ਨਾਮ ਸੁਣਿਆ ਕਰਦਾ ਸੀ, ਪਰ ਪ੍ਰਤਖ ਦਰਸ਼ਨ ਕਰਨ ਦਾ ਮੌਕਾ ਤਾਂ ਮਾਰਚ 1967 ਵਿੱਚ ਪ੍ਰਾਪਤ ਹੋਇਆ। ਉਹ ਵੀ ਦਿੱਲੀ ਵਿੱਚ ਇਕ ਸੰਗੀਤ ਕਾਨਫਰੰਸ ਦੇ ਮੌਕੇ ਉਤੇ। ਇਸ ਤੋਂ ਪਹਿਲਾਂ ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ 1962 ਵਿੱਚ ਮੈ ਅਤੇ ਜਗਜੀਤ ਸਿੰਘ (ਗਜ਼ਲ ਗਾਇਕ) ਉਟਾਕਮਾਂਡ, ਮਦਰਾਸ ਸੰਗੀਤ ਪ੍ਰੋਗਰਾਮ ਦੇਣ ਲਈ ਗਏ ਸੀ। ਮੈ ਸਿਤਾਰ ਦਾ ਪ੍ਰੋਗਰਾਮ ਦੇਣਾ ਸੀ ਅਤੇ ਉਸ ਨੇ ਗਜ਼ਲਾਂ ਦਾ। ਅਸੀਂ ਸਵੇਰੇ ਦਿਲੀ ਪੁਜੇ। ਦਿੱਲੀ ਤੋ ਜੀ:ਟੀ:ਐਕਸਪ੍ਰੈਸ ਗੱਡੀ ਸ਼ਾਮ ਨੂੰ ਚਲਨੀ ਸੀ। ਸਾਡੇ ਪਾਸ ਕਾਫ਼ੀ ਸਮਾਂ ਸੀ। ਪਹਿਲਾਂ ਅਸੀ ਦੋਵੇ ਗੰਧਰਵ ਮਹਾਂਵਿਦਿਆਲਿਆ ਗਏ ਅਤੇ ਉਸਤਾਦ ਜਮਾਲਉ-ਦੀਨ ਖਾਂ ਨੂੰ ਮਿਲੇ, ਕਿਉਂਕਿ ਮੈਂ ਉਹਨਾਂ ਤੋ ਸਿਤਾਰ ਸਿਖਣਾ ਚਾਹੁੰਦਾ ਸੀ। ਦੁਪਹਿਰ ਵੇਲੇ ਉਹ ਮੈਨੂੰ ਲੈ ਕੇ ਦਿੱਲੀ ਦੀ ਕਿਸੇ ਕਾਲੋਨੀ ਵਿੱਚ ਆਪਣੀ ਭੈਣ ਦੇ ਘਰ ਚਲਾ ਗਿਆ। ਜਗਜੀਤ ਸਿੰਘ ਦਾ ਮੇਰੇ ਨਾਲ ਗੂੜਾ ਪਿਆਰ ਸੀ। ਕਿਉਂਕਿ ਉਹ ਮੇਰਾ ਗੁਰੂ ਭਾਈ ਹੋਣ ਤੋ ਇਲਾਵਾ ਡੀ:ਏ:ਵੀ ਕਾਲਜ ਜਲੰਧਰ ਦਾ ਵਿਦਿਆਰਥੀ ਸੀ। ਉਹ ਉਮਰ ਵਿੱਚ ਮੇਰੇ ਨਾਲੋਂ ਛੋਟਾ ਹੈ, ਪਰ ਕਲਾਸ ਵਡੀ ਵਿਚ ਪੜਦਾ ਸੀ। ਅਸਾਂ ਦੋਨਾਂ ਨੇ ਪੰਜਾਬ ਦੇ ਅਨੇਕਾਂ ਕਾਲਜਾਂ ਵਿੱਚ ਸੰਗੀਤ ਮੁਕਾਬਲਿਆਂ ਵਿਚੋਂ ਪ੍ਰਥਮ ਪੁਰਸਕਾਰ ਤੇ ਅਨੇਕਾਂ ਸ਼ੀਲਡਾਂ ਜਿਤੀਆਂ ਸਨ। ਮੈ ਉਸ ਨੂੰ ਸੰਗੀਤ ਪ੍ਰਭਾਕਰ ਦਾ ਕੋਰਸ ਤਿਆਰ ਕਰਵਾ ਕੇ ਪ੍ਰੀਖਿਆ ਵੀ ਦਿਵਾਈ ਸੀ। ਹੁਣ ਤਾਂ ਉਹ ਭਾਰਤ ਦਾ ਹੀ ਨਹੀ ਬਲਕਿ ਦੁਨੀਆਂ ਦਾ ਇਕ ਉਘਾ ਗਜ਼ਲ ਗਾਇਕ ਹੈ। ਉਸੇ ਕਾਲੋਨੀ ਵਿਚ ਕਿਸੇ ਸੇਵਕ ਦੇ ਘਰ ਸਤਿਗੁਰੂ ਜਗਜੀਤ ਸਿੰਘ ਜੀ ਵੀ ਪਧਾਰੇ ਹੋਏ ਸਨ। ਮੈਂ ਜਗਜੀਤ ਨੂੰ ਕਿਹਾ ਚਲ ਗੁਰੂ ਜੀ ਦੇ ਦਰਸ਼ਨ ਕਰ ਆਈਏ, ਪਰ ਉਹ ਡਰਦਾ ਮਾਰਾ ਨਹੀ ਸੀ ਗਿਆ, ਕਿਉਂਕਿ ਉਸ ਦੀ ਰਹਿਤ ਬਹਿਤ ਪੂਰੀ ਨਹੀ ਸੀ। ਮੈ ਵੀ ਦਰਸ਼ਨਾਂ ਤੋਂ ਵਾਂਝਾ ਰਿਹਾ।

ਲਗਭਗ 1973 ਦੀ ਗੱਲ ਹੈ ਮੇਰੇ ਇਕ ਮਿਤਰ ਨੇ ਦਸਿਆ ਕਿ ਸਤਿਗੁਰੂ ਮਹਾਰਾਜ ਜੀ ਜਲੰਧਰ ਆਉਣ ਵਾਲੇ ਹਨ। ਤੁਹਾਡਾ ਸੰਗੀਤ ਪ੍ਰੋਗਰਾਮ ਗੁਰੂ ਜੀ ਨੂੰ ਸੁਣਵਾਵਾਂਗੇ। ਮੈ ਤੇ ਪਹਿਲਾਂ ਹੀ ਦਰਸ਼ਨਾਂ ਦਾ ਪਿਆਸਾ ਸੀ। ਬਿਨ ਭਾਗਾਂ ਕੁਝ ਪਾਈਐ ਨਾਹੀ -ਮੈਨੂੰ ਫਲੂ ਹੋ ਗਿਆ ਮੈ ਮੁੜ ਦਰਸ਼ਨਾ ਤੋ ਵਾਂਝਾ ਹੀ ਰਿਹਾ। ਉਹਨਾਂ ਦਿਨਾਂ ਵਿੱਚ ਮੈ ਸਰਕਾਰੀ ਕਾਲਜ ਕਪੂਰਥਲਾ ਵਿਖੇ ਗਾਇਨ ਵਿਭਾਗ ਦਾ ਮੁਖੀ ਸਾਂ।



(ਖਬੇ ਤੋ ਸੱਜੇ) ਡਾ: ਜੋਗਿੰਦਰ ਬਾਵਰਾ, ਸਤਿਗੁਰੂ ਜੀ, ਸ੍ਰੀ ਕੇ: ਭਾਰਦਵਾਜ, ਸ੍ਰੀ ਜਗਦੀਸ਼ ਸਿੰਘ, ਸ੍ਰੀ ਵਿਜੇ ਚੋਪੜਾ, ਸ੍ਰੀ ਦਵਿੰਦਰ ਸ਼ਰਮਾ

1976 ਮਾਰਚ ਦੇ ਮਹੀਨੇ ਦਿੱਲੀ ਵਿੱਚ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸਿਮ੍ਰਤੀ ਵਿੱਚ ਇਕ ਸੰਗੀਤ ਕਾਨਫਰੰਸ ਸੀ। ਮੈਨੂੰ ਜਗਦੀਸ਼ ਸਿੰਘ ਵਰਿਆਮ ਹੋਰਾਂ ਪਹਿਲਾਂ ਹੀ ਉਥੇ ਚਲਨ ਲਈ ਕਿਹਾ ਹੋਇਆ ਸੀ। ਉਹ ਆਪ ਤਾਂ ਪਹਿਲਾਂ ਹੀ ਦਿੱਲੀ ਚਲੇ ਗਏ ਸਨ। 8 ਮਾਰਚ 1976 ਨੂੰ ਮੈਨੂੰ ਬੁਖਾਰ ਚੜ ਗਿਆ। ਮੈ ਡਾਕਟਰ ਪਾਸੋ ਕੁਝ ਵਾਧੂ ਦਵਾਈ ਕੈਪਸੂਲ ਆਦਿ ਲੈ ਕੇ ਦੁਪਹਿਰ ਦੀ ਗੱਡੀ ਤੇ ਦਿੱਲੀ ਲਈ ਰਵਾਨਾ ਹੋਇਆ। ਸਾਰੇ ਰਾਹ ਕੈਪਸੂਲ ਖਾਂਦਾ ਗਿਆ ਤੇ ਗੱਡੀ ਵਿੱਚ ਲੰਮਾ ਪਿਆ ਰਿਹਾ। ਬੁਖਾਰ ਕੁਝ ਘੱਟ ਗਿਆ। ਮੈ ਰਾਤ ਨੂੰ ਦੀਵਾਨੇ ਗਾਲਿਬ ਹਾਲ ਦਿੱਲੀ ਪੁੱਜ ਗਿਆ। ਹਾਲ ਦੇ ਬਾਹਰ ਸਫੈਦ ਵਸਤਰ ਧਾਰੀ ਨਾਮਧਾਰੀ ਹੀ ਨਾਮਧਾਰੀ ਦਿਖਾਈ ਦੇ ਰਹੇ ਸਨ। ਇੰਟਰਵਲ ਹੋਇਆ ਸੀ। ਲੋਕ ਖਾ ਪੀ ਰਹੇ ਸਨ, ਕੁਝ ਆਪਸ ਵਿੱਚ ਚਰਚਾ ਕਰਨ ਵਿਚ ਮਗਨ ਸਨ। ਇੰਟਰਵਲ ਸਮਾਪਤ



Sri Satguru Jagjit Singh Ji Elibrary NamdhariElibrary@gmail.com

Phone: 2739 PP

# GAIDU
## MECHANICAL WORKS

ਇਥੇ ਹੜੰਬਾ ਥਰੈਸ਼ਰ ਅਤੇ ਖੇਤੀ ਬਾੜੀ
ਦੇ ਹਰ ਤਰ੍ਹਾਂ ਦੇ ਵਧੀਆ ਸੰਦ
ਤਿਆਰ ਕੀਤੇ ਜਾਂਦੇ ਹਨ ।



Akalsar Road, MOGA, (Pb)

Phone: 2987 PP, 3273

# NEW AKAL GASES

**STOCKIST:**

OSWAL OXYGEN GAS

*Prop. S. Kartar Singh Ghataura*

**G.T. ROAD, GULABI BAGH**
**MOGA-142001**

# ਤੂੜੀ ਅਤੇ ਮਜ਼ਦੂਰ ਸਮੱਸਿਆ ਦਾ ਹਲ

ਇਕ ਸੀਜ਼ਨ ਵਿਚ **50.000** ਰੁ: ਬਚਾਓ

**ਭਾਰਤ**



<ins>ਭਾਰਤ ਹੜੰਬਾ ਥਰੈਸ਼ਰ</ins>

ਮੁਖ ਵਿਸ਼ੇਸ਼ਤਾਵਾਂ:-

◆ਇਹ ਇਕ ਘੰਟੇ ਵਿੱਚ (20-35) ਮਣ ਦੀ ਗਹਾਈ ਕਰ ਸਕਦਾ ਹੈ ।
◆ਇਸ ਵਿਚ ਪਟੇ ਦੁਆਰਾ ਆਪਣੇ ਆਪ ਰੁਗ ਲਗਦਾ ਹੈ ।
◆ਇਹ ਸਿਲ੍ਹ ਵਾਲੀ ਫਸਲ ਦੀ ਗਹਾਈ ਕਰ ਸਕਦਾ ਹੈ ।
◆ਇਸ ਨਾਲ ਦਾਣੇ ਸਿਧੇ ਟਰਾਲੀ ਜਾਂ ਬੋਰੀ ਵਿਚ ਪਾ ਸਕਦੇ ਹਾਂ ।
◆ਇਸ ਵਿੱਚ ਸੇਫਟੀ ਗੇਅਰ ਸਿਸਟਮ ਲੱਗਾ ਹੋਇਆ ਹੈ ।

<ins>ਭਾਰਤ ਕਟਾਈ ਮਸ਼ੀਨ (ਰੀਪਰ)</ins>

ਮੁਖ ਵਿਸ਼ੇਸ਼ਤਾਵਾਂ :-



◆ਇਹ ਇਕ ਦਿਨ ਵਿਚ (10-15) ਏਕੜ ਦੀ ਕਟਾਈ ਕਰ ਸਕਦੀ ਹੈ ।
◆ਇਹ ਕਟਾਈ ਕਰਦੇ ਸਮੇ ਫਸਲ ਦੀ ਸੱਜੇ ਪਾਸੇ ਲਾਈਨ ਲਾਉਂਦੀ ਹੈ ।
◆ਇਸ ਦੀ ਕਟਰ ਬਾਰ ਫੁਟ 3 ਇੰਚ ਦੀ ਹੈ ਅਤੇ ਹਰੇਕ ਟਰੈਕਟਰ ਦੇ ਅਗੇ ਫਿਟ ਹੋ ਸਕਦੀ ਹੈ ।
◆ਇਹ ਫਸਲ ਨੂੰ ਧਰਤੀ ਤੋਂ (ਦੋ ਇੰਚ ਤੋਂ ਢਾਈ ਇੰਚ) ਉਚਾ ਕੱਟਦੀ ਹੈ ।

ਇਹ ਮਸ਼ੀਨਾਂ ਖੇਤੀ ਇੰਜਨੀਅਰਾਂ ਦੀ ਦੇਖ ਰੇਖ ਅਤੇ ਕਾਰੀਗਰਾਂ ਦੁਆਰਾ ਤਿਆਰ ਕੀਤੀਆਂ ਗਈਆਂ ਹਨ ।

# ਭਾਰਤ ਇੰਡਸਟ੍ਰੀਅਲ ਕਾਰਪੋਰੇਸ਼ਨ

ਅਕਾਲਸਰ ਰੋਡ, ਮੋਗਾ-੧੪੨੦੦੧ ਫੋਨ : 2075



Sri Satguru Jagjit Singh Ji Elibrary NamdhariElibrary@gmail.com

ਹੋਇਆ। ਲੋਗ ਫਟਾਫਟ ਹਾਲ ਵਿੱਚ ਕੁਰਸਿਆਂ ਤੇ ਜਾ ਬਿਰਾਜੇ। ਜਗਦੀਸ਼ ਸਿੰਘ ਮੈਨੂੰ ਵੀ ਹਾਲ ਵਿੱਚ ਲੈ ਗਏ ਤੇ ਸਾਰਿਆਂ ਨਾਲੋਂ ਅਗਲੀ ਕਤਾਰ ਵਿੱਚ ਜਾ ਬੈਠਾਇਆ। ਸਤਿਗੁਰੂ ਜੀ ਸਟੇਜ ਉਤੇ




ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਗਾਇਨ ਕਰਦੇ ਹੋਏ, ਸ੍ਰੀ ਰਾਜਨ ਅਤੇ ਸਾਜਨ ਮਿਸ਼ਰਾ

ਇਕ ਪਾਸੇ ਬੈਠੇ ਹੋਏ ਸਨ। ਇਕ ਸੇਵਕ ਚੌਰ ਕਰ ਰਿਹਾ ਸੀ. ਕੁਝ ਆਲੇ ਦੁਆਲੇ ਬੈਠੇ ਸਨ। ਸਾਰੇ ਹਾਲ ਵਿੱਚ ਸਨਾਟਾ ਸੀ।

ਉਸਤਾਦ ਹਲੀਮ ਜਾਫਰ ਖਾਂ ਨੇ ਸਿਤਾਰ ਵਾਦਨ ਆਰੰਭ ਕੀਤਾ। ਉਹਨਾਂ ਨੇ ਰਾਗ ਜੈ ਜੈਵੰਤੀ ਪ੍ਰਸਤੁਤ ਕੀਤਾ। ਉਸਤਾਦ ਅਮਜਦ ਅਲੀ ਖਾਂ ਵੀ ਸਾਹਮਣੇ ਬੈਠੇ ਹੋਏ ਸਨ। ਉਸ ਸਮੇਂ ਦੇ ਬਰਾਡਕਾਸਟਿੰਗ ਮੰਤਰੀ ਸ੍ਰੀ ਐਲ.ਕੇ ਅਡਵਾਨੀ ਵੀ ਉਪਸਥਿਤ ਸਨ।

ਪ੍ਰੋਗਰਾਮ ਰਾਤ ਸਾਢੇ ਗਿਆਰਾਂ ਬਜੇ ਸਮਾਪਤ ਹੋਇਆ। ਸ੍ਰੀ ਜਗਦੀਸ਼ ਸਿੰਘ ਨੇ ਮੈਨੂੰ ਸਤਗੁਰਾਂ ਦੇ ਸਾਮਣੇ ਪੇਸ਼ ਕਰਦੇ ਹੋਏ ਕਿਹਾ। "ਇਹ ਪ੍ਰੋ: ਬਾਵਰਾ ਹਨ।" ਗੁਰੂ ਜੀ ਮੇਰੇ ਨਾਮ ਤੋਂ ਪਹਿਲਾਂ ਹੀ ਚੰਗੀ ਤਰ੍ਹਾਂ ਵਾਕਿਫ ਸਨ, ਕਿਉਂਕਿ ਮਾਸਿਕ ਵਰਿਆਮ ਵਿਚ ਮੇਰੇ ਲਗਾਤਾਰ ਲੇਖ ਛਪਦੇ ਸਨ ਅਤੇ ਗੁਰੂ ਜੀ ਮੇਰੇ ਸਾਰੇ ਲੇਖਾਂ ਨੂੰ ਪੜ ਚੁੱਕੇ ਸਨ। ਮੇਰਾ ਨਾਮ ਸੁਣਦੇ ਹੀ ਕਹਿਣ ਲਗੇ " ਤੁਸੀ ਬੜਾ ਸੋਹਣਾ ਲਿਖਦੇ ਹੋ "। "ਮੈ ਸਟੇਜ ਤੇ ਵੀ ਕੁਝ ਕਰਦਾ ਹਾਂ।" ਇਹ ਮੇਰੇ ਮੂੰਹ ਤੋਂ ਸ਼ਬਦ ਨਿਕਲੇ। "ਉਹ ਤਾਂ ਤੁਹਾਡੇ ਲੇਖਾਂ ਤੋਂ ਹੀ ਸਪਸ਼ਟ ਜਾਪਦਾ ਹੈ।" ਗੁਰੂ ਜੀ ਨੇ ਫਰਮਾਇਆ। ਉਸ ਵੇਲੇ ਸਤਿਗੁਰੂ ਜੀ ਕਈ ਸ਼ਰਧਾਲੂਆਂ ਵਿੱਚ ਘਿਰੇ ਹੋਏ ਸਨ। ਏਅਰ ਕੰਡੀਸ਼ਨ ਹਾਲ ਹੋਣ ਦੇ ਕਾਰਨ ਮੇਰਾ ਬੁਖਾਰ ਤੇਜ਼ ਹੋ ਗਿਆ ਸੀ। ਰਾਤ ਨੂੰ ਜਿਥੇ ਵੀ ਪ੍ਰਬੰਧਕ ਮੈਨੂੰ ਲੈ ਗਏ, ਮੈ ਜਾ ਕੇ ਲੇਟ ਗਿਆ।

ਸੰਗੀਤ ਕਲਾ ਮੰਚ ਜਲੰਧਰ ਦਾ ਪ੍ਰਥਮ ਸਮਾਗਮ 13 ਫਰਵਰੀ 1978 ਨੂੰ ਨਿਸਚਿਤ ਕੀਤਾ ਗਿਆ। ਬਸੰਤ ਦਾ ਅਵਸਰ ਸੀ। ਸਤਗੁਰੂ ਜੀ ਨੂੰ ਇਸ ਅਵਸਰ ਉਤੇ ਜਲੰਧਰ ਪਧਾਰਨ ਦੀ ਬੇਨਤੀ ਕੀਤੀ, ਜੋ ਪ੍ਰਵਾਨ ਹੋਈ ਤੇ ਮਹਾਰਾਜ ਜੀ ਦੇ ਆਗਮਨ ਤੇ ਜਲੰਧਰ ਦੀ ਨਾਮਧਾਰੀ ਸੰਗਤ ਹੁੰਮ ਹੁਮਾ ਕੇ ਸੈਂਟ੍ਰਲ ਟਾਊਨ ਵਿਖੇ ਸੰਗੀਤ ਸੁਨਣ ਅਤੇ ਗੁਰੂ ਜੀ ਦੇ ਦਰਸ਼ਨਾਂ ਲਈ ਪੁਜੀ। ਸ੍ਰੀ ਰਮੇਸ਼ ਚੰਦਰ ਐਮ:ਐਲ:ਏ: ਨੇ ਦੀਪ ਜਲਾ ਕੇ ਇਸ ਸੰਮੇਲਨ ਦਾ ਉਦਘਾਟਨ ਕੀਤਾ। ਸਾਰਿਆਂ ਨੇ ਗੁਰੂ ਜੀ ਨੂੰ ਫੁਲਾਂ ਦੇ ਹਾਰ ਭੇਂਟ ਕਰਕੇ ਸੁਆਗਤ ਕੀਤਾ। ਪ੍ਰੋਗਰਾਮ ਦਾ ਆਰੰਭ ਮੇਰੇ ਗਾਇਨ ਤੋਂ ਹੋਇਆ। ਮੈ ਰਾਗ ਸੂਰਦਾਸੀ ਮਲਹਾਰ ਸੁਣਾਇਆ ਸੀ। ਪੰਡਿਤ ਰਮਾ ਕਾਂਤ, ਸ੍ਰੀ ਲਛਮਣ ਸਿੰਘ ਸੀਨ, ਸ੍ਰੀ ਪੁਰਸ਼ੋਤਮ ਮਹਿਤਾ, ਸ੍ਰੀ ਖਜ਼ਾਨ ਸਿੰਘ, ਗੁਰਦੇਵ ਸਿੰਘ ਨੇ ਸਰੋਦ ਵਾਦਨ ਕੀਤਾ, ਅਤੇ ਅੰਤ ਵਿੱਚ ਭਾਰਤ ਦੇ ਪ੍ਰਸਿਧ ਗਾਇਕ ਸ੍ਰੀ ਰਾਜਨ ਤੇ ਸ੍ਰੀ ਸਾਜਨ " ਮਿਸ਼ਰ ਬੰਧੂ" ਨੇ ਆਪਣੀ ਕਲਾ ਨਾਲ ਸੰਗਤ ਨੂੰ ਨਿਵਾਜਿਆ। ਇਹ ਸੰਮੇਲਨ ਇਕ ਯਾਦਗਾਰੀ ਸੰਗੀਤ ਸੰਮੇਲਨ ਬਣ ਗਿਆ। ਸਤਿਗੁਰੂ ਜੀ ਨੇ ਐਸੀ ਜੋਤ ਜਗਾਈ, ਕਿ ਸੰਗੀਤ ਕਲਾ ਮੰਚ ਜਲੰਧਰ ਦੀ ਸਿਲਵਰ ਜੁਬਲੀ 25 ਵਾਂ ਸੰਗੀਤ ਸੰਮੇਲਨ 13 ਮਾਰਚ 1994 ਨੂੰ ਕਪੂਰਥਲਾ ਵਿਖੇ ਹੋਇਆ। ਇਸ ਬੂਟੇ ਦੀ ਜੜ ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਲਗਾਈ, ਜੋ ਹੁਣ ਇਕ ਬਿਰਖ ਬਣ ਚੁਕਿਆ ਹੈ।

ਮੈਨੂੰ ਭੈਣੀ ਸਾਹਿਬ ਜਾਣ ਦਾ ਕਈ ਵਾਰ ਅਵਸਰ ਪ੍ਰਾਪਤ ਹੋਇਆ। ਇਕ ਵਾਰ ਵਿਸ਼ੇਸ਼ ਅਵਸਰ ਉਤੇ ਮੈ ਦੁਪਹਿਰ ਨੂੰ ਪੁਜਾ ਸੀ। ਮੋਨ ਸਿਮਰਨ ਚਲ ਰਿਹਾ ਸੀ। ਸਫੈਦ ਵਸਤਰ ਧਾਰੀ ਬਚੇ ਰਿਸ਼ਿਆਂ ਦੀ ਸੰਤਾਨ ਜਾਪ ਰਹੇ ਸਨ। ਹਾਲ ਦੇ ਵਿੱਚ ਗੁਰੂ ਜੀ ਆਪ ਵੀ ਸਿਮਰਨ ਕਰ ਰਹੇ ਸਨ ਅਤੇ ਸਾਰੀ ਸੰਗਤ ਵੀ। ਮੈ ਜਾ ਕੇ ਮਥਾ ਟੇਕਿਆ। ਮੈਨੂੰ ਸਾਮਣੇ ਬੈਠਣ ਦਾ ਇਸ਼ਾਰਾ ਕੀਤਾ। ਸਿਮਰਨ ਤੋਂ ਬਾਅਦ 15 ਮਾਤਰਾਂਵਾਂ ਦੇ ਤਾਲ ਵਿੱਚ ਗਾਨਾ ਆਰੰਭ ਕੀਤਾ, ਉਸ ਸ਼ਬਦ ਦਾ ਮੁਖੜਾ "ਕੁਹ ਨਾਨਕ ਨਰ ਬਾਵਰੇ ਕਿਉ ਨਾ ਭਜੈ ਭਗਵਾਨ" ਰਖਿਆ ਤੇ ਨਾਲ ਨਾਲ ਦਿਲਰੁਬਾ ਵਜਾ ਰਹੇ ਸਨ। ਬਾਵਰੇ ਸ਼ਬਦ ਦਾ ਇਸ਼ਾਰਾ ਮੇਰੇ ਵਲ ਹੁੰਦਾ ਵੇਖ, ਪ੍ਰੀਤਮ ਸਿੰਘ ਕਵੀ ਜੋ ਮੇਰੇ ਨਾਲ ਹੀ ਬੈਠੇ ਸਨ, ਪਰ ਉਹਨਾਂ ਨੂੰ ਮੇਰੇ ਉਥੇ ਆਏ ਦਾ ਪਤਾ ਨਹੀ ਸੀ ਆਪਣੇ ਸਜੇ ਹੱਥ ਵੇਖਿਆ ਤੇ ਉਹ ਸਮਝ ਗਏ ਕਿ ਜਲੰਧਰ ਤੋਂ "ਬਾਵਰਾ ਸਾਹਿਬ" ਆਏ ਹਨ ਤੇ ਇਹ ਇਸ਼ਾਰਾ ਉਸ ਵਲ ਹੈ। ਇਹ ਮੇਰੇ ਲਈ ਭਗਵਾਨ ਨੂੰ ਸਿਮਰਨ ਕਰਨ ਲਈ ਉਪਦੇਸ਼ ਸੀ। ਰਾਤ ਉਥੇ ਹੀ ਗੁਜ਼ਾਰੀ ਸਵੇਰੇ ਲਗਭਗ ਦਸ ਗਿਆਰਾਂ ਵਜੇ ਇਕ ਛੋਟੀ ਜਿਹੀ ਸੰਗੀਤ ਦੀ ਸਭਾ ਲਗਾਈ। ਗੁਰੂ ਜੀ ਚਟਾਈ ਤੇ ਬੈਠੇ ਸਨ। ਉਹਨਾਂ ਦੇ ਛੋਟੇ ਭਾਈ ਮਹਾਰਾਜ ਬੀਰ ਸਿੰਘ ਜੀ ਵੀ ਨਾਲ ਬੈਠ ਗਏ। ਗੁਰੂ ਜੀ ਨੇ ਤਾਨਪੁਰਾ ਮੰਗਵਾ ਲਿਆ ਤੇ ਮੈਨੂੰ ਕੁਝ ਸੁਨਾਉਣ ਲਈ ਕਿਹਾ। ਮੈ ਰਾਗ ਦੇਸੀ ਦਾ ਗਾਇਨ ਕੀਤਾ ਸੀ। ਮੇਰੇ ਤੋਂ ਬਾਅਦ ਬਨਾਰਸ ਤੋਂ ਆਏ ਇਕ ਕਲਾਕਾਰ ਨੇ ਸਿਤਾਰ ਬਜਾਈ ਸੀ. ਉਸ ਦਾ ਨਾਮ ਮੈਨੂੰ ਯਾਦ ਨਹੀ।

ਨਾਮਧਾਰੀ ਪਰਮਪਰਾ ਵਿੱਚ ਸਾਮੂਹਿਕ ਸ਼ਾਦੀਆਂ ਦੀ ਪਿਰਤ ਇਕ ਨਵੇਕਲੀ ਹੀ ਹੈ ਜੋ ਦੂਜਿਆ ਲਈ ਪ੍ਰੇਰਣਾ ਸਰੋਤ ਹੈ। ਆਮ ਲੋਕ ਰੋਲਾ ਪਾਉਂਦੇ ਹਨ, ਕਿ ਦਹੇਜ ਇਕ ਲਾਹਨਤ ਹੈ। ਇਕ ਦੂਜੇ ਤੋਂ ਵਾਧੂ ਖਰਚ ਕਰਨ ਦਾ ਦੋਸ਼ ਲਗਾਉਂਦੇ ਹਨ। ਪਰ ਖਰਚ ਕਰਨ ਵਿਚੋਂ ਆਪਣੀ ਸ਼ਾਨ ਵੀ ਸਮਝਦੇ ਹਨ। ਸ਼ੇਖੀ ਵੀ ਮਾਰਦੇ ਹਨ। ਆਪਣੇ ਆਪ ਨੂੰ ਵੱਡਾ ਵੀ ਸਿਧ ਕਰਨ ਦਾ ਯਤਨ ਕਰਦੇ ਹਨ। ਇਕ ਦੂਸਰੇ ਦੀ ਨਕਲ ਕਰਨ ਤੋਂ ਵੀ ਪਿਛੇ ਨਹੀ ਹਟਦੇ। ਬਾਅਦ ਵਿੱਚ ਆਪਣੇ ਆਪ ਨੂੰ ਦੁਖੀ ਵੀ ਦਸਦੇ ਹਨ, ਕਰਜਾਈ ਹੋਣ ਦਾ ਢੰਡੋਰਾ ਪਿਟਦੇ ਹਨ ਕੁਝ ਸੱਚਾ ਤੇ ਕੁਝ ਝੂਠਾ। ਨਾਮਧਾਰੀ ਗੁਰੂਆਂ ਨੇ ਤਾਂ ਇਸ ਰਸਮ ਨੂੰ ਇਹਨਾਂ ਸਰਲ ਤੇ ਸੋਹਣਾ ਤੇ ਨਵੇਕਲਾ ਬਨਾਉਣ ਵਿੱਚ ਪਹਿਲ ਕਦਮੀ ਕੀਤੀ ਹੈ ਕਿ ਹਰ ਅਮੀਰ, ਗਰੀਬ ਭੈਣੀ ਸਾਹਿਬ ਜਾ ਕੇ ਬਿਨਾ ਕਿਸੇ ਲੈਣ ਦੇਣ ਦੇ ਅਤੇ ਹੋਰ ਵਾਧੂ ਬਖੇੜਿਆ ਤੋਂ ਰਹਿਤ ਆਪਣੇ ਬਚਿਆਂ ਦੀਆਂ ਸ਼ਾਦੀਆਂ ਕਰਵਾਉਂਦਾ ਹੈ। ਨਾ ਬੈਂਡ ਦਾ ਸ਼ੋਰ, ਨਾ ਆਰਕੇਸਟ੍ਰਾ ਦਾ ਬੇਸੁਰਾ ਰੋਲਾ, ਨਾ ਬਿਜਲੀ, ਨਾ ਤੰਬੂ ਕਨਾਤਾਂ, ਨਾ ਹਲਵਾਈਆਂ ਤੇ ਬੈਰਿਆਂ ਦੀ ਲੋੜ। ਕਈ ਕਈ ਜੋੜੇ ਇਕੋ ਵਾਰੀ ਵਿੱਚ ਲਾਵਾਂ ਲੈਂਦੇ ਹਨ। ਕਿਤਨਾ ਸੋਹਣਾ ਮਾਹੌਲ ਹੁੰਦਾ ਹੈ। ਵੇਖਣ ਨਾਲ ਹੀ ਤਾਅਲੁਕ ਰਖਦਾ ਹੈ। ਇਸੇ ਤਰ੍ਹਾਂ ਕਈ ਹੋਰ ਕੁਰੀਤੀਆਂ ਤੋਂ ਵੀ ਬਚਾਈ ਰਖਣ ਵਿਚ ਸਤਿਗੁਰੂ ਜੀ ਸਹਾਈ ਹੁੰਦੇ ਹਨ। ਸਤਿਗੁਰੂ ਜਗਜੀਤ ਸਿੰਘ ਜੀ ਬੜੀ ਸਰਲ ਤੇ ਸਾਦਾ ਭਾਸ਼ਾ ਵਿੱਚ ਗੱਲਾਂ ਕਰਦੇ ਹਨ ਜੋ ਹਰ ਪ੍ਰਾਣੀ ਦੀ ਸਮਝ ਵਿੱਚ ਆਉਂਦੀਆਂ ਹਨ ਤੇ ਦਿਲ-ਦਿਮਾਗ ਨੂੰ ਰੋਸ਼ਨ ਕਰਦੀਆਂ ਹਨ। ਉਹਨਾਂ ਦੀ ਕਥਨੀ ਤੇ ਕਰਨੀ ਵਿੱਚ ਕੋਈ ਅੰਤਰ ਨਹੀ। ਸ਼ਾਸਤਰੀ ਸੰਗੀਤ ਦੇ ਖੇਤਰ ਵਿੱਚ ਹੀ ਨਹੀ ਬਲਕਿ ਖੇਡਾਂ, ਪੜਾਈ ਆਦਿ ਦੇ ਮੈਦਾਨ ਵਿੱਚ ਵੀ ਬਚਿਆਂ ਨੂੰ ਪ੍ਰੇਰਣਾ ਦਿੰਦੇ ਹਨ। ਕਈ ਬਚੇ ਗੁਰੂ ਜੀ ਦੇ ਆਸ਼ੀਰਵਾਦ ਸਦਕਾ ਨਾਮਣਾ ਖਟ ਰਹੇ ਹਨ।



Sri Satguru Jagjit Singh Ji Elibrary NamdhariElibrary@gmail.com

☎: 23684

# Hindustan AGRO INDUSTRIES

**Specialist in:**
WHEAT THRASHERS DISC HARROWS SEED DRILLS
(NARMA & WHEAT), SUNFLOWER THRASHER

**Manufacturers of:**
ALL KINDS OF AGRICULTURAL
IMPLIMENTS



ਇਸ ਮਸ਼ੀਨ ਨਾਲ ਕਣਕ, ਸੋਆਬੀਨ, ਬਾਜਰਾ, ਸਰੋਂ, ਜੁਆਰ ਆਦਿ ਫਸਲਾਂ ਦੀ ਥਰੈਸ਼ਿੰਗ ਕੀਤੀ ਜਾਂਦੀ ਹੈ । ਹੜੰਬਾ ਥਰੈਸ਼ਰ ਦੇ ਨਵੇਂ ਡੀਜ਼ਾਈਨ ਵਿਚ ਸਰੋਂ ਨੂੰ ਸਾਫ ਕਰਨ ਵਾਲਾ ਪੱਖਾ ਫਿਟ ਹੈ।

**Prop. Amrik Singh Balkar Singh**

**Opp. Jaswant Theatre, G.T.Road, MALOUT-152107**

---

**Phone: 23530**

# DEVINDRA AGRO INDUSTRIES

## G.T.ROAD, MALOUT (Pb.)

**Manufacturers of:-**
All Kinds of Tractor Agri. Implements, Wheat Thrashers & Disc Harrow

**Specialist in:-**
**SPRAY PUMP**

KISSAN STEEL DISCS
ksd
INDIA

**Sister Concerns :-**

**Devindra Sales Corporation**
G.T.Road, (Near D.C.M)
**Malout**

**Raja Traders**
Deals in: GOLDEN FISH, KSD, SUPER GAINDA & All Types Of EN-42, Steel Discs
G.T.Road, Malout



Sri Satguru Jagjit Singh Ji Elibrary NamdhariElibrary@gmail.com

# ਬਾਲਟੀ ਸਵਾਰ



—ਫਰਾਂਜ਼ ਕਾਫ਼ਕਾ

ਸਾਰਾ ਕੋਲਾ ਖਤਮ ਹੋ ਗਿਆ। ਕੋਲੇ ਦੀ ਬਾਲਟੀ ਮੂਧੀ ਪਈ ਹੈ ਅਤੇ ਬੇਲਚਾ ਵੀ ਬੇਕਾਰ ਪਿਆ ਹੈ। ਅੰਗੀਠੀ ਠੰਡੇ ਸਾਹ ਭਰ ਰਹੀ ਹੈ। ਕਮਰਾ ਸੁੰਗੜਦਾ ਜਾਂਦਾ ਹੈ। ਖਿੜਕੀ ਤੋਂ ਬਾਹਰ ਬਿਰਛਾਂ ਦੇ ਪਤੇ ਬਰਫ ਨਾਲ ਢਕੇ ਜਾਣ ਤੇ ਸਖਤ ਹੋ ਗਏ ਨੇ। ਆਕਾਸ਼ ਚਾਂਦੀ ਦੀ ਓਟ ਬਣ ਗਿਆ ਹੈ ਤਾਕਿ ਸਹਾਇਤਾ ਲਈ ਕੋਈ ਵੀ ਉਧਰੋਂ ਏਧਰ ਨਾ ਦੇਖ ਸਕੇ। ਮੈਨੂੰ ਕੋਲਾ ਚਾਹੀਦਾ ਹੈ। ਮੈਂ ਸੁੰਗੜ ਕੇ ਨਹੀਂ ਮਰ ਸਕਦਾ। ਮੇਰੇ ਪਿਛਲੇ ਪਾਸੇ ਬੇਰਹਿਮ ਆਤਸ਼ਦਾਨ ਹੈ ਤੇ ਅਗਲੇ ਪਾਸੇ ਕਠੋਰ ਆਕਾਸ਼। ਮੈਨੂੰ ਇਹਨਾਂ ਦੋਵਾਂ ਵਿਚੀਂ ਲੰਘਣਾਂ ਚਾਹੀਦਾ ਹੈ ਅਤੇ ਪੈਂਡਾ ਤੈਅ ਕਰ ਕੇ ਕੋਲਾ ਵੇਚਣ ਵਾਲੇ ਕੋਲੋਂ ਮਦਦ ਲੈਣ ਲਈ ਬੇਨਤੀ ਕਰਨੀ ਚਾਹੀਦੀ ਹੈ। ਪਰ ਉਹ ਤਾਂ ਨਿਤ ਦੀਆਂ ਬੇਨਤੀਆਂ ਕਾਰਣ ਬੋਲਾ ਹੀ ਹੋ ਗਿਆ ਏ। ਇਸ ਲਈ ਮੈਨੂੰ, ਨਾ ਟਾਲੇ ਜਾਣ ਵਾਲੇ ਢੰਗ ਨਾਲ ਇਹ ਸਾਬਤ ਕਰਨਾ ਪਵੇਗਾ ਕਿ ਮੇਰੇ ਕੋਲ ਕੋਲੇ ਦਾ ਇਕ ਕਿਣਕਾ ਵੀ ਨਹੀਂ। ਅਤੇ ਇਹ ਵੀ ਕਿ ਉਹਦੀ ਹੋਂਦ ਮੇਰੇ ਲਈ ਲਿਸ਼ਕਦੇ ਸੂਰਜ ਵਾਂਗ ਹੈ। ਐਤਕੀਂ ਮੈਨੂੰ, ਉਹਦੇ ਕੋਲ ਇਕ ਅਜਿਹੇ ਭਿਖਾਰੀ ਵਾਂਗ ਜਾਣਾ ਪਵੇਗਾ, ਜਿਹਦੇ ਗਲੇ ਵਿਚ ਮੌਤ ਦੀ ਸਿਸਕੀ ਹੋਵੇ ਅਤੇ ਜਿਹੜਾ ਦਰਵਾਜ਼ੇ ਤੇ ਹੀ ਮਰ ਜਾਣ ਲਈ ਜ਼ਿੱਦ ਕਰ ਰਿਹਾ ਹੋਵੇ। ਜਿਸ ਦੀ ਦੁਰਦਸ਼ਾ ਵੇਖ ਕੇ ਅਮੀਰ ਘਰਾਂ ਦੇ ਨੌਕਰ ਕਾਫੀ ਦੀ ਛਿੱਦੀ ਪਿਲਾਅ ਦਿਆ ਕਰਦੇ ਨੇ। ਇੰਜ ਹੀ ਕੋਲਾ ਵੇਚੀ ਜਾਣ ਵਾਲੇ ਨੂੰ ਗੁਸੈਲ ਹੋਣ ਤੇ ਵੀ ਖਿੜ ਨਾਲ–ਤੂੰ ਨਹੀਂ ਮਰੇਗਾ! ਕਹਿੰਦਿਆਂ ਇਕ ਬੇਲਚਾ ਕੋਲੇ ਦਾ ਭਰ ਕੇ ਮੇਰੀ ਬਾਲਟੀ ਚ ਲੁਦ ਦੇਣਾ ਚਾਹੀਦਾ ਹੈ।

ਮੇਰੇ ਸਫਰ ਦਾ ਢੰਗ ਹੀ ਇਹ ਸਮੱਸਿਆ ਹਲ ਕਰ ਸਕਦਾ ਹੈ ਅਤੇ ਮੈਂ ਬੇਜਾਨ ਬਾਲਟੀ ਤੇ ਸਵਾਰ ਹੋ ਕੇ ਸਫ਼ਰ ਲਈ ਚਲ ਪੈਂਦਾ ਹਾਂ। ਆਪਣੇ ਹੱਥ ਨਾਲ ਬਾਲਟੀ ਦੇ ਮਾਮੂਲੀ ਕਿਸਮ ਦੇ ਕੁੰਡੇ ਨੂੰ ਲਗਾਮ ਵਾਂਗ ਫੜ ਕੇ ਬਾਲਟੀ ਸਮੇਤ ਆਪਣੇ ਆਪ ਨੂੰ ਪੌੜੀ ਤੋਂ ਥਲੇ ਧਰੀਕਦਾ ਹਾਂ। ਪਰ ਜਿਉਂਹੀ ਮੇਰੀ ਬਾਲਟੀ ਥਲੇ ਉਤਰੀ, ਉਹ ਹਵਾ ਵਿਚ ਉਚੀ ਉਡਣ ਲਗੀ– ਵਾਹਵਾ! ਅਸ਼ਕੇ! ਜ਼ਮੀਨ ਤੇ ਬੈਠੇ ਹੋਏ ਉਠ ਵੀ ਮਾਲਕ ਦੀ ਚਾਬਕ ਦੀ ਮਾਰ ਨਾਲ ਸਰੀਰ ਛੰਡਕੇ ਇੰਜ ਸ਼ਾਨਦਾਰ ਅਦਾ ਨਾਲ ਨਹੀਂ ਉਠਦੇ।

ਮੈਂ ਆਪਣੀ ਬੇਵਜ਼ਨ ਬਾਲਟੀ ਤੇ ਸਵਾਰ, ਕਠੋਰ ਤੇ ਬਰਫ ਨਾਲ ਜਮੀਆਂ ਹੋਈਆਂ ਸੜਕਾਂ ਉਪਰੋਂ ਸਾਵੀਂ ਰਫ਼ਤਾਰ ਨਾਲ ਲੰਘਦਾ ਹਾਂ। ਅਕਸਰ ਮੈਨੂੰ ਕਿਸੇ ਮਕਾਨ ਦੀ ਪਹਿਲੀ ਮੰਜ਼ਿਲ ਤੱਕ ਵੀ ਉੱਚਾ ਚੁਕ ਦਿੱਤਾ ਜਾਂਦਾ ਹੈ ਪਰ ਮੈਂ ਕਦੀ ਕਿਸੇ ਮਕਾਨ ਦੇ ਦਰਵਾਜ਼ੇ ਤੱਕ ਥੱਲੇ ਨਹੀਂ ਉਤਰਿਆ। ਅਖੀਰ ਚ ਮੈਂ ਇਕ ਗੈਰ ਮਾਮੂਲੀ ਉਚਾਈ ਤੇ ਕੋਲਾ ਵੇਚਣ ਦੇ ਬੰਦ ਗੁਦਾਮ ਤੇ ਉਡਣ ਲਗਦਾ ਹਾਂ। ਮੈਂ ਵੇਖਦਾ ਹਾਂ ਕਿ ਬਹੁਤ ਥਲੇ ਕੋਲਾ ਫਰੋਸ਼ ਆਪਣੀ ਮੇਜ਼ ਤੇ ਕੁੰਗੜਿਆ ਹੋਇਆ ਬੈਠਾ ਕੁਝ ਲਿਖ ਰਿਹਾ ਹੈ। ਏਨੀ ਸਰਦੀ ਹੋਣ ਤੇ ਵੀ ਵਾਧੂ ਗਰਮੀ ਬਾਹਰ ਧਰੀਕਣ ਲਈ ਉਹਨੇਂ ਕਮਰੇ ਦਾ ਦਰਵਾਜ਼ਾ ਖੁਲਾ ਰਖਿਆ ਹੋਇਆ ਏ "ਸੇਠ ਸਾਹਬ!" ਮੇਰੀ ਚੀਕ ਧੁੰਦ ਚ ਫ਼ਸ ਕੇ ਖੋਖਲੀ ਅਤੇ ਮੇਰੇ ਸਾਹਾਂ ਦੇ ਬਣਦੇ ਬਦਲਾਂ ਚ ਮਿਲ ਕੇ ਮਧਮ ਹੋ ਗਈ ਹੈ --"ਸੇਠ ਸਾਹਿਬ! ਕਿਰਪਾ ਕਰਕੇ ਮੈਨੂੰ ਥੋੜ੍ਹਾ ਜਿਹਾ ਕੋਲਾ ਦੇ ਦਿਉ। ਮੇਰੇ ਵਾਲੀ ਬਾਲਟੀ ਏਨੀ ਹੌਲੀ ਹੋ ਗਈ ਹੈ ਕਿ ਮੈਂ ਉਸ ਤੇ ਸਵਾਰ ਹੋ ਕੇ ਉਡ ਸਕਦਾ ਹਾਂ। ਕਿਰਪਾ ਕਰੋ। ਜਦੋਂ ਵੀ ਹੋ ਸਕਿਆ, ਮੈਂ ਤੁਹਾਡੇ ਪੈਸੇ ਦੇ ਦਿਆਂਗਾ।"

"ਕੌਣ ਏ ?---ਕਿਹਦੀ ਆਵਾਜ਼ ਐ ?" ਕੋਲਾ ਫਰੋਸ਼ ਆਪਣੇ ਕੰਨ ਤੇ ਹੱਥ ਰਖ ਕੇ ਕਹਿੰਦਾ ਹੈ--"ਕੋਈ ਗਾਹਕ ਐ ?" ਉਹ ਆਪਣੀ ਪਤਨੀ ਨੂੰ ਪੁਛਦਾ ਹੈ। "ਮੈਂ ਤਾਂ ਕੁਝ ਨਹੀਂ ਸੁਣਿਆ!" ਬੁਣਾਈ ਚ ਰੁਝੀ ਹੋਈ ਉਹਦੀ ਪਤਨੀ ਨੇ ਸੁੱਖ ਚ ਸਾਹ ਲੈਂਦਿਆਂ ਕਿਹਾ। ਉਹਦੀ ਕੰਡ ਗਰਮ ਕਪੜਿਆਂ ਨਾਲ ਨਿਘੀ ਤੇ ਪੁਰਸਕੂਨ ਸੀ।

"ਹਾਂ ਠੀਕ ਹੈ! ਤੂੰ ਜ਼ਰੂਰ ਮੇਰੀ ਆਵਾਜ਼ ਸੁਣ ਲਈ ਹੈ।" ਮੈਂ ਚੀਕਦਾ ਹਾਂ– "ਇਹ ਮੈਂ ਹਾਂ। ਤੁਹਾਡਾ ਪੁਰਾਣਾ ਗਾਹਕ। ਸੱਚਾ ਤੇ ਈਮਾਨਦਾਰ। ਪਰ ਹਾਲੇ ਗਰੀਬ ਤੇ ਨਿਤਾਣਾ।"

"ਵੇਖੋ ਜੀ! ਕੋਈ ਬੁਲਾ ਰਿਹਾ ਏ!" ਸੇਠ ਆਪਣੀ ਪਤਨੀ ਨੂੰ ਕਹਿੰਦਾ ਹੈ–"ਜ਼ਰੂਰ ਕੋਈ ਹੈ ਵੇ ਕੰਨ ਏਨਾ ਧੋਖਾ ਨਹੀਂ ਦੇ ਸਕਦੇ। ਕੋਈ ਪੁਰਾਣਾ ਤੇ ਬੁਢਾ ਗਾਹਕ ਜਾਪਦਾ ਏ। ਮੈਨੂੰ ਇੰਜ ਮਹਿਸੂਸ ਹੁੰਦਾ ਏ।" ਅਤੇ ਇਕ ਪਲ ਲਈ ਆਪਣਾ ਕੰਮ ਰੋਕ ਕੇ, ਆਪਣੀ ਬੁਣਾਈ ਨੂੰ ਹਿਕ ਨਾਲ ਲਾਈ, ਉਹਦੀ ਪਤਨੀ ਨੇ ਕਿਹਾ– "ਕੀ ਰੋਗ ਲੱਗ ਪਿਆ ਤੈਨੂੰ ?--ਕੋਈ ਵੀ ਤਾਂ ਨਹੀਂ, ਸੜਕ ਸੁਨਸਾਨ ਪਈ ਐ। ਸਾਡੇ ਗਾਹਕਾਂ ਕੋਲ ਕਾਫੀ ਕੋਲਾ ਪੁੱਜ ਗਿਆ ਏ। ਹੁਣ ਤਾਂ ਅਸੀਂ ਕੁਝ ਦਿਨ ਦੁਕਾਨ ਬੰਦ ਕਰ ਸਕਦੇ ਹਾਂ।"

"ਪਰ ਤੱਕੋ ਤਾਂ! ਮੈਂ ਏਥੇ ਆਪਣੀ ਬਾਲਟੀ ਤੇ ਬੈਠਾ ਹਾਂ" ਮੈਂ ਚੀਕਦਾ ਹਾਂ–ਤੇ ਪਥਰਾਏ ਅੱਥਰੂਆਂ ਨਾਲ ਮੇਰੀਆਂ ਅੱਖਾਂ ਧੁੰਦਲਾ ਜਾਂਦੀਆਂ ਨੇ–"ਕਿਰਪਾ ਕਰ ਕੇ ਇਕ ਵਾਰ ਉਪਰ ਤੱਕ ਲਵੋ–ਤੂੰ ਮੈਨੂੰ ਸਾਫ ਵੇਖ ਸਕੇਂਗੀ। ਮੈਂ ਭੀਖ ਮੰਗਦਾ ਹਾਂ। ਸਿਰਫ ਇਕ ਬੇਲਚਾ ਕੋਲੇ ਦਾ। ਜੇਕਰ ਤੁਸਾਂ ਮੈਨੂੰ ਬਹੁਤਾ ਕੋਲਾ ਦੇ ਦਿੱਤਾ ਤਾਂ ਖੁਸ਼ੀ ਚ ਪਾਗਲ ਹੋ ਕੇ ਮੈਂ ਉਹਦੀ ਵਰਤੋਂ ਹੀ ਨਹੀਂ ਕਰ ਸਕਾਂਗਾ। ਦੂਸਰੇ ਸਭ ਗਾਹਕਾਂ ਕੋਲ ਕਾਫ਼ੀ ਕੋਲਾ ਮੌਜੂਦ ਹੈ! ਮੈਂ ਆਪਣੀ ਬਾਲਟੀ ਵਿਚੋਂ ਘਟੋ ਘਟ, ਕੋਲੇ ਦੀ ਆਵਾਜ਼ ਹੀ ਸੁਣ ਸਕਦਾ।"

"ਆ ਰਿਹਾਂ।" ਕਹਿੰਦਾ ਹੋਇਆ ਸੇਠ ਆਪਣੇ ਬੌਣੇ ਪੈਰਾਂ ਨਾਲ ਗੁਦਾਮ ਦੀ ਪੌੜੀ ਵਲ ਵਧਦਾ ਹੈ ਪਰ ਝਟ ਹੀ ਉਹਦੀ ਪਤਨੀ ਉਹਦੇ ਕੋਲ ਪੁਜ ਕੇ ਬਾਂਹ ਨਾਲ ਰੋਕਦੀ ਹੋਈ ਕਹਿੰਦੀ ਹੈ–"ਏਥੇ ਹੀ ਠਹਿਰੋ! ਤੁਹਾਨੂੰ ਬੇਵਕੂਫੀ ਤੇ ਤੁਲਿਆਂ ਤੱਕ ਕੇ ਹੁਣ ਮੈਂ ਆਪ ਹੀ ਜਾਂਦੀ ਹਾਂ। ਸੋਚੋ ਤਾਂ, ਰਾਤੀ ਤੁਹਾਨੂੰ ਕਿਵੇਂ ਸਖਤ ਖੰਘ ਲੱਗੀ ਹੋਈ ਸੀ, ਪਰ ਥੋੜੇ ਜਿਹੇ ਵਪਾਰ ਖਾਤਰ ਤੁਸੀਂ ਆਪਣੇ ਬੀਵੀ ਬੱਚਿਆਂ ਨੂੰ ਭੁਲ ਕੇ ਆਪਣੇ ਫੇਫੜਿਆਂ ਦੀ ਕੁਰਬਾਨੀ ਦੇਣ ਲਈ ਤਿਆਰ ਹੋ। ਠਹਿਰੋ!--ਮੈਂ ਜਾਂਦੀ ਹਾਂ।"

"ਤੂੰ ਉਹਨੂੰ ਕਹੀਂ ਕਿ ਸਾਡੇ ਸਟਾਕ ਚ ਹਰ ਤਰ੍ਹਾਂ ਦਾ ਕੋਲਾ ਮੌਜੂਦ ਹੈ। ਮੈਂ ਉਹਨਾਂ ਦੇ ਭਾ ਏਥੇ ਹੀ ਬੋਲ ਕੇ ਦਸ ਦਿਆਂਗਾ।"

"ਚੰਗਾ!" ਪਤਨੀ ਪੌੜੀ ਤੇ ਚੜ੍ਹਦੀ ਹੋਈ ਕਹਿੰਦੀ ਹੈ ਤੇ ਸੁਭਾਵਕ ਤੋਰ ਤੇ ਝਟ ਹੀ ਮੈਨੂੰ ਵੇਖ ਲੈਂਦੀ ਹੈ।

"ਸੇਠਾਣੀ ਜੀ! ਨਮਸਤੇ, ਸਿਰਫ ਇਕ ਬੇਲਚਾ ਕੋਲੇ ਦਾ ਮੇਰੀ ਬਾਲਟੀ ਵਿਚ–ਮੈਂ ਹੀ ਚੁੱਕ ਕੇ ਲੈ ਜਾਵਾਂਗਾ। ਕੇਵਲ ਇਕੋ ਹੀ ਬੇਲਚਾ। ਤੁਹਾਡੇ ਕੋਲ ਜਿਹੜਾ ਸਭ ਤੋਂ ਘਟੀਆ ਕੋਲਾ ਹੋਵੇ। ਹਾਂ, ਤੁਹਾਨੂੰ ਇਹਦੇ ਪੈਸੇ ਜ਼ਰੂਰ ਦਿਆਂਗਾ। ਪਰ ਹਾਲੇ ਨਹੀਂ। ਇਸ ਵੇਲੇ ਨਹੀਂ। ਇਸ ਵੇਲੇ ਨਹੀਂ।" ਇਕ ਤਾਬੂਤ ਜਿਹੀ ਆਵਾਜ਼ ਹੈ ਇਹਨਾਂ ਸ਼ਬਦਾਂ ਵਿਚ–"ਇਸ ਵੇਲੇ ਨਹੀਂ!" ਅਤੇ ਕਿੰਨੀ ਹੈਰਾਨੀ ਨਾਲ ਇਹ ਸ਼ਬਦ ਨੇੜਲੇ ਗਿਰਜੇ ਦੀ ਮੀਨਾਰ ਦੀਆਂ ਘੰਟੀਆਂ ਦੀ ਅਵਾਜ਼ ਨਾਲ ਇਕ–ਸੁਰ ਹੋ ਜਾਂਦੇ ਨੇ।

"ਆਖਿਰ ਉਹ ਕੀ ਚਾਹੁੰਦਾ ਹੈ।" ਸੇਠ ਅੰਦਰੋਂ ਪੁਛਦਾ ਹੈ।

"ਕੋਈ ਵੀ ਨਹੀਂ।" ਉਹਦੀ ਪਤਨੀ



Sri Satguru Jagjit Singh Ji Elibrary NamdhariElibrary@gmail.com

Off. 23484
Resi.23941,23175

# • KISSAN STEEL DISCS •

Mfrs. of Quality Steel Discs

KISSAN STEEL DISCS
INDIA
BLACK HORSE
I.S.I.4366
CONCAVE DISC ONLY
EN-42 AS PER IMPORTED STEEL SPECIFICATION

GOLDENFISH
RGD. No. A 24919-79
EN-42
IMPORTED-STEEL

**Tinkoni Chowk, MALOUT-152107,**
**(DISTT-FARIDKOT)**

---

☎ : 24262

## RAMGARIA IRON STORE

**Dealers**
**All Kinds of Hardware**
**Iron Material**

**Prop.Jagjit Singh Ramgaria**
**Opp. Old Power House, G.T. Road,**
**MALOUT (Pb.)**

---

PHONE: 20675

## H.S.Kalsi Engineering Works

ਤਿਆਰ ਕਰਤਾ:–
ਰੋਲਿੰਗ ਸ਼ਟਰ, ਫਲੈਕਸੀਬਲ ਗੇਟ, ਗਰਿਲ ਤੇ ਐਗਰੀਕਲਚਰਲ ਇੰਪਲੀਮੈਂਟਸ ਆਦਿ ।



ਪ੍ਰੋ:–ਰਗਪਾਲ ਸਿੰਘ ਕਲਸੀ
**MOGA ROAD,**
**KOT KAPURA-151204**


Sri Satguru Jagjit Singh Ji Elibrary NamdhariElibrary@gmail.com

# ਜ਼ਿੰਦਗੀ ਦਾ ਬਾਰਡਰ



ਪੁਰਾਣੇ ਸਮਿਆਂ ਵਿਚ ਪੇਂਡੂ ਔਰਤਾਂ ਆਮ ਕਰਕੇ ਸਾਦੇ ਕੱਪੜੇ ਹੀ ਪਹਿਨਦੀਆਂ ਸਨ। ਕਈ ਘਰਾਂ ਵਿਚ ਕੁੜੀਆਂ ਆਪ ਹੀ ਕੱਪੜੇ ਬੁਣਦੀਆਂ ਸਨ ਤੇ ਕਈ ਕੁੜੀਆਂ ਅਜਿਹੀਆਂ ਵੀ ਸਨ ਜੋ ਤਰ੍ਹਾਂ-ਤਰ੍ਹਾਂ ਦੇ ਡੱਬੀਆਂ ਵਾਲੇ ਰੰਗ-ਬਰੰਗੇ ਖੇਸ ਬੁਣਦੀਆਂ ਤੇ ਨਮੂਨੇ ਕੱਢਦੀਆਂ। ਇਹ ਖੇਸ ਬਹੁਤ ਹੀ ਹੰਢਣਸਾਰ ਹੁੰਦੇ ਸਨ। ਕਈ ਹੋਰ ਸਚਿਆਰੀਆਂ ਕੁੜੀਆਂ ਦਰੀਆਂ ਤੇ ਨਮੂਨੇ ਕੱਢਦੀਆਂ ਤੇ ਇਹ ਦਰੀਆਂ ਵੀ ਬਹੁਤ ਸੁੰਦਰ ਤੇ ਹੰਢਣਸਾਰ ਹੁੰਦੀਆਂ ਸਨ। ਪਰ ਤੋਤ ਵਾਲੀ ਗੱਲ ਇਹ ਹੈ ਕਿ ਉਸ ਸਾਦੇ ਲਿਬਾਸ ਵਿਚ ਹੀ ਪੇਂਡੂ ਔਰਤਾਂ ਬਣ-ਬਣ ਪੈਂਦੀਆਂ ਜਦ ਉਹ ਆਪ ਹੀ ਹੱਟੀ ਤੋਂ ਰੰਗ ਖਰੀਦ ਕੇ ਸਲਵਾਰਾਂ ਜਾਂ ਕੁੜਤੀ ਨੂੰ ਅਜਿਹੇ ਢੰਗ ਨਾਲ ਰੰਗ ਦਿੰਦੀਆਂ ਕਿ ਰੰਗ ਚਮਕ-ਚਮਕ ਪੈਂਦੇ। ਇਹ ਰੰਗ ਆਮ ਕਰਕੇ ਗੂੜ੍ਹੇ ਹਰੇ. ਨੀਲੇ ਜਾਂ ਪੀਲੇ ਹੁੰਦੇ ਸਨ। ਇੰਜ ਇਹ ਪੇਂਡੂ ਔਰਤਾਂ ਜਿਨ੍ਹਾਂ ਦੇ ਘਰੀ ਮਸਾਂ ਹੀ ਗੁਜ਼ਾਰਾ ਚਲਦਾ ਸੀ. ਆਪਣੇ ਪਹਿਨਣ ਪਰਚਨ ਦੇ ਸ਼ੌਕ ਪੂਰੇ ਕਰਦੀਆਂ ਸਨ।

ਫੇਰ ਇਕ ਹੋਰ ਜ਼ਮਾਨਾ ਆਇਆ ਜਦ ਇਨਾਂ ਨੇ ਆਪਣੇ ਲਿਬਾਸ ਅਰਥਾਤ ਕੁੜਤੀ ਦੇ ਹੇਠਾਂ ਹੋਰ ਰੰਗ ਦਾ ਬਾਰਡਰ ਲਾਉਣਾ ਸ਼ੁਰੂ ਕੀਤਾ। ਇੰਜ ਦੂਜੇ ਰੰਗ ਦਾ ਲਾਇਆ ਗਿਆ ਬਾਰਡਰ ਇਹਨਾਂ ਦੇ ਕੱਪੜੇ ਨੂੰ ਇਕ ਨਵੀ ਦਿੱਖ ਪ੍ਰਦਾਨ ਕਰਦਾ। ਸੁਹਣੀਆਂ ਸੁਨੱਖੀਆਂ ਮੁਟਿਆਰਾਂ ਜਦ ਇਹ ਬਾਰਡਰ ਵਾਲੇ ਕਮੀਜ਼ ਪਹਿਨਦੀਆਂ ਤਾਂ ਸ਼ਹਿਜ਼ਾਦੀਆਂ ਜਾਪਦੀਆਂ। ਇਹ ਕਾਢ ਨੌਜਵਾਨ ਸ਼ੁਕੀਨ ਕੁੜੀਆਂ ਨੇ ਕੱਢੀ ਸੀ ਤਾਂ ਕਿ ਥੋੜ੍ਹੇ ਵਿਚ ਹੀ ਕੱਪੜੇ ਦੇ ਸ਼ਿੰਗਾਰ ਨੂੰ ਚਾਰ ਚੰਨ ਲੱਗ ਜਾਣ।

ਹੁਣ ਅੱਜ ਦੇ ਯੁੱਗ ਵਿਚ ਨਵੇਂ ਤੋਂ ਨਵੇਂ ਫੈਸ਼ਨ ਚੱਲ ਪਏ ਹਨ। ਨਵੇਂ ਪਰਿੰਟ ਕੱਪੜੇ ਹਰ ਰੋਜ਼ ਬਦਲ ਰਹੇ ਹਨ। ਪਰ ਇਨਸਾਨ ਦੀ ਭੁਖ ਕਿਹੀ ਕਿ ਮਿੱਟਣ ਤੇ ਸੰਤੁਸ਼ਟ ਹੋਣ ਵਿਚ ਨਹੀ ਆਉਂਦੀ। ਇਥੋਂ ਤੀਕ ਕਿ ਜਿਹੜੇ ਘਰਾਂ ਵਿਚ ਦੋ ਡੰਗ ਦੀ ਰੋਟੀ ਮੁਸ਼ਕਲ ਨਾਲ ਪੱਕਦੀ ਹੈ. ਉਹ ਵੀ ਇਹਨਾਂ ਡਿਜ਼ਾਇਨਾਂ ਮਗਰ ਭੱਜਦੇ ਹਨ। ਕਈ ਸ਼ਹਿਰੀ ਜਾਂ ਪੇਂਡੂ ਪਰਿਵਾਰਾਂ ਵਿਚ ਜਿਥੇ (2-3) ਬੱਚੇ ਕਾਲਜ ਜਾਂਦੇ ਹੋਣ ਤਾਂ ਸਮਝ ਲਵੋ ਕਿ ਮਾਂ ਬਾਪ ਦੀ ਜੂਨ ਜ਼ੋਖਮ ਤੋਂ ਖਾਲੀ ਨਹੀਂ ਹੈ।

ਚੰਗਾ ਹੋਵੇ ਜੇਕਰ ਕਾਲਜ ਜਾਣ ਵਾਲੇ ਬੱਚੇ ਮਾਂ-ਬਾਪ ਦੀ ਜਾਨ ਨੂੰ ਜ਼ੋਖਮ ਵਿਚ ਨਾ ਪਾਉਣ। ਸਾਦਗੀ ਵਿਚ ਵਿਸ਼ਵਾਸ ਕਰਨ ਲੱਗ ਪੈਣ। ਸਵਾਮੀ ਵਿਵੇਕਾ ਨੰਦ ਦੇ ਖਿਆਲਾਂ ਦੇ ਧਾਰਨੀ ਹੋ ਜਾਣ। ਜਿਥੇ ਕਿਤਾਬਾਂ. ਕਾਪੀਆਂ ਤੇ ਫੀਸਾਂ ਦੇ ਖਰਚੇ ਹੀ ਏਨੇ ਹਨ ਕਿ ਇਕ ਕਿਸਾਨ. ਜ਼ਿਮੀਂਦਾਰ. ਕਲਰਕ ਜਾਂ ਮੁਣਸ਼ੀ ਮੁਸੱਦੀ ਬੜੀ ਹੀ ਮੁਸ਼ਕਲ ਨਾਲ ਆਪਣੇ ਬੱਚਿਆਂ ਨੂੰ ਕਾਲਜ ਵਿਚ ਭੇਜ ਸਕਦਾ ਹੈ। ਕੋਈ ਵੀ ਕਿਤਾਬ 50 ਜਾਂ 60 ਰੁਪਏ ਤੋਂ ਘਟ ਨਹੀਂ ਹੈ। ਭਾਵ ਉਚੀ ਵਿਦਿਆ ਮਹਿੰਗੀ ਹੋ ਚੁੱਕੀ ਹੈ।

ਜੇਕਰ ਇਹਨਾਂ ਮੁੰਡੇ ਤੇ ਕੁੜੀਆਂ ਨੇ ਜ਼ਿੰਦਗੀ ਨੂੰ ਖੂਬਸੂਰਤ ਬਣਾਉਣਾ ਹੈ ਤਾਂ ਜ਼ਿੰਦਗੀ ਨੂੰ ਚੰਗੀ ਪੜ੍ਹਾਈ ਤੇ ਉਚੇਰੀ ਸਿੱਖਿਆ ਦਾ ਬਾਰਡਰ ਲਾਉਣ। ਫਿਰ ਵੇਖੋ ਜ਼ਿੰਦਗੀ ਕਿਵੇ ਲਿਸ਼ਕ-ਲਿਸ਼ਕ ਪੈਂਦੀ ਹੈ ਤੇ ਸੂਹੇ ਅੱਖਰਾਂ ਦਾ ਚਾਨਣ ਇਹਨਾਂ ਦੇ ਜੀਵਨ ਨੂੰ ਰੋਸ਼ਨ ਕਰਨ ਲਈ ਕਿਵੇ ਸਹਾਈ ਹੁੰਦਾ ਹੈ। ਜ਼ਿੰਦਗੀ ਨੂੰ ਬਾਰਡਰ ਲਾਉਣ ਇਹ ਵਿਦਿਆਰਥੀ ਆਪਣੇ ਸ਼ੌਕ. ਸੱਧਰਾਂ ਤੇ ਚਾਵਾਂ ਨਾਲ। ਆਪਣੀ ਪੜ੍ਹਾਈ ਤੇ ਉਚੀ ਰੱਖਣ ਤੇ ਆਚਰਣ ਦੀ ਵਿਦਿਆ ਪ੍ਰਾਪਤ ਕਰਨ ਗੁਰੂ ਨਾਨਕ ਜੀ ਦੀ ਬਾਣੀ ਤੋਂ ।

ਪਰ ਅੱਜ ਦੀ ਅਸਲੀਅਤ ਕੁਝ ਹੋਰ ਹੀ ਹੈ। ਬੱਚੇ ਸਕੂਲਾਂ ਨੂੰ ਸੱਜ-ਧੱਜ ਕੇ ਜਾਂਦੇ ਜ਼ਰੂਰ ਹਨ। ਪਰ ਪੜ੍ਹਨ ਵਾਲਾ ਕੋਈ ਵਿਰਲਾ ਟਾਂਵਾਂ। ਮੁੰਡੇ ਤੇ ਕੁੜੀਆਂ ਕਾਲਜਾਂ ਨੂੰ ਵੱਡੀ ਗਿਣਤੀ ਵਿਚ ਵਹੀਰਾਂ ਘੱਤਦੇ ਜ਼ਰੂਰ ਹਨ ਪਰ ਪੁਸਤਕਾਂ ਤੇ ਕਿਤਾਬਾਂ ਪੜਨ ਤੇ ਉਹਨਾਂ ਉਪਰ ਹੋਪ ਹੋ ਜਾਣ ਵਾਲੇ ਬਹੁਤ ਵਿਰਲੇ। ਬਾਕੀ ਸਾਰੀ ਦੀ ਸਾਰੀ ਫੈਸ਼ਨ ਪਰੇਡ। ਅੱਜ ਦਾ ਇਨਸਾਨ ਜ਼ਿੰਦਗੀ ਦੀ ਸਾਰਥਕਤਾ ਤੇ. ਜ਼ਿੰਦਗੀ ਦੀ ਸਚਾਈ ਤੋਂ ਪਰਛਾਵੇ ਵਾਂਗ ਦੂਰ ਹੁੰਦਾ ਜਾ ਰਿਹਾ ਹੈ। ਜੇ ਇਵੇ ਹੀ ਚਲਦਾ ਰਿਹਾ ਤਾਂ ਕੋਈ ਸਮਾਂ ਆਵੇਗਾ ਜਦ ਜ਼ਿੰਦਗੀ ਦੀ ਡੋਰ ਸਾਡੇ ਹੱਥ ਨਹੀ ਰਹਿਣੀ। ਕੀ ਭੁਲਾ ਅਸੀਂ ਨਵੇਂ ਤੋਂ ਨਵੇਂ ਡਿਜ਼ਾਈਨ ਪਹਿਨ ਕੇ. ਨਵੇਂ ਤੋਂ ਨਵੇਂ ਵਿਦੇਸ਼ੀ ਕੱਟ ਪਾ ਕੇ. ਸੱਚਮੁੱਚ ਅਫਲਾਤੂਨ ਬਣ ਜਾਵਾਂਗੇ ? ਜ਼ਿੰਦਗੀ ਨੂੰ ਖੂਬਸੂਰਤ ਬਣਾਉਣ ਲਈ ਬਾਰਡਰ ਤਾਂ ਉਹਨਾਂ ਪੁਰਾਣੀਆਂ ਔਰਤਾਂ ਵਾਂਗ ਵੀ ਲਾਇਆ ਜਾ ਸਕਦਾ ਹੈ।

---

←

ਚੀਕਦੀ ਹੈ-"ਏਥੇ ਤਾਂ ਕੋਈ ਵੀ ਨਹੀ। ਮੈਨੂੰ ਨਾ ਕੁਝ ਵਿਖਾਈ ਦੇਂਦਾ ਏ ਤੇ ਨਾ ਹੀ ਕੁਝ ਸੁਣਦਾ ਹੈ-ਕੇਵਲ ਫੱਟੇ ਖੜਕ ਰਹੇ ਨੇ। ਹੁਣ ਸਾਨੂੰ ਦੁਕਾਨ ਬੰਦ ਕਰ ਦੇਣੀ ਚਾਹੀਦੀ ਹੈ। ਸਰਦੀ ਖਤਰਨਾਕ ਹੋ ਗਈ ਹੈ। ਕਲ ਫੇਰ ਸਾਨੂੰ ਕਾਫੀ ਕੰਮ ਕਰਨਾ ਪਵੇਗਾ"

ਉਹ ਕੁਝ ਵੀ ਨਾ ਵੇਖਦੀ ਅਤੇ ਕੁਝ ਨਾ ਸੁਣਣ ਦਾ ਬਹਾਨਾ ਕਰਨ ਦੇ ਬਾਵਜੂਦ ਆਪਣੇ ਲੱਕ ਨਾਲ ਬੰਨ੍ਹੇ ਹੋਏ ਫੀਤੇ ਨੂੰ ਜ਼ਰਾ ਢਿਲਾ ਕਰਕੇ ਹਿਲਾਂਦੀ ਹੋਈ ਇਸ਼ਾਰੇ ਨਾਲ ਹੀ ਮੈਨੂੰ ਦਫਾ ਹੋਣ ਲਈ ਕਹਿੰਦੀ ਹੈ ਅਤੇ ਬਦ ਕਿਸਮਤੀ ਨਾਲ ਉਹ ਇੰਜ ਕਰਨ ਚ ਸਫਲ ਵੀ ਹੋ ਜਾਂਦੀ ਹੈ। --ਮੇਰੀ ਬਾਲਟੀ ਚ ਇਕ ਘੋੜੇ ਵਾਲੇ ਸਾਰੇ ਗੁਣ ਤਾਂ ਮੌਜੂਦ ਉਹਦੇ ਚ ਡਟੇ ਰਹਿਣ ਦੀ ਸ਼ਕਤੀ ਨਹੀਂ ਹੈ। ਉਹ ਬਹੁਤ ਹੀ ਬੇਵਿਜ਼ਨ ਤੇ ਹੋਲੀ ਹੈ। ਇਕ ਔਰਤ ਦਾ ਪਲੂ ਵੀ ਉਹਨੂੰ ਹਵਾ ਚ ਉਡਾ ਸਕਦਾ ਹੈ।

"ਕਮੀਨੀ ਔਰਤ।" ਮੈ ਚੀਕਦਾ ਹਾਂ। ਉਹ ਮੁੜਕੇ ਦੁਕਾਨ ਚ ਜਾਂਦੀ ਹੋਈ ਗੁੱਸੇ ਅਤੇ ਵਿਸ਼ਵਾਸ ਨਾਲ ਆਪਣੇ ਮੁਕੇ ਨੂੰ ਹਵਾ ਚ ਉਲਾਰਦੀ ਹੈ।

"ਕਮੀਨੀ।" ਮੈਂ ਉਤਰ ਚ ਚੀਕਦਾ ਹਾਂ-"ਇਕ ਬੇਲਚਾ ਭਰ ਘਟੀਆ ਕੋਲੋਂ ਦੀ ਬੇਨਤੀ ਕੀਤੀ ਪਰ ਤੂੰ ਨਾ ਦੇ ਸਕੀ।"

ਅਤੇ ਇਹਦੇ ਨਾਲ ਹੀ ਮੈਂ ਬੁਲੰਦੀਆਂ ਚ ਬਰਫ ਦੀਆਂ ਪਹਾੜੀਆਂ ਵਾਲੇ ਇਲਾਕੇ ਵਲ ਉਡ ਜਾਂਦਾ ਹਾਂ ਅਤੇ ਸਦਾ ਲਈ ਗੁੰਮ ਹੋ ਜਾਂਦਾ ਹਾਂ।

---

## ਜਠੇਰੇ ਭਮਰਾ ਬ੍ਰਾਦਰੀ ਪਿੰਡ ਰਾਣੀਪੁਰ ਵਿਖੇ ਸਮਾਗਮ 9 ਅਪ੍ਰੈਲ ਨੂੰ

9 ਅਪ੍ਰੈਲ ਨੂੰ ਸਮੂਹ ਭਮਰਾ ਗੋਤੀ ਰਾਮਗੜ੍ਹੀਆ ਵੀਰਾਂ ਪਿੰਡ ਰਾਣੀਪੁਰ ਅਤੇ ਰਾਮਗੜ੍ਹ ਵਲੋਂ ਸਲਾਨਾ ਜੋੜ ਮੇਲਾ ਪਿੰਡ ਰਾਣੀਪੁਰ ਵਿਖੇ ਮਨਾਇਆ ਜਾ ਰਿਹਾ ਹੈ। ਝੰਡੇ ਦੀ ਰਸਮ. ਕੀਰਤਨ. ਵਿਚਾਰਾਂ ਉਪ੍ਰੰਤ ਗੁਰੂ ਜੀ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ. ਸਮੂਹ ਭੰਮਰਾ ਵੀਰਾਂ ਨੂੰ ਆਪਣੇ ਬਜ਼ੁਰਗਾਂ ਦੀ ਯਾਦ ਨੂੰ ਤਾਜਾ ਕਰਨ ਲਈ ਪੁੱਜਣ ਲਈ ਬੇਨਤੀ ਹੈ।

ਵਲੋਂ:-

ਸ: ਸਾਧੂ ਸਿੰਘ ਭਮਰਾ, ਪਿੰਡ ਰਾਣੀਪੁਰ
ਸ: ਗੁਰਮੇਲ ਸਿੰਘ ਭੰਮਰਾ M.C ਫੋਰਾਇਆ



Sri Satguru Jagjit SIngh Ji Elibrary NamdhariElibrary@gmail.com

ਫੋਨ : **24185**

# ਰਾਮਗੜ੍ਹੀਆ ਵੁੱਡ ਵਰਕਸ

## ਫੈਂਸੀ ਫਰਨੀਚਰ ਸ਼ੋ ਰੂਮ

ਇਥੇ ਹਰ ਕਿਸਮ ਦਾ ਫੈਂਸੀ ਫਰਨੀਚਰ ਗਾਰੰਟੀ ਸ਼ੁਦਾ ਤਿਆਰ ਕੀਤਾ ਜਾਂਦਾ ਹੈ ।







ਪ੍ਰੋ:- ਮਲਕੀਅਤ ਸਿੰਘ

**ਜੀ:ਟੀ:ਰੋਡ, ਨੇੜੇ ਡੀ: ਸੀ: ਐਮ ਫੈਕਟਰੀ, ਮਲੋਟ**

---

Phones: Off. 225568
Resi. 225884

# GURMEET MOTORS

## AUTOMOBILE ENGINEERS & MECHANICAL REPAIRERS



***S. Gurmeet Singh Kalsi***

**President:**
**Master Mota Singh Nagar Welfare Society,**
**Jalandhar Motor Garage Assocition**
**Master Mota Singh Nagar Welfare Association**

**MARUTI**

**Near Narinder Palace, Building No. 916, G.T. Road,**
**JALANDHAR CITY-144001.**



Sri Satguru Jagjit Singh Ji Elibrary NamdhariElibrary@gmail.com

# ਉਹਦਾ ਲੁਟ ਲਿਆ ਗਿਆ ਚਿਨ



ਤਾਜੀ ਨੂੰ ਤੇਰ੍ਹਵਾਂ ਚੜ੍ਹਿਆ ਸੀ ਕਿ ਉਹਦੇ ਪੇਵਕੇ ਨੂੰ ਉਹਦੇ ਹੱਥ ਪੀਲੇ ਕਰਨ ਦੀ ਫਿਕਰ ਖਾਣ ਲੱਗ ਪਈ। ਤ੍ਰੀਮਤ-ਖਾਵੰਦ ਜਦੋਂ ਉਹ ਰਲ ਬਹਿੰਦੇ ਕਿਸੇ-ਨ-ਕਿਸੇ ਤਰ੍ਹਾਂ ਗੱਲਾਂ ਵਿਚੋਂ ਇਹ ਗੱਲ ਛਿੜ ਪੈਂਦੀ. ਕੁੜੀ ਕੋਠੇ-ਨਾ-ਲੋਨਾ ਹੋਈ ਗਈ ਹੈ। ਕੁੜੀਆਂ-ਚਿੜੀਆਂ ਵੇਲਾਂ ਹਾਕਰਾਂ ਵਧਦੀਆਂ ਨੇ। ਗਿਠ ਵਾਰ ਚੜਨੀ ਵਹੇਂ ਕੁੜੀਆਂ ਕੀ। ਸਿੱਪੀ ਤਾਂ ਹਿਸਕੀ ਕਜੀ-ਕਜੀ. ਢਕੀ ਢਕੀ ਕੇ ਹਾਰ ਵਾਰ ਨਹੀ ਅਛਣੀ।

ਤਾਜੀ ਨੂੰ ਆਪਣੀ ਮਾਂ ਸੂਬੇਦਾਰਨੀ ਦੀ ਪੂੰਦਾ ਤੇ ਬੜੀ ਖਿਝ ਆਂਦੀ। ਇਥੇ ਬਹਿ ਉਥੇ ਨਾ ਬਹਿ। ਇਥੇ ਜਾ. ਉਥੇ ਨਾ ਜਾ। ਇੰਜ ਤੁਰ. ਉਂਜ ਨਾ ਤੁਰ। ਪੱਲਾ ਸਿਰ ਤੇ ਕਿਵੇ ਲਈਦਾ। ਲੀਤਾ ਬਸ ਕੰਜਰ ਹੁੰਦਾ ਏ. ਹੋਰ ਕੁਝ ਨਹੀ। ਜਵਾਨ-ਜਹਾਨ ਕੁੜੀਆਂ ਨੂੰ ਕੀ ਲਗੇ ਤੇ ਇੰਜ......

ਜਵਾਨ-ਜਹਾਨ : ਤਾਜੀ ਜਦੋ ਵੀ ਆਪਣੀ ਮਾਂ ਦੇ ਮੂੰਹੋ ਇਹ ਬੋਲ ਸੁਣਦੀ. ਉਹਦੇ ਸੀਨੇ ਵਿੱਚ ਇਕ ਨਗ਼ਮਾ ਜਿਹਾ ਛਿੜ ਪੈਂਦਾ. ਤੇ ਉਹਨੂੰ ਇਕਦਮ ਉਹ ਅਲਖਤ ਆਣੀ ਬੰਦ ਹੋ ਜਾਂਦੀ ਜਿਹੜੀ ਉਹਨੂੰ ਆਂਦੀ ਸੀ ਅੱਠੇ ਪਹਿਰ ਆਪਣੀ ਅੰਮੜੀ ਦੀ ਟੋਕਾ-ਟਾਕੀ ਤੋਂ।

ਜਵਾਨ-ਜਹਾਨ ਤੇ ਤਾਜੀ ਨੂੰ ਆਪਣਾ ਅੰਗ ਅੰਗ ਨਿਖਰਿਆ ਨਿਖਰਿਆ ਲਗਦਾ। ਉਹਦਾ ਬੰਦ ਬੰਦ ਜਿਵੇ ਠਰਿਆ ਹੋਵੇ। ਉਹਦੀਆਂ ਅੱਖਾਂ ਅੱਗੇ ਵੰਨ-ਸੁਵੰਨ ਰੰਗ ਚਮਕਣ ਲਗ ਪੈਂਦੇ. ਲਾਲ. ਪੀਲੇ. ਹਰੇ. ਨੀਲੇ. ਕਾਸ਼ਨੀ. ਕਿਰਮਚੀ ਸਲੇਟੀ. ਸੁਰਮਈ. ਉਨਾਬੀ. ਗੁਲਾਬੀ। ਉਹਦੇ ਹੋਠਾਂ ਤੇ ਲੋਕਗੀਤ ਦੇ ਇਹ ਬੋਲ ਥਿਰਕਣ ਲਗਦੇ।

ਬਾਬਲ ਤੇਰੇ ਮਹਿਲਾਂ ਚੋ, ਤੇਤੀ ਲਾਡੋ
ਪਰਦੇਸਣ ਹੋਈ।

ਤੇ ਚਾਰੇ ਕੰਧਾਂ ਚੁਬਾਰੇ ਦੀਆਂ ਨੇ ਪਾਰੇ ਵਾਂਗੂ ਹਿੱਲੀਆਂ।

ਤਾਜੀ ਦੇ ਅੱਬਾ ਨੂੰ ਫੋਜ ਤੋ ਵਿਹਲੇ ਹੋਏ ਤਿੰਨ ਵਰ੍ਹੇ ਹੋ ਗਏ ਸਨ। ਫਰੰਗੀ ਨੇ. ਬਸਰੇ ਤੇ ਬਗਦਾਦ ਵਿਚ ਹਿੰਦੁਸਤਾਨੀਆਂ ਨੂੰ ਡਾਹਕੇ ਆਪਣਾ ਕੰਮ ਕਢਵਾ ਲਿਆ ਤੇ ਫਿਰ ਅਗਲਿਆਂ ਦੀ ਛੁੱਟੀ ਕਰ ਦਿੱਤੀ ਸੀ। ਕੋਈ ਗੱਲ ਨਹੀ. ਤਾਜੀ ਦਾ ਅੱਬਾ ਖ਼ੁਸ਼ ਸੀ. ਬਹੁਤ ਖ਼ੁਸ਼। ਉਹਦੀ ਆਪਣੀ ਜ਼ਿਮੀ ਸੀ. ਮਾਲ ਡੰਗਰ। ਸੂਬੇਦਾਰ ਨੂੰ ਗੋਰੇ ਦੀ ਚਾਕਰੀ ਛੁੱਟ ਜਾਣ ਦਾ ਕੋਈ ਮੰਦਾ ਨਹੀ ਸੀ। ਲੱਖ ਲਾਡਾਂ ਨਾਲ ਪਲੀ ਅਪਣੀ ਧੀ ਦਾ ਵਿਆਹ ਕਰ ਕੇ ਤ੍ਰੀਮਤ ਖਾਵੰਦ ਵਿਹਲੇ ਹੋ ਜਾਣਗੇ। ਪੁੱਤਰ ਉਨ੍ਹਾਂ ਦਾ ਕਦੋਂ ਦਾ ਵਿਆਹਿਆ-ਵਰ੍ਹਿਆ ਸੀ। ਛਾਉਣੀ ਵਿਚ ਦਰਜ਼ੀ ਦੀ ਦੁਕਾਨ ਕਰਦਾ ਸੀ। ਗੋਰੀ ਚਿੱਟੀ ਉਨ੍ਹਾਂ ਦੀ ਨੂੰਹ ਸੀ. ਨਿਰੀ ਪੂਰੀ ਜਿਵੇ ਮੋਮ ਹੋਵੇ।

ਪਰ ਸੂਬੇਦਾਰ ਦੀ ਧੀ ਲਈ ਵਰ ਲੱਭਣਾ ਕੋਈ ਖ਼ਾਲਾ ਜੀ ਦਾ ਘਰ ਨਹੀ ਸੀ। ਉਚੀ ਢੱਕੀ ਚੜ੍ਹਨ ਵਾਲੀ ਗੱਲ ਸੀ। ਅਗਲਾ ਸੂਬੇਦਾਰ ਨਾ ਸਹੀ. ਜਮਾਂਦਾਰ ਤੇ ਹੋਵੇ। ਤੇ ਫੇਰ ਆਪਣੀ ਜ਼ਾਤ ਬਰਾਦਰੀ ਦਾ। ਤੇ ਉਹਦੀ ਤ੍ਰੀਮਤ ਸੂਬੇਦਾਰਨੀ ਕਹਿੰਦੀ. "ਮੈ ਕੁੜੀ ਕੀ ਆਪਣੇ ਤ੍ਰੰਗੜੇ ਤੋਂ ਬਾਹਰ ਨਹੀ ਟੋਰਨਾ।" ਕੋਈ ਗੱਲ ਵੀ ਹੋਈ। ਇਤਨੀਆਂ ਚਾਬਤਾਂ ਕੌਣ ਪੁਗਾਂਦਾ ? ਪਿੰਡ ਪਿੰਡ ਵਿੱਚ ਉਨ੍ਹਾਂ ਦੀ ਸੂਬੇਦਾਰੀ ਥੋੜ੍ਹੀ ਚਲਦੀ ਸੀ।

ਢੁਕਵੇ ਵਰ ਦੀ ਉਡੀਕ. ਤਾਜੀ ਸੁਫਨਿਆਂ ਦੇ ਮਹਿਲ ਉਸਾਰਦੀ ਰਹਿੰਦੀ. ਢਾਹਦੀ ਰਹਿੰਦੀ। ਫੇਰ ਉਸਾਰਦੀ. ਫੇਰ ਢਾਹਦੀ। ਇਕ ਤੋ ਬਾਅਦ-ਇੱਕ ਛਾਉਣੀ ਵਿਚ ਬੀਤਿਆ ਉਹਦਾ ਬਾਲਪਨ। ਲਾਲ ਕੁੜਤੀ ਦੇ ਮੰਡੂਏ ਵਿੱਚ ਵੇਖੀ ਹੀਰ ਸਲੇਟੀ ਨਾਂ ਦੀ ਫਿਲਮ ਵਿਚ ਧੀਦੋ ਦਾ ਹੀਰ ਦੇ ਬੇਲੇ ਵਿਚ ਉਹਦੇ ਪਲੰਘ ਤੇ ਪੈ ਕੇ ਸੌ ਜਾਣਾ ਤੇ ਫਿਰ ਉਹਨਾਂ ਦਾ ਮੇਲ। ਤੇ ਫਿਰ ਹਾਏ ਉਹ ਇੱਕ ਬਿੰਦ। ਇਤਨੇ ਵਰ੍ਹੇ ਹੋ ਗਏ . ਉਹ ਦਿਨ ਤਾਜੀ ਦੀਆਂ ਅੱਖੀਆਂ ਵਿੱਚ ਜਿਵੇ ਪ੍ਰਚਿਆ ਹੋਇਆ ਸੀ। ਤੇ ਜਿਹੜੇ ਟਪੇ ਉਹ ਗਾਇਆ ਕਰਦੀ ਸੀ :

ਮੰਜਰੀ
ਯਾਰ ਮੇਰਾ ਰੰਗ ਬਦਲੇ.
ਕਦੇ ਕਿਰਮਚੀ. ਕਪਾਹੀ. ਕਦੇ ਅੰਬਰੀ।
ਤਾਰਾ।
ਪਾਣੀਆਂ ਚ ਰਤ ਘੁਲ ਗਈ.
ਹੱਥ ਰੰਗ ਲੈ ਮਜਾਜੀਆ ਯਾਰਾ।
ਹਲਦੀ।
ਆ ਬਹਿ ਕੇ ਸੇਕ ਮਿਤਰਾ.
ਰੋਜ਼ ਸਿਵਿਆਂ ਦੇ ਵਿੱਚ ਅੱਗ ਬਲਦੀ।

ਤੇ ਫੇਰ ਤਾਜੀ ਲਈ ਵਰ ਲਭ ਪਿਆ। ਗੋਲੜੇ ਪੀਰ ਦੇ ਮੁਤਵੱਲੀਆਂ ਵਿਚੋ ਉਚ-ਦੁਮਾਲੀਏ ਤੁੱਲਾ ਖਾਨ ਦਾ ਇਕੋ-ਇਕ ਪੁੱਤਰ। ਪਹਿਲੀ ਤ੍ਰੀਮਤ ਉਹਦੀ ਮਰ ਗਈ ਸੀ। ਕੋਈ ਕਹਿੰਦੇ. ਦੋ ਮਰ ਗਈਆਂ ਸਨ। "ਇਸ ਵਿਚ ਕਿਹੜਾ ਅਬੱਸ ਏ ?. ਸੋਕਣ ਉਤੇ ਤਾਂ ਨਹੀ ਗੱਛਣ ਲਗੀ।" ਉਡੀਕ ਉਡੀਕ ਕੇ ਕਾਹਲੀ ਪਈ ਉਹਦੀ ਮਾਂ ਪਰਾਂ ਤੇ ਪਾਣੀ ਨਾ ਪੈਣ ਦਿੰਦੀ। ਮੁੰਡਾ ਚੰਗਾ ਗਭਰੂ ਸੀ। ਬੂਟੇ ਵਰਗਾ ਕਦ। ਡੰਗਰਾਂ ਦੇ ਮੇਲੇ ਵਿਚ ਹਰ ਜੁੰਮੇਰਾਤ ਨੂੰ ਰਾਹਦਾਰੀ ਇਕੱਠੀ ਕਰਦਾ ਸੀ। ਤੇ ਫੇਰ ਅਗਲੀ ਜੁੰਮੇਰਾਤ ਦੀ ਉਡੀਕ ਕਰਨ ਲਗ ਪੈਂਦਾ। ਮੁੱਤਵਲੀਆਂ ਨੂੰ ਫਰੰਗੀ ਦੇ ਪਿਛਲੀ ਜੰਗ ਵਿਚ ਸਭ ਤੋ ਵੱਧ ਰੰਗਰੂਟ ਭਰਤੀ ਕਰਾਣ ਲਈ ਇਹ ਰਿਆਇਤ ਦਿੱਤੀ ਹੋਈ ਸੀ।

"ਕੁਸੇ ਸੜੇ ਫਰੰਗੀ ਨੀ ਚਾਕਰੀ ਤੇ ਨਹੀ ਕਰਨਾ" ਤਾਜੀ ਦੇ ਅੱਬਾ ਨੂੰ ਇਤਨੇ ਵਰ੍ਹੇ ਫੋਜ ਦੀ ਗੁਲਾਮੀ ਕਰਕੇ ਸਰਕਾਰੀ ਨੋਕਰੀ ਨਾਲ ਖੁਦਾ ਵਾਸਤੇ ਦਾ ਵੈਰ ਹੋ ਗਿਆ ਜਾਪਦਾ ਸੀ। ਤੇ ਸਭ ਤੋ ਵੱਡੀ ਗੱਲ ਸੀ. ਜਾਤਕ ਦਾਰੂ ਨਹੀ ਪੀਦਾ ਸੀ ਮੁਤਵੱਲਿਆਂ ਦੀ ਆਲ-ਔਲਾਦ ਦਾਰੂ ਥੋੜ੍ਹਾ ਪੀ ਸਕਦੀ ਹੈ।

ਤਾਜੀ ਸੁਣਦੀ ਰਹਿੰਦੀ. ਅੱਲਾ ਦਾ ਸ਼ੁਕਰ ਕਰਦੀ ਰਹਿੰਦੀ। ਹਰ ਕੋਈ ਕਹਿੰਦਾ. ਭਾਗਾਂਵਾਲੀ ਕੁੜੀ ਏ। ਮੁਤਵੱਲਿਆਂ ਨੇ ਗਫਸੀ। ਤਾਜੀ ਸੁਣਦੀ ਤੇ ਉਸਨੂੰ ਚੰਗਾ ਚੰਗਾ ਲਗਦਾ।

ਤੇ ਤਾਜੀ ਮਨ-ਹੀ-ਮਨ ਕਜਨ ਵਾਂਗਰਾਂ ਆਪਣੇ ਮੁੱਤਵਲੀ ਲਈ ਸਹਿਕਣ ਲੱਗ ਪੈਂਦੀ। ਬਸ ਇੱਕ ਨਾਂ ਨਹੀ ਉਹਦਾ ਇਹਨੂੰ



Sri Satguru Jagjit SIngh Ji Elibrary NamdhariElibrary@gmail.com

## M/S. GURMAIL SINGH & SONS

Manufacturer of:

High Class Wood Working Machine, Agricultural Impliments Band Saw & Other Machinery



**Jaito Road,**
**KOTKAPURA-151204**

PHONE:- Shop. 20176, Resi. 20776

## RAM GARHIA TENT HOUSE

ਵਿਆਹ, ਸ਼ਾਦੀਆਂ ਅਤੇ ਹੋਰ ਸਮਾਗਮਾਂ ਲਈ
ਵਧੀਆ ਟੈਂਟ, ਕਰਾਕਰੀ ਦਾ ਪ੍ਰਬੰਧ ਹੈ ।

ਪ੍ਰੋ:- ਮੁਖਤਿਆਰ ਕੌਰ ਕੁਲਦੀਪ ਸਿੰਘ

ਰਾਮਗੜ੍ਹੀਆ ਟੈਂਟ ਹਾਊਸ, ਕੋਟਕਪੂਰਾ
KOTKAPURA (DISTT. FARIDKOT)

## NEW DEEP GAS SERVICE

**Dealers of**

**GOLF**

**B.D.O. Block, Shop No. 5**
**Nihal Singh Wala (Moga)**



SURINDER KALSI
(Press Reporter)

***Sister Concern :***
**M/S. KALSI SPARE PARTS**
**BILASPUR (MOGA)**
**Phone:- 7513**

The ideal parts for every cycle

RTM NO.287270

## Autom

CYCLE COMPONENTS
SPECIAL HEAVY DUTY PEDALS




manufacturers
AUTOM ENGINEERING CORP. [REGD.]
793 INDUSTRIAL AREA-B LUDHIANA 3 [INDIA]




Sri Satguru Jagjit Singh Ji Elibrary NamdhariElibrary@gmail.com

ਭਾਂਵਦਾ ਸੀ। ਮਾਦੂ ਮੁੱਤਵਲੀ। ਮਾਦੂ ਵੀ ਕੋਈ ਨਾ ਹੋਇਆ। ਮਾਦੂ ਤੇ ਉਨ੍ਹਾਂ ਦੇ ਪਿੰਡ ਦਾ ਭਟਿਆਰਾ ਸੀ। ਫਿਰ ਤਾਜੀ ਆਪਣੇ ਦਿਲ ਨੂੰ ਸਮਝਾਂਦੀ. ਕੋਈ ਗੱਲ ਨਹੀਂ. ਉਹ ਉਹਦਾ ਹੋਰ ਕੋਈ ਨਾਂ ਰੱਖ ਲਵੇਗੀ। ਹੋਰ ਕਿਸੇ ਨਾਂ ਨਾਲ ਉਸਨੂੰ ਯਾਦ ਕਰ ਲਿਆ ਕਰੇਗੀ। ਆਪਣੇ ਮਰਦ ਦਾ ਨਾਂ ਉਹਨੂੰ ਆਪ ਥੋੜ੍ਹਾ ਲੈਣਾ ਹੋਵੇਗਾ। ਉਹ ਤਾਂ ਉਹਦਾ "ਢੋਲਾ" ਸੀ. "ਮਾਹੀਆ" ਸੀ. "ਪ੍ਰਦੇਸੀ" ਸੀ. "ਵਣਜਾਰਾ" ਸੀ. "ਮੋਤੀਆਂ ਵਾਲਾ" ਸੀ. ਉਨ੍ਹਾਂ ਦੇ ਵਿਹੜੇ ਵਿੱਚ ਖੇਡਣ ਵਾਲੇ ਦਾ ਅੱਬੂ ਸੀ।

ਤੇ ਫੇਰ ਤਾਜੀ ਦਾ ਸਾਹ ਨਿਕਲਿਆ। ਫੇਰ ਤਾਜੀ ਦਾ ਵਿਆਹ ਰਚਿਆ ਗਿਆ। ਗੋਲੜੇ ਸ਼ਰੀਫ ਤੋਂ ਜੰਝ ਆਈ। ਢੋਲ-ਢਮੱਕੇ. ਵਾਜੇ-ਤੂਤਣੀਆਂ। ਤੋਬਾ. ਤੋਬਾ ਜਿਹੜਾ ਉਸ ਰਾਤੀ ਮੁਜਰਾ ਹੋਇਆ। ਪਿੰਡੀ ਸ਼ਹਿਰ. ਕਮਾਈਆਂ ਦੀ ਗਲੀ ਵਿਚੋਂ ਆਈ ਈਦਨ ਬਾਈ ਨੂੰ ਸੁਣਨ ਲਈ ਜਿਵੇਂ ਸਾਰਾ ਪੋਠੋਹਾਰ ਟੁੱਟ ਪਿਆ ਹੋਵੇ। ਤੇ ਉਹਦੇ ਪਿਉ ਸੂਬੇਦਾਰ ਨੇ ਅਗਲਿਆਂ ਦੀ ਖ਼ਾਤਰ ਵੀ ਉਹ ਕੀਤੀ ਕਿ ਇਲਾਕੇ ਭਰ ਵਿਚ ਨਾ ਇਹੋ ਜਹੀ ਕਿਸੇ ਜੰਝ ਵੇਖੀ ਸੀ. ਨਾ ਇਹੋ ਜਹੀ ਜੰਝ ਦੀ ਟਹਿਲ ਹੁੰਦੀ ਸੁਣੀ ਸੀ। ਕੁੱਕੜ ਹੀ ਨਹੀ ਮਾਣ ਜਿਹੜ ਸੂਬੇਦਾਰ ਨੇ ਹਲਾਲ ਕਰਵਾਏ ਸਨ। ਕੁੱਕੜ ਤੇ ਬਕਰੇ: ਮਜਾਲ ਹੈ ਭੇਡ ਦਾ ਗੋਸ਼ਤ ਵਿਹੜੇ ਵਿੱਚ ਵੜਨ ਦਿੱਤਾ ਹੋਵੇ। ਤੇ ਇੱਕ. ਦੋ. ਤਿੰਨ. ਚਾਰ ਸ਼ੀਰਨੀਆਂ. ਵਿੱਚ ਸ਼ਾਹੀ ਟੁਕੜੇ. ਅਗਲਿਆਂ ਨੂੰ ਖੁਆ ਖੁਆਕੇ ਉਹਦੇ ਅੱਬਾ ਨੇ ਪੁੱਠਾ ਲਿਟਾ ਦਿੱਤਾ।

ਤੇ ਉਹਦੀ ਮਾਂ ਨੇ ਦਾਜ ਜਿਹੜਾ ਉਹਦੇ ਲਈ ਜੋੜਿਆ ਸੀ. ਆਂਢੀ-ਗੁਆਂਢੀ ਵੇਖ ਵੇਖ ਕੇ ਅੱਖੀਆਂ ਪਏ ਮਲਦੇ। ਪੂਰੇ ਇੱਕੀ ਜੋੜੇ। ਤੇ ਨਵਾਰੀ ਪਲੰਘ ਸ਼ੀਸ਼ੇ ਦੀ ਢੋਹ ਵਾਲਾ। ਚੌਕੇ ਦੇ ਭਾਂਡੇ ਹੀ ਨਹੀ ਮਾਣ ਸਨ। ਪਿਤਲ ਦੀ ਗਾਗਰ ਤੇ ਤਾਂਬੇ ਦੀ ਗਲਣੀ. ਕਾਂਸੀ ਦੀ ਮਹਿਕਣ ਤੇ ਚਾਂਦੀ ਦੀ ਸੁਰਾਹੀ. ਕੌਲੀਆਂ ਤੇ ਕਾਸ਼ਕਾਂ. ਰਾਂਗਲਾ ਪੀੜ੍ਹਾ. ਦੰਦ ਖੰਡ ਦਾ ਚਕਲਾ ਵੇਲਣਾ. ਸੰਦਲ ਦਾ ਚਰਖਾ ਤੇ ਹੋਰ ਢੇਰ ਸਾਰਾ ਨਿਕ-ਸੁਕ।

ਤੇ ਮੁੰਡੇ ਵਾਲਿਆਂ ਨੇ ਵੀ ਵਲੋਂ ਕਿਹੜੀ ਕਸਰ ਰਹਿਣ ਦਿੱਤੀ ਸੀ। ਦੁਲ੍ਹਨ ਦਾ ਤ੍ਰੇਵਰ ਹੀ ਨਹੀ ਮਾਣ ਸੀ। ਸਿਲਮੇ ਸਿਤਾਰੇ ਵਾਲੀ ਸੂਚੇ ਗੋਟੇ ਨਾਲ ਪੁੱਚੀ ਹੋਈ ਝਿੱਲੀ ਜਦੋ ਤਾਜੀ ਨੇ ਸਿਰ ਤੇ ਲਈ ਉਹਦੀ ਗਿੱਚੀ ਦੁੱਖਣ ਲਗ ਪਈ ਸੀ। ਤੇ ਜਿਹੜੇ ਗਹਿਣੇ ਉਹਨਾਂ ਢੋਏ ਸਨ। ਮੱਥੇ ਤੇ ਟਿੱਕਾ. ਨਕ ਵਿੱਚ ਨੱਥ. ਨੱਥ ਵਿੱਚ ਮੋਤੀ ਪਰੋਏ ਹੋਏ. ਕੰਨਾਂ ਵਿੱਚ ਬੁਕ-ਬੁਕ ਵਾਲੀਆਂ. ਗਲੇ ਵਿੱਚ ਕੰਠਾ ਤੇ ਹਮੇਲਾਂ. ਹਮੇਲ ਵਿੱਚ ਲੜੀਆਂ ਅਸ਼ਰਫੀਆਂ. ਹੱਥਾਂ ਦੇ ਕੰਗਣ. ਖੋਖੜੂ. ਅਰਕਾਂ ਅਰਕਾਂ ਤੀਕ ਸੋਨੇ ਦੀਆਂ ਚੂੜੀਆਂ। ਉਂਗਲੀਆਂ ਤੇ ਸਜੇ ਖੱਬੇ ਛਾਪਾਂ। ਪੈਰਾਂ ਵਿੱਚ ਛਣ ਛਣ ਕਰਦੀਆਂ ਚਾਂਦੀ ਦੇ ਘੁੰਗਰੂਆਂ ਵਾਲੀਆਂ ਪੰਜੇਬਾਂ। ਪੈਰਾਂ ਦੇ ਅੰਗੂਠਿਆਂ ਤੇ ਛੱਲੇ। ਤੋਬਾ. ਤੋਬਾ. ਕੁੜੀ ਦਾ ਕੋਈ ਅੰਗ ਵਿਹਲਾ ਵੀ ਤੇ ਰਹਿਣ ਦਿੱਤਾ ਹੁੰਦਾ।

ਤਿੰਨ ਦਿਨ ਪੂਰੇ ਜੰਝ ਦੀ ਖ਼ਾਤਰ ਹੁੰਦੀ ਰਹੀ। ਜੁੰਮੇ ਦੀ ਸਵੇਰ ਦੀ ਲੋਅ ਲਗੀ ਸੀ ਕਿ ਡੋਲੀ ਟੁਰੀ। ਸਾਰਾ ਦਿਨ ਕਹਾਰਾਂ ਨੇ ਤ੍ਰਿਖੇ ਕਦਮ ਤੁਰਨਾ ਸੀ ਤਾਂ ਕਿਤੇ ਸ਼ਾਮੀ ਗੋਲੜੇ ਸ਼ਰੀਫ ਉਹ ਅਪੜ ਸਕਣਗੇ।

ਤਾਜੀ ਦੇ ਸੌਹਰੇ ਘਰ ਉਹਦੀ ਡੋਲੀ ਤੇ ਪਾਣੀ ਵਾਰਕੇ ਅਗਲੇ ਪੀਣਗੇ। ਉਹਦੀ ਸੱਸ ਹਵੇਲੀ ਦੇ ਕਵਾੜ ਦੀਆਂ ਚੁਕਾਂ ਵਿਚ ਤੇਲ ਚੁਆਇਗੀ। ਤੇ ਫਿਰ ਘੁੰਡ ਦਿਖਾਈ। ਕਿਹਾ ਜੋਬਨ ਵਹੁਟੀ ਤੇ ਚੜ੍ਹਿਆ ਸੀ। ਤਾਜੀ ਨੂੰ ਆਪਣਾ ਆਪ ਚੰਗਾ-ਚੰਗਾ ਲਗ ਰਿਹਾ ਸੀ। ਜਿਵੇ ਅਰਸ਼ੋਂ ਲੱਥੀ ਹੂਰ ਹੋਵੇ. ਅਛੋਹ ਕੰਵਾਰੇਪਣ ਦੇ ਸੁਫਨੇ ਉਹਦੇ ਅਗੇ ਪਿਛੇ ਘੁੰਮਰ ਪਾ ਰਹੇ ਸਨ। ਉਹਦਾ ਪੋਰ ਪੋਰ ਜਿਵੇ ਅੜਿਆ ਹੋਵੇ। ਉਸਨੂੰ ਕੁਝ ਨਹੀ ਸਮਝ ਆ ਰਹੀ ਸੀ। ਪਹਿਲੇ ਕੀ ਕਰਾਂਗੀ. ਫੇਰ ਕੀ ਕਰਾਂਗੀ। ਕੋਈ ਬੁਲਾਇਗਾ ਤੇ ਕੀ ਜਵਾਬ ਦੇਵੇਗੀ। ਸੋਚ ਸੋਚ ਕੇ ਉਹਦੇ ਪਰਸਿਉ ਛੁੱਟਣ ਲਗ ਪੈਂਦੇ।

ਪਰਸਿਉ ਤੇ ਛੁਟਣੇ ਸਨ। ਤਿੱਲੇ ਦਾ ਜੜਿਆ ਰੇਸ਼ਮੀ ਜੋੜਾ. ਉਤੇ ਇਤਨੀ ਭਾਰੀ ਝਿੱਲੀ. ਤੇ ਅੰਗ ਅੰਗ ਗਹਿਣਿਆਂ ਨਾਲ ਲੱਦਿਆ ਹੋਇਆ. ਫਿਰ ਗਰਮੀ ਦੇ ਦਿਹਾੜੇ। ਮੋਰ ਪੰਖਾ ਵਾਲੀ ਪੱਖੀ ਜਿਹੜੀ ਉਹਦੀ ਭਰਜਾਈ ਨੇ ਤੁਰਨ ਵੇਲੇ ਉਹਨੂੰ ਫੜਾਈ ਸੀ. ਝਲ ਝਲ ਝੱਲੀ ਹੋ ਰਹੀ ਸੀ।

ਬਸ. ਇਕ ਗੱਲ ਚੰਗੀ ਸੀ ਕਹਾਰ ਡੋਲੀ ਨੂੰ ਜਿਵੇਂ ਉਡਾ ਕੇ ਲਿਜਾ ਰਹੇ ਸਨ। ਤੇ ਵਿਚ ਵਿਚ ਗਾਣ ਲਗ ਪੈਂਦੇ। ਬੜੇ ਬੇਸੁਰੇ। ਇਸਤੋਂ ਤਾਂ ਨਿਝ ਗਾਉਣ। ਤਾਜੀ ਆਪ ਕਿਹਾ ਸੋਣਾ ਗਾਂਦੀ ਸੀ। ਉਹਦਾ ਜੀਅ ਕਰਦਾ ਉਹ ਗੀਤ ਗਾਏ "ਬਾਬਲਾ ਤੇਰੇ ਮਹਿਲਾਂ ਵਿਚੋਂ ਤੈਂਢੀ ਜਾਈ ਦਾ ਡੋਲਾ ਨਹੀ ਪਿਆ ਲੰਘਦਾ।" ਝੂਠੀ ਗੱਲ ਉਹਦੇ ਡੋਲੇ ਨੂੰ ਤੇ ਜਿਵੇ ਖੰਭ ਲਗੇ ਹੋਣ। ਉਡਕੇ ਜਾ ਰਿਹਾ ਸੀ। ਜੰਝ ਭਾਵੇਂ ਘੋੜਿਆਂ ਤੇ ਸੀ. ਕਹਾਰ ਡੋਲੀ ਨੂੰ ਉਨ੍ਹਾਂ ਨਾਲ ਕਦਮ ਮੇਚ ਕੇ ਲਿਆ ਰਹੇ ਸਨ। ਕੁਝ ਜੰਝ ਬੇਸ਼ਕ ਅਗੇ ਲੰਘ ਗਈ ਸੀ: ਪਰ ਕੁਝ ਪਿਛੇ ਵੀ ਤੇ ਰਹਿ ਗਈ ਸੀ। ਪਤਾ ਨਹੀ ਉਹਦਾ ਲਾੜਾ ਕਿਥੇ ਸੀ ? ਤੇਜ਼ੀ ਵਿਚ ਦੀ ਵਹੁਟੀ ਨੂੰ ਅਚਾਨਕ ਖਿਆਲ ਆਇਆ। ਇਥੇ ਹੀ ਕਿਥੇ ਹੋਵੇਗਾ। ਆਪਣੇ ਸਰਬਾਲ੍ਹਿਆਂ ਨਾਲ। ਇਕ ਨਹੀ ਪੂਰੇ ਪੰਜ ਸਰਬਾਲੇ ਲੈ ਕੇ ਢੁਕਿਆ ਸੀ। ਅਖੇ. ਮੇਰੇ ਦੋ ਸਤਿਆਲ੍ਹੇ ਨੇ।

ਚਿਚਲਾਂਦੀ ਧੁਪ। ਚੇਤਰ ਜਾ ਰਿਹਾ ਸੀ. ਵਿਸਾਖ ਅਜੇ ਨਹੀ ਚੜ੍ਹਿਆ ਸੀ। ਪਰ ਧੁੱਪ ਕਹੇ ਜਿਵੇ ਅੱਜ ਹੀ ਅੱਜ ਹੈ। ਇਕ ਸ਼ੁਕਰ ਸੀ ਅੱਲਾ ਦਾ. ਲੂ ਨਹੀ ਪਈ ਚਲਦੀ ਸੀ। ਦੁਪਹਿਰ ਹੋਏ ਤੇ ਕਹਾਰਾਂ ਨੇ ਇਕ ਜੰਡ ਦੇ ਬੂਟੇ ਹੇਠ ਪੜਾ ਕੀਤਾ। ਘੋੜੇ ਖੁਰੀ ਨਹੀ ਲੱਗਣ ਦੇ ਰਹੇ ਸਨ। ਥਕ ਗਏ ਹੋਣੇ ਨੇ। ਖ਼ਬਰੇ ਤਰੇਹ ਲਗੀ ਹੋਵੇਗੀ। ਉਨ੍ਹਾਂ ਨੂੰ ਜਾਂ ਫਿਰ ਹੁੱਕਾ ਚਿਲਮ ਦਾ ਕਸ਼ ਲਾਣ ਲਈ ਅਗੇ ਪਿਛੇ ਹੋਏ ਸਨ।

ਤਾਜੀ ਪਰਸਿਓ ਵਿਚ ਗੜੁੱਚ ਹੋਈ ਅਜੇ ਨਜਿਠ ਵੀ ਨਹੀ ਸਕੀ ਸੀ. ਕਿ ਉਹਦੀ ਡੋਲੀ ਦਾ ਪਰਦਾ ਹਿਲਿਆ ਤੇ ਉਹ ਕੀ ਵੇਖਦੀ ਹੈ. ਇਹ ਤਾਂ ਉਹਦਾ ਦੂਲ੍ਹਾ ਸੀ। ਮੁਸੱਦੀ ਵਾਲੀ ਕੁੱਲੇ ਤੇ ਬੱਧੀ ਪੱਗ ਤੇ ਉਂਜ ਦਾ ਉਂਜ ਝਮ ਝਮ ਕਰਦਾ ਸਿਹਰਾ। ਤੇ ਕਿੰਜ ਡੋਲੀ ਵਿਚ ਝਾਕ ਰਿਹਾ ਸੀ। ਹਾਏ ਲੋਦੀਏ. ਸਿਖਰ ਦੁਪਹਿਰ. ਰੜੇ ਮੈਦਾਨ ਵਿੱਚ ਤਾਜੀ ਦਾ ਉਤੇ ਦਾ ਸਾਹ ਉਤੇ ਤੇ ਹੇਠ ਦਾ ਸਾਹ ਹੇਠ ਰਹਿ ਗਿਆ। ਗਭਰੂ ਦੀ ਅਗੇ ਵਧੀ ਬਾਂਹ. ਉਹਦਾ ਰੱਬ ਕਿਥੇ ਜਾ ਪਿਆ ਸੀ ? ਤਾਜੀ ਦਾ ਮੂੰਹ ਮੱਥਾ ਤ੍ਰੇਲੀ ਹੋ ਗਿਆ। ਹੱਕੀ-ਬੱਕੀ ਦੁਲ੍ਹਨ ਉਹਦੇ ਮੂੰਹ ਵਲ ਵੇਖੇ ਜਾ ਰਹੀ ਸੀ।" ਕਹਾਰ ਹੁੱਕਾ-ਪਾਣੀ ਪੀਣ ਗਏ ਨੇ. ਇਹ ਕਹਿੰਦੇ ਹੋਏ. ਉਹ ਤਾਂ ਆਪਣੀ ਜਰੀ ਦੀ ਜੁੱਤੀ ਸਮੇਤ ਡੋਲੀ ਵਿੱਚ ਆ ਵੜਿਆ ਸੀ। ਡੋਲੀ ਵਿੱਚ ਕਿਹੜੀ ਥਾਂ ਸੀ ਇੱਕ ਤੇ ਦੂਜੇ ਦੇ ਬੈਠਣ ਦੀ " ਹੈਰਾਨ-ਪ੍ਰੇਸ਼ਾਨ ਟੱਡੀਆਂ ਅੱਖੀਆਂ. ਅਵਾਕ ਤਾਜੀ ਉਹਦੇ ਮੂੰਹ ਵਲ ਵੇਖ ਰਹੀ ਸੀ ਕਿ ਉਹ ਤਾਂ ਧੁਸ ਦੇ ਕੇ ਉਹਦੇ ਉਤੇ ਸੀ. ਜਿਵੇ ਕੋਈ ਡੰਗਰ ਹੋਵੇ। ਤੇਰਾਂ ਵਰ੍ਹਿਆਂ ਦੀ ਕੱਚੀ ਕਰੂਮਲ ਤਾਜੀ ਸਾਹ-ਸਤ ਹੀਣ. ਜਿਵੇ ਸਮੂਲਾ ਉਹਦਾ ਲਹੂ ਚਲੂੰਘ ਗਿਆ ਹੋਵੇ। ਠੰਡੀ ਯਖ. ਜਿਵੇ ਕੋਈ ਬਲੂਹਣਾ ਹੋਵੇ। "ਹਾਏ ਰੱਬਾ" ਬਸ ਇਕ ਵਾਰ ਉਹਦੇ ਮੂੰਹ ਵਿਚੋਂ ਨਿਕਲਿਆ ਤੇ ਫਿਰ ਜਦੋਂ ਉਸਨੂੰ ਹੋਸ਼ ਆਈ. ਉਹ ਲਹੂ ਲੁਹਾਨ ਹੋਈ ਡੋਲੀ ਵਿਚ ਪਈ ਸੀ। ਵਲੂੰਧਰੇ ਹੋਏ ਬੀੜੇ. ਢਿੱਲੀਆਂ ਪਈਆਂ ਮੋਢੀਆਂ. ਡੁੰਡੀ ਹੋਈ ਨੱਥ. ਤੇ ਕਹਾਰ ਵਾਹੋ-ਦਾਹੀ ਡੋਲੇ ਨੂੰ ਉਹਦੀ ਮੰਜ਼ਲ ਵਲ ਲਿਜਾ ਰਹੇ ਸਨ। ਸ਼ਾਮਾਂ ਪੈਣ ਤੇ ਉਨ੍ਹਾਂ ਨੂੰ ਗੋਲੜੇ ਸ਼ਰੀਫ ਅਪੜਨਾ ਸੀ। ਫੇਰ ਦੁਲ੍ਹਨ ਦੀ ਝੁੰਡ-ਚੁਕਾਈ ਹੋਵੇਗੀ। ਫੇਰ ਤਰਕਾਲਾਂ ਪੈਣਗੀਆਂ। ਤੇ ਫੇਰ .....

ਤਾਜੀ ਹੁਣ ਝਰੀਠ ਬੁੱਢਣ ਹੋ ਗਈ ਹੈ. ਦੁੱਧ ਚਿੱਟੇ ਵਾਲ। ਮੂੰਹ ਮੱਥਾ ਝੁਰੜੀਆਂ ਨਾਲ ਅੱਟਿਆ ਹੋਇਆ। ਜ਼ਿੰਦਗੀ ਦੇ ਸਭ ਤੋ ਵਧੀਕ ਦਹਾਕੇ ਵੇਖ ਚੁਕੀ ਹੈ। ਤਾਜੀ ਪੁਤ੍ਰਾਂ ਧੀਆਂ. ਪੋਤਿਆਂ-ਪੋਤ੍ਰੀਆਂ. ਦੋਹਤਿਆਂ-ਦੋਹਤ੍ਰੀਆਂ ਵਾਲੀ ਹੋ ਗਈ ਹੈ। ਉਨ੍ਹਾਂ ਦੇ ਪਿਛੋਕੜ ਮਿਰਾਸ਼ੀਆਂ ਦੇ ਵਿਹੜੇ ਵਿਚ ਕੋਈ ਗਾ ਰਿਹਾ ਹੈ।

"ਰਾਂਝੇ ਉਠ ਕੇ ਆਖਿਆ-ਵਾਹ ਸੱਜਣਾ। ਹੀਰ ਹਸਕੇ ਤੇ ਮਿਹਰਬਾਨ ਹੋਈ।"

ਤੇ ਕੋਠੇ ਤੇ ਚਿਟਕਾ ਲਵਾ ਰਹੀ. ਤਾਜੀ ਨੂੰ ਕਈ ਵਰ੍ਹੇ ਪਹਿਲੇ ਲਾਲ ਕੁੜਤੀ ਦੇ ਮੰਡੂਏ ਵਿੱਚ ਵੇਖੀ ਹੀਰ ਸਲੇਟੀ ਦੀ ਮੂਰਤ ਯਾਦ ਆਉਣ ਲੱਗ ਪੈਂਦੀ ਹੈ। ਮੂਰਤ ਵਿਚ ਹੀਰ ਰਾਂਝੇ ਦੀ ਪਹਿਲੀ ਮੁਲਾਕਾਤ ਤੇ ਫੇਰ .......ਹਾਏ ਉਹ ਇਕ ਬਿੰਦ ! ਇਤਨੇ ਵਰ੍ਹੇ ਹੋ ਗਏ ਸਨ. ਉਹ ਛਿਨ ਤਾਜੀ ਦੀਆਂ ਅੱਖੀਆਂ ਵਿੱਚ ਜਿਵੇ ਪ੍ਰਚਿਆ ਹੋਇਆ ਸੀ।

ਤੇ ਸਹਿਸਾ ਤਾਜੀ ਸੋਚਣ ਲਗੀ. ਉਹਦੀ ਜ਼ਿੰਦਗੀ ਵਿਚ ਵੀ ਕਦੀ ਉਹ ਛਿਨ ਆਇਆ ਸੀ ?

ਨਹੀ ! ਨਹੀ !! ਨਹੀ!!!

ਤੇ ਤਾਜੀ ਦੇ ਕੋਸੇ ਕੋਸੇ ਦੋ ਹੰਝੂ ਉਹਦੀਆਂ ਮੱਨੀਆਂ ਵਿਚੋਂ ਡੁਲ੍ਹਕੇ ਉਹਦੇ ਚਿਹਰੇ ਦੀਆਂ ਝੁਰੜੀਆਂ ਵਿੱਚ ਤਰਨ ਲਗ ਪਏ।

ਉਹਦਾ ਘਰ ਵਾਲਾ ਤਾਂ ਜਦੋਂ ਉਹਦੇ ਮੰਜੇ ਨਾਲ ਭਿੜ ਜਾਂਦਾ. ਉਹ ਯਖ ਠੰਡੀ ਹੋ ਜਾਂਦੀ ਸੀ. ਜਿਵੇ ਬਰਫ ਦੀ ਸਿਲ ਹੋਵੇ। ਡੋਲੇ ਦੀ ਉਸ ਘਟਨਾ ਤੋ ਬਾਅਦ ਨਾ ਕਦੀ ਉਸ ਲਈ ਉਹ ਸਲੇਟੀ ਵਾਂਗਰ ਹੁਸੜੀ ਸੀ ਤੇ ਨਾ ਹੀ ਉਹ ਕਦੇ ਮਿਲੇ ਸਨ। ਜਿਵੇ ਹੀਰ ਰਾਂਝੇ ਦੀਆਂ ਬਾਹਵਾਂ ਵਿੱਚ ਢੇਰੀ ਹੋ ਗਈ ਸੀ ਤੇ ਅਗਲਾ ਉਸਨੂੰ ਆਪਣੇ ਕਲਾਵੇ ਵਿੱਚ ਲੈ ਕੇ ਜਿਵੇ ਸਮੂਲਾ ਆਪਣਾ ਸੀਨੇ ਵਿੱਚ ਲੁਕਾ ਰਿਹਾ ਹੋਵੇ। ਉਨ੍ਹਾਂ ਦੇ ਨੈਨ ਇਕ ਦੂਜੇ ਵਿਚ ਵਲਿੰਗ ਹੋਏ। ਉਹਨਾਂ ਦੇ ਹੋਠ ਇਕ ਦੂਜੇ ਲਈ ਮਹਿਕ ਰਹੇ। ਉਹਦੇ ਵਾਲ ਝੁਲ ਝੁਲ ਕੇ ਇਹਦੇ ਮੱਥੇ ਤੇ ਪੈ ਰਹੇ. ਇਹਦੀ ਗੁੱਤ ਉਲਰ ਕੇ ਉਹਦੇ ਮੋਢਿਆਂ ਤੇ ਮਚਲ ਰਹੀ। ਅੰਗ ਅੰਗ ਲਰਜ਼ ਰਿਹਾ. ਉਹਦਾ ਵੀ ਇਹਦਾ ਵੀ।

ਇਸ ਤੋ ਪਹਿਲੇ ਕਿ ਆਇਆ. ਤਾਜੀ ਦਾ ਉਹ ਛਿਨ ਲੁਟ ਲਿਆ ਗਿਆ ਸੀ।



Sri Satguru Jagjit SIngh Ji Elibrary NamdhariElibrary@gmail.com

**Bhupindra Engineering Works**

**Manufacturers of:-**

**All kinds of Lathes, Radial Drills & Agriculture Implements & General Order Suppliers**



**By-pass, Dheer Road,**
**BATALA**

*ਸਾਰੇ ਸਰਪ੍ਰਸਤਾਂ ਤੇ ਮੈਂਬਰਾਂ ਨੂੰ*
*ਵਿਸਾਖੀ ਦੀਆਂ ਸ਼ੁਭਕਾਮਨਾਵਾਂ*



ਸ: ਗੁਰਦਰਸ਼ਨ ਸਿੰਘ ਬਾਹੜਾ
ਪ੍ਰਧਾਨ

ਜ: ਸਕੱਤਰ — ਸ: ਜਸਵਿੰਦਰ ਸਿੰਘ ਸੋਦ,
ਖਜ਼ਾਨਚੀ — ਸ: ਹਰਮੀਤ ਸਿੰਘ ਗੈਦੂ

**ਵਿਸ਼ਵਕਰਮਾ ਆਟੋ ਯੂਨੀਅਨ**
**ਬਾਬਾ ਦੀਪ ਸਿੰਘ ਰੋਡ,**
**ਮੋਗਾ**

Grams : "SHUTTLES"

Phones : Fac. 52737, 44156
Resi. 52987

**VIRDI INDUSTRIES (Shuttles) Pvt. Ltd.**



***Manufacturers & Exporters of:***

ALL KINDS OF SHUTTLES, SHUTTLE BLOCKS & TEXTILE MACHINERY

**211, EAST MOHAN NAGAR, SULTANWIND ROAD,**
**AMRITSAR**

## ਗ਼ਜ਼ਲ

–ਹਰਜਿੰਦਰ "ਕੰਗ"

ਕਦੋਂ ਹੈ ਮਾਲੀਆਂ ਨੂੰ ਹੁਣ ਖਿੜੀ ਗੁਲਜ਼ਾਰ ਦੀ ਚਿੰਤਾ ?
ਖ਼ੁਦਾ ਨੂੰ ਵੀ ਨਹੀਂ ਹੈ ਆਪਣੇ ਸੰਸਾਰ ਦੀ ਚਿੰਤਾ ।

ਕਹੋ ਹੁਣ ਏਸ ਨੂੰ ਹੈਵਾਨ, ਭਾਵੇਂ ਜੰਗਲੀ, ਖ਼ੂਨੀ,
ਨਹੀਂ ਹੈ ਆਦਮੀ ਨੂੰ ਆਪਣੇ ਕਿਰਦਾਰ ਦੀ ਚਿੰਤਾ ।

ਸਿਰਾਂ ਤੇ ਬੰਨ੍ਹ ਕੇ ਕੱਫ਼ਣ ਸਿਰਾਂ ਦੀ ਖੇਡ ਜੋ ਖੇਡਣ
ਦਿਲਾਂ ਵਿਚ ਪਾਲਦੇ ਨੇ ਉਹ ਕਦੋਂ ਫਿਰ ਹਾਰ ਦੀ ਚਿੰਤਾ ?

ਬਨੇਰੇ ਤੇ ਸਜਾਉਣੇ ਸੀ ਅਸੀਂ ਵੀ ਰਾਂਗਲੇ ਗਮਲੇ,
ਕਿਸੇ ਵਿਧ ਮੁੱਕ ਜਾਂਦੀ ਜੇ ਕਿਤੇ ਰੁਜ਼ਗਾਰ ਦੀ ਚਿੰਤਾ ।

ਘਰੋਂ ਬਾਹਰ ਗਿਆਂ ਦੀ ਮੰਗਦੇ ਨੇ ਸੁੱਖ ਘਰ ਵਾਲੇ,
ਘਰੋਂ ਬਾਹਰ ਗਿਆਂ ਨੂੰ ਹੁਣ ਰਹੇ ਘਰ ਬਾਰ ਦੀ ਚਿੰਤਾ।

ਹੈ ਚਿੰਤਾ ਆਪਣੀ ਕੁਰਸੀ ਦੀ ਹੁਣ ਸਰਕਾਰ ਨੂੰ ਯਾਰੋ !
ਤੇ ਲੋਕਾਂ ਨੂੰ ਹੈ ਆਪੋ ਆਪਣੇ ਅਧਿਕਾਰ ਦੀ ਚਿੰਤਾ ।

ਮੈਂ ਤਰ ਚੁੱਕਾ ਹਾਂ ਪਹਿਲਾਂ ਹੀ ਸਮੁੰਦਰ ਇਹ ਕਈ ਵਾਰੀ,
ਬਚਾਓ, "ਕੰਗ" ਜੀ ਕਿਸ਼ਤੀ ਕਰੋ ਪਤਵਾਰ ਦੀ ਚਿੰਤਾ ।

## ਗ਼ਜ਼ਲ

ਸ਼ੌਕਤ ਢੰਡਵਾੜਵੀ

ਹੈ ਝੂਠ ਕਿ ਮੌਲਾ ਨੇ ਤਕਦੀਰ ਬਣਾਈ ਹੈ,
ਮੇਹਨਤ ਨੇ ਮੁਕੱਦਰ ਦੀ ਤਸਵੀਰ ਬਣਾਈ ਹੈ ।

ਕਿਆ ਖ਼ੂਬ ਮੁੱਸਵਰ ਨੇ ਜ਼ਿੰਦਗੀ ਦੇ ਨਕਸ਼ ਰਚੇ,
ਬੰਦੂਕ, ਸਲੀਬ ਤੇ ਇਕ ਜੰਜੀਰ ਬਣਾਈ ਹੈ।

ਅਸੀ ਅੱਜ ਉਸ ਲੋਹੇ ਦੀ ਇਕ ਢਾਲ ਬਣਾਵਾਂਗੇ,
ਤੁਸੀ ਕੱਲ ਜਿਸ ਲੋਹੇ ਦੀ ਸ਼ਮਸ਼ੀਰ ਬਣਾਈ ਹੈ ।

ਸ਼ੋਹਰਤ ਦੇ ਛਲਾਵੇ ਨੇ ਤੇ ਸੱਚ ਦੀ ਹਕੀਕਤ ਨੇ,
ਹਰ ਸ਼ਖ਼ਸ ਦੀ ਸੂਰਤ ਹੀ ਗੰਭੀਰ ਬਣਾਈ ਹੈ ।

ਸੱਚਮੁੱਚ ਹੀ ਪਤੰਗਬਾਜ਼ੀ ਮੇਰਾ ਸ਼ੌਕ ਨਹੀ ਹਰਗਜ,
ਤੈਨੂੰ ਛੱਤ ਤੋ ਦੇਖਣ ਦੀ ਤਦਬੀਰ ਬਣਾਈ ਹੈ ।

ਉਹ ਆਦਮੀ ਦੁਨੀਆ ਦਾ ਸਭ ਤੋ ਹੈ ਧਨੀ
ਲੋਕਾਂ ਦਾ ਦਰਦ ਜਿਸਨੇ ਜਾਗੀਰ ਬਣਾਈ ਹੈ ।



# ਕਾਵਿ ਰਚਨਾਵਾਂ

## ਗ਼ਜ਼ਲ / ਅਮਰੀਕ ਡੋਗਰਾ

ਬਿਰਖ ਸਾਰੇ ਉਦਾਸ ਲਗਦੇ ਨੇ ।
ਇਹ ਤਪਸਵੀ ਨਿਰਾਸ ਲਗਦੇ ਨੇ ।
ਕਤਲ ਕਰ ਕੇ ਬਰੀ ਜੋ ਹੋ ਜਾਂਦੇ
ਸ਼ਖ਼ਸ ਸਾਰੇ ਉਹ ਖ਼ਾਸ ਲਗਦੇ ਨੇ ।
ਤੇਰੇ ਨੈਣਾਂ ਚ ਇਸ਼ਕ ਦੇ ਦਰਿਆ
ਰਾਵੀ, ਸਤਲੁਜ, ਬਿਆਸ ਲਗਦੇ ਨੇ ।
ਖ਼ੂਨ ਚਿੱਟਾ ਮੈ ਵੇਖਿਐ ਹੁੰਦਾ
ਵੱਖ ਨਹੁੰਆਂ ਤੋਂ ਮਾਸ ਲਗਦੇ ਨੇ ।
ਇਹਨਾਂ ਹੇਠਾਂ ਜ਼ਮੀਰਾਂ ਮੁਰਦਾ ਹਨ
ਉਤੇ ਸੁਹਣੇ ਲਿਬਾਸ ਲਗਦੇ ਨੇ ।
ਧੁੰਦ ਕਾਹਦੀ ਹੈ ਇਹ ਪਰਾਤਾਂ ਦੇ
ਧੁਖਦੇ ਧੁਖਦੇ ਸੁਆਸ ਲਗਦੇ ਨੇ ।
ਮੈਨੂੰ ਆਪਣੇ ਚੋਂ ਮਹਿਕ ਆਉਦੀ ਹੈ
ਉਹ ਮਿਰੇ ਆਸ ਪਾਸ ਲਗਦੇ ਨੇ ।

## ਨਜ਼ਮ

ਹਰਿੰਦਰ ਕੌਰ ਅਜੀਮਲ

ਕਾਲੀਆਂ ਹਨੇਰੀਆਂ ਰਾਤਾਂ ਤੇ ਠੰਢੀਆਂ ਹਵਾਵਾਂ ਜਿਵੇ ਸੁੱਤਾ ਦਰਦ ਨੇ ਕੋਈ ਜਗਾਉਂਦੀਆਂ।
ਦੂਰ ਵੱਸਦਾ ਏ ਪ੍ਰੀਤਮ ਮੇਰਾ, ਇਹ ਆਖ ਜਿਵੇ ਸੁਨੇਹਾ ਨੇ ਕੋਈ ਲਿਆਉਂਦੀਆਂ।
ਤੈਨੂੰ ਨਿਰਮੋਹੀ ਨੂੰ ਤਾਂ ਹੋਵੇ ਈਂ ਨਾ ਖ਼ਿਆਲ ਭਾਵੇਂ ਮੇਰਾ ਵੀ ,
ਪਰ ਮੀਹ ਦੀਆਂ ਇਹ ਨਿੰਮੀਆਂ ਬੂੰਦਾਂ ਨਾਂ ਤੇਰਾ ਲੈ ਲੈ ਕੇ ਨੇ ਮੈਨੂੰ ਮਨਾਉਂਦੀਆਂ।
ਸ਼ਾਇਦ ਯਾਦ ਵੀ ਨਾ ਹੋਣ ਤੈਨੂੰ ਆਪਣੀਆਂ ਕਰੀਆਂ ਉਹ ਗੱਲ੍ਹਾਂ ਵੀ,
ਪਰ ਉਹੀਓ ਗੱਲ੍ਹਾਂ ਰਹਿੰਦੀਆਂ ਅਜੇ ਤੱਕ ਨੇ ਮੇਰਾ ਚਿੱਤ ਪਰਚਾਉਂਦੀਆਂ ।
ਤੂੰ ਕੀ ਜਾਣੇ ਦੁੱਖ ਹਿੱਜ਼ਰਾਂ ਦੀਆਂ ਲੰਮੀਆਂ ਹਨੇਰੀਆਂ ਰਾਤਾਂ ਦਾ ।
ਪਤਾ ਨਹੀ ਕਿੰਨੀਆਂ ਕੁ ਘੜੀਆਂ ਨੇ ਅਜੇ ਇੰਝ ਹੀ ਮੈਂ ਬਿਤਾਉਂਣੀਆਂ ।
ਹਾੜ੍ਹਾ ਈ! ਇੱਕ ਵਾਰੀ ਤੇ ਆ ਕੇ ਪਿਆਰ ਦਾ ਜਾਮ ਇਨ੍ਹਾਂ ਅੱਖੀਆਂ ਨੂੰ ਪਿਲਾ ਜਾਵੇ,
ਕਦੇ ਦੀਆਂ ਪਿਆਸੀਆਂ ਇਹ ਵੀ ਨੇ ਤੇਰੀਆਂ ਰਾਹਵਾਂ ਚ ਮੀਂਹ ਵਰ੍ਹਾਉਂਦੀਆਂ।
ਰੱਬ ਕਰੇ ਨਾ ਕਿਸੇ ਨੂੰ ਮੇਰੇ ਵਾਂਗ ਬਿਰਹੋ ਦਾ ਸੇਕ ਲੱਗੇ ,
ਨਹੀ ਵੇਖ ਸਕਦੀ ਜਿੰਦ ਮੇਰੀ, ਆਪਣੇ ਵਾਂਗ ਕਲੀਆਂ ਕੱਚੀਆਂ ਕੁਮਲਾਉਂਦੀਆਂ।
ਵੱਸਨਾ ਏ ਦੂਰ ਭਾਵੇ, ਮਾਨੇ ਸਦਾ ਤੂੰ ਜੁਆਨੀਆਂ ਪ੍ਰੀਤਮ ਮੇਰੇ,
"ਕੰਵਲ" ਦਾ ਕੀ ਏ, ਪਤਾ ਨਹੀ ਕਿੰਨੀਆਂ ਨੇ ਤੇਰੀਆਂ ਰਾਹਵਾਂ ਚ ਨੈਣ ਵਿਛਾਉਂਦੀਆਂ ।



Sri Satguru Jagjit Singh Ji Elibrary NamdhariElibrary@gmail.com

Phones : 49071 (Resi. Extn.), 491802,491957 p.p

**A BLINDLY TRUSTABLE NAME**

Accordng to I.S.I. Specification, Tested & Quality Marked by Govt. of Punjab

*Manufacturers of :*

**SOHAL** Brand

Chain Pulley Blocks, E.O.T. Cranes, Electric Hoists, Trolleys, Gentary Cranes, Lifts Etc.




TRADE **SOHAL** MARK

# H.A.BROTHERS (India) Regd.

Gill Road, Near I.T.I., LUDHIANA-141 003

---

**PHONE : 814430** **FAX : 91-161- 490594, Attn: Anand**

# Anand Enterprises

*MANUFACTURERS OF :*



- CHIPS GRINDING MACHINE
- LIFT TYPE CONCRETE MIXTURE MACHINE
- MANUAL TYPE CONCRETE MIXTURE MACHINE



**ST. NO. 3, BACHITAR NAGAR, GILL ROAD, OPPOSITEG.N.E. COLLEGE, LUDHIANA**

**SHOW ROOM : Shop No. 2, Opp. G.N.E. Main Gate, Gill Road, Ludhiana.**


Sri Satguru Jagjit Singh Ji Elibrary NamdhariElibrary@gmail.com

## ਕਵਿਤਾ ਸਿਸਕ ਪਈ

"ਤੂੰ ਸਾਡੇ ਵਿਹੜੇ ਆਵੀ ਕਵਿਤਾ ! ਅਸੀਂ ਤੇਰੇ ਸਰੂਪ ਬਾਰੇ ਕੋਈ ਗੱਲ ਕਰਨੀ ਚਾਹੁੰਦੇ ਹਾਂ ....! ਕਵਿਤਾ ਉਹਨਾਂ ਦਾ ਸੱਦਾ ਕਬੂਲ ਕਰਕੇ ਉਹਨਾਂ ਦੇ ਵਿਹੜੇ ਗਈ। ਰਾਤ ਨੂੰ ਗੋਸ਼ਟੀ ਹੋਈ। ਸ਼ਰਾਬ ਦਾ ਦੋਰ ਚਲਿਆ ਤੇ ਕਵਿਤਾ ਨੂੰ ਆਪਣੇ ਹੀ ਹਾਲ ਤੇ ਛੱਡ ਕੇ ਆਪ ਉਹ ਸ਼ਰਾਬ ਪੀਂਦੇ ਰਹੇ।

ਸ਼ਰਾਬ ਨੇ ਰੰਗ ਫੜਿਆ।

"ਤੂੰ ਸਾਲਾ ਵੱਡਾ ਕਵੀ.......!"

"ਤੈਨੂੰ ਭੈਂ ਦਿਆ.....ਪਤਾ ਕਵਿਤਾ ਕੀ ਸ਼ੈਅ ਹੈ ?"

ਕਵਿਤਾ ਇਕ ਖੂੰਡੇ ਲੱਗੀ. ਆਪਣੀ ਹੁੰਦੀ ਨਿਰਾਦਰੀ ਚੁੱਪ ਚਾਪ ਜਰਦੀ ਰਹੀ. ਬੇਬੱਸ ਡਰਦੀ ਰਹੀ ਅਤੇ ਬੱਸ ਸਿਸਕਦੀ ਹੀ ਰਹੀ।

"ਕੋਈ ਕਵਿਤਾ ਬਾਰੇ ਵੀ ਗੱਲ ਛੇੜੋ !" ਇਕ ਸਿਆਣੇ ਦੀ ਸਲਾਹ ਸੀ।

"ਕੋਈ ਨਹੀਂ ਸਾਡੇ ਕੋਲ ਇਕ ਰਿਪੋਰਟਰ ਜੋ ਬੈਠਾ. ਇਹਨੇ ਆਪੇ ਖਬਰ ਛਪਾ ਦੇਣੀ ਹੈ ਅਖ਼ਬਾਰਾਂ ਚ ਇਸ ਗੋਸ਼ਟੀ ਦੀ ਰਿਪੋਰਟ ਦੀ."ਕਵਿਤਾ ਸਾਹਿਤ ਦੀ ਅਨਮੋਲ ਵਿਧਾ ਹੈ. ਇਸ ਤੇ ਹੋਰ ਅਜਿਹੀਆਂ ਗੋਸ਼ਟੀਆਂ ਦੀ ਲੜੀ ਤੋਰੀ ਜਾਵੇਗੀ !"

ਇਹ ਪੜ੍ਹਕੇ ਕਵਿਤਾ ਤਾਂ ਇਕ ਵਾਰ ਫਿਰ ਜ਼ਾਰ-ਜਾਰ ਰੋ ਰਹੀ ਸੀ।

## ਕਿਹੜੇ ਰੂਟ ਦੀ ਲਾਰੀ

ਉਹ ਪ੍ਰਾਈਵੇਟ ਬੱਸ ਵੱਡੇ ਚੋਕ ਚ ਖੜੀ ਸੀ ਪਰ ਮੂੰਹ-ਸਿਰ ਤੋ ਇਹ ਪਤਾ ਨਹੀ ਸੀ ਲੱਗ ਰਿਹਾ ਕਿ ਇਹ ਕਿਸ ਰੂਟ ਨੂੰ ਲੱਗੀ ਹੈ। ਮੈ ਬਟਾਲੇ ਵਾਲੀ ਬੱਸ ਫੜ੍ਹਨੀ ਸੀ ਤੇ ਲਾਗੇ-ਛਾਗੇ ਹੋਰ ਕੋਈ ਬੱਸ ਵੀ ਨਹੀ ਖੜੋਤੀ ਸੀ। ਸੋ ਮੈ ਉਸ ਬੱਸ ਦੇ ਕੰਡਕਟਰ ਨੂੰ ਪੁੱਛ ਹੀ ਲਿਆ. "ਭਾਈ ਸਾਹਿਬ ਇਹ ਬੱਸ ਕਿੱਧਰ ਨੂੰ ਜਾ ਰਹੀ ਹੈ?" ਕੰਡਕਟਰ ਕੁੰਡਲਦਾਰ ਮੁੱਛਾਂ ਨੂੰ ਵੱਟ ਚੜ੍ਹਾਉਦਾ ਹੋਇਆ ਉਲਟਾ ਮੈਨੂੰ ਪੁੱਛਣ ਲੱਗਾ."ਤੂੰ ਕਿੱਧਰ ਜਾਣਾ ?" ਮੈ ਕਿਹਾ."ਮੈ ਤਾਂ ਬਟਾਲੇ ਜਾਣਾ !" ਤਾਂ ਉਹ ਕਹਿਣ ਲੱਗਾ. "ਚੜ੍ਹ ਜਾ-ਜੜ੍ਹ ਜਾ. ਇਹ ਉਧਰ ਹੀ ਜਾ ਰਹੀ ਹੈ।" ਤੇ ਮੈ ਉਸੇ ਬਸ ਵਿਚ ਚੜ੍ਹ ਗਿਆ।

ਹੋਲੀ ਹੋਲੀ ਹੋਰ ਸਵਾਰੀਆਂ ਵੀ ਚੜ੍ਹ ਗਈਆਂ। ਇਕ ਸਵਾਰੀ ਮੇਰੇ ਨਾਲ ਦੀ ਸੀਟ ਤੇ ਆ ਬੈਠੀ। ਮੈ ਜਾਣ-ਪਛਾਣ ਕਰਨ ਲਈ ਪੁਛਿਆ. "ਭਾਈ ਸਾਹਿਬ. ਤੁਸੀ ਕਿਹੜੀ ਜਗ੍ਹਾ ਜਾਣਾ ਹੈ ?" ਤਾਂ ਉਹ ਕਹਿਣ ਲੱਗਾ. "ਮੈ ਜਲੰਧਰ ਜਾਣਾ ਹੈ।" ਮੈ ਹੱਸ ਕੇ ਕਿਹਾ. "ਭਾਈ ਸਾਹਿਬ. ਤੁਸੀ ਉਤਰ ਜਾਵੋ ਇਹ ਬੱਸ ਬਟਾਲੇ ਨੂੰ ਜਾ ਰਹੀ ਹੈ।" ਪਰ ਉਹ ਆਕੜ ਕੇ ਮੈਨੂੰ ਕਹਿਣ ਲੱਗਾ ਨਹੀ ਨਹੀ ਇਹ ਬੱਸ ਜਲੰਧਰ ਨੂੰ ਜਾ ਰਹੀ ਹੈ . ਮੈਨੂੰ ਕੰਡਕਟਰ ਨੇ ਆਪ ਕਿਹਾ ਹੈ. ਤੁਸੀ ਥੱਲੇ ਉਤਰ ਜਾਵੋ।"

ਮੈ ਬੜਾ ਹੈਰਾਨ ਹੋਇਆ ਕਿਉਂਕਿ ਕੰਡਕਟਰ ਨੇ ਮੈਨੂੰ ਕਿਹਾ ਸੀ ਕਿ ਇਹ ਬੱਸ ਬਟਾਲੇ ਨੂੰ ਜਾ ਰਹੀ ਹੈ। ਏਨੇ ਨੂੰ ਇਕ ਹੋਰ ਭਾਈ ਸਾਹਿਬ ਸਾਡੀ ਗੱਲ ਸੁਣਕੇ ਆ ਗਏ ਤੇ ਲੱਗੇ ਹੋਰ ਹੀ ਦੱਸਣ. ਅਖੇ ਇਹ ਬੱਸ ਤਾਂ ਅੰਮ੍ਰਿਤਸਰ ਨੂੰ ਜਾ ਰਹੀ ਹੈ। ਹੁਣ ਸਾਡੀ ਹਾਲਤ ਵੇਖਣਯੋਗ ਸੀ। ਬੱਸ ਵਿਚ ਰੋਲਾ ਪੈ ਗਿਆ। ਹੁਣ ਤੱਕ ਬੱਸ ਵੀ ਪੂਰੀ ਤਰ੍ਹਾਂ ਭਰ ਚੁੱਕੀ ਸੀ।

ਐਨ ਮੋਕੇ ਤੇ ਫਸਾਦ ਦੀ ਜੜ੍ਹ ਕੰਡਕਟਰ ਸਾਹਿਬ ਤਸ਼ਰੀਫ ਲਿਆਏ ਤੇ ਲੱਗੇ ਸਵਾਰੀਆਂ ਦੀ ਗਿਣਤੀ-ਮਿਣਤੀ ਕਰਨ। ਫਿਰ ਕੁੰਡਲਦਾਰ ਮੁੱਛਾਂ ਤੇ ਹੱਥ ਫੇਰਦਾ ਕਹਿਣ ਲੱਗਾ. "ਭਾਈ ਸਾਹਿਬ ਇਸ ਬੱਸ ਵਿਚ ਜਲੰਧਰ ਨੂੰ ਜਾਣ ਵਾਲੀਆਂ ਸਵਾਰੀਆ ਦੀ ਗਿਣਤੀ ਜਿਆਦਾ ਹੈ. ਸੋ ਬਾਕੀ ਥੱਲੇ ਉਤਰ ਜਾਵੋ. ਇਹ ਬੱਸ ਕੇਵਲ ਜਲੰਧਰ ਹੀ ਜਾਵੇਗੀ।"

ਬਹੁਤ ਸਾਰੇ ਲੋਕ ਬੁੜ-ਬੁੜ ਕਰਦੇ ਥੱਲੇ ਉਤਰ ਰਹੇ ਸਨ। ਮੈ ਫਿਰ ਚੋਕ ਚ ਖੜਾ ਬਟਾਲੇ ਵਾਲੀ ਬੱਸ ਦੀ ਉਡੀਕ ਕਰ ਰਿਹਾ ਸਾਂ।

-ਸ਼ੈਲਿੰਦਰ ਜੀਤ ਰਾਜਨ




## ਪਾਪਾਂ ਤੋ ਮੁਕਤੀ

**ਚਾਰ** ਪੰਜ ਜਣੇ ਲਾਲਾ ਜੀ ਤੋਂ ਦੁਸਹਿਰੇ ਵਾਸਤੇ ਚੰਦਾ ਮੰਗਣ ਵਾਸਤੇ ਆਏ। ਉਨ੍ਹਾਂ ਵਿਚੋਂ ਇਕ ਬੋਲਿਆ -

"ਲਾਲਾ ਜੀ ! ਚੰਦਾ ਚਾਹੀਦਾ ਏ..........

"ਕਿੰਨਾ ਕੁ ..............

"ਲਾਲਾ ਜੀ ! ਜੋ ਤੁਹਾਡੀ ਸ਼ਰਧਾ।

"ਤੇ ਐਹ ਲਓ. ਲਾਲਾ ਜੀ ਨੇ ਰੁਪਿਆਂ ਦੀ ਥੱਬੀ ਫੜਾਉਂਦਿਆਂ ਕਿਹਾ।

ਰਾਵਨ ਦਾ ਬੁੱਤ ਇਸ ਸਾਲ ਹੋਰ ਵੀ ਉਚਾ ਤੇ ਖੂਬਸੂਰਤ ਸੀ +

●

## ਦੇਸ਼ ਭਗਤ

**ਕੁਝ** ਨੋਜਵਾਨ ਮੋਟਰ ਸਾਇਕਲਾਂ ਤੇ ਘੁੰਮ ਰਹੇ ਸਨ। ਇੱਕ ਬਜੁਰਗ ਆਦਮੀ ਸੜਕ ਪਾਰ ਕਰਨ ਲੱਗਾ ਹੀ ਸੀ ਕਿ ਮੋਟਰ ਸਾਇਕਲ ਚਲਾਉਣ ਵਾਲੇ ਨੇ ਕਿਹਾ."ਬਚ ਕੇ.....ਸੁੜ੍ਹਿਆ..........

ਤੇ ਛੂੰ ਕਰਦੇ ਮੋਟਰ ਸਾਇਕਲ ਉਸ ਦੇ ਕੋਲੋ ਦੀ ਲੰਘ ਗਏ।

ਬਾਬੇ ਨੂੰ ਇੰਜ ਮਹਿਸੂਸ ਹੋਇਆ ਕਿ ਜਵਾਨੀ ਵਿਚ ਅੰਗਰੇਜ਼ਾਂ ਵੇਲੇ ਮੋਤ ਨੂੰ ਮਖੋਲ ਕਰਨ ਵਾਲੇ ਨੂੰ ਅੱਜ ਜ਼ਿੰਦਗੀ ਮਖੋਲ ਕਰ ਗਈ ਹੋਵੇ।

## ਹੋਣੀ-ਅਣਹੋਣੀ

**ਇੱਕ** ਮੰਗਤਾ ਕਿਸੇ ਬਾਬੂ ਦੀ ਕੋਠੀ ਅੱਗੇ ਖੜ੍ਹ ਕੇ ਭੀਖ ਮੰਗਣ ਲਗਾ ਤਾਂ ਬਾਬੂ ਨੇ ਉਸ ਨੂੰ ਕਾਫੀ ਬੁਰਾ-ਭਲਾ ਕਿਹਾ। ਅਗਲੇ ਦਿਨ ਉਸ ਕੋਲੋ ਉਸ ਘਰੋ ਭੀਖ ਮੰਗਣ ਦਾ ਹੀਆ ਨਾ ਪਿਆ। ਪਰ ਜਦੋ ਉਹ ਅੱਖ ਬਚਾ ਕੇ ਲੰਘਣ ਲੱਗਾ ਤਾਂ ਸ਼ਾਮ ਲਾਲ ਬਾਬੂ ਨੇ ਉਸ ਨੂੰ ਪੁਲਿਸ ਕੋਲ ਫੜਵਾ ਦਿਤਾ ਕਿਉ ਕਿ ਪਿਛਲੀ ਰਾਤ ਉਸ ਦੇ ਘਰ ਚੋਰੀ ਹੋ ਗਈ ਸੀ।

## ਸੱਚ ਦੀ ਕੀਮਤ

**ਇਕ** ਆਦਮੀ ਜੰਗਲ ਵਿਚ ਭੇਡਾਂ-ਬੱਕਰੀਆਂ ਚਾਰ ਰਿਹਾ ਸੀ ਕਿ ਅਚਾਨਕ ਸ਼ੇਰ ਆ ਗਿਆ। ਉਸ ਨੇ ਬਥੇਰਾ ਚੀਕ ਚਿਹਾੜਾ ਪਾਇਆ ਪਰ ਲਾਗਲੇ ਪਿੰਡਾਂ ਤੋ ਕੋਈ ਵੀ ਉਸ ਦੀ ਸਹਾਇਤਾ ਲਈ ਨਾਂ ਬਹੁੜਿਆ। ਉਸ ਦੇ ਇੱਜੜ ਦਾ ਕਾਫੀ ਨੁਕਸਾਨ ਹੋਇਆ ਤੇ ਉਹ ਆਪ ਵੀ ਕਿਸੇ ਤਰਾਂ ਬਚ ਗਿਆ। ਜਦੋਂ ਉਹ ਕੁਝ ਦਿਨਾਂ ਬਾਅਦ ਫਿਰ ਜੰਗਲ ਵਿਚ ਆਪਣਾ ਇੱਜੜ ਚਾਰ ਰਿਹਾ ਸੀ ਤਾਂ ਲੋਕਾਂ ਦਾ ਕਹਿਰ ਉਸ ਤੇ ਟੁੱਟ ਪਿਆ।

## ਮੈਂ ਨਹੀ ਜਾਣਦਾ

ਬਸ ਵਿਚ ਪੈਰ ਰਖਦਿਆਂ ਹੀ ਇਕ ਚਿਹਰੇ ਤੇ ਨਜ਼ਰ ਟਿਕੀ ਤਾਂ ਬਸ ਟਿਕੀ ਹੀ ਰਹਿ ਗਈ। ਇਹ ਚਿਹਰਾ ਤਾਂ ਇਕ ਦਮ ਜਾਣਿਆ ਪਛਾਣਿਆ ਹੈ। ਕੋਣ ਹੋ ਸਕਦਾ ਹੈ? ਸੀਟ ਤੇ ਸਾਮਾਨ ਟਿਕਾਉਂਦਿਆਂ ਮੈ ਯਾਦਾਂ ਦੀਆਂ ਪਗਡੰਡੀਆਂ ਤੇ ਨਿਕਲ ਚੁਕਾ ਸਾਂ।

ਓ ! ਯਾਦ ਆਇਆ। ਇਹ ਹਰੀ ਹੈ ਬਚਪਨ ਦਾ ਹੀਰੋ, ਸਕੂਲ ਦਾ ਸ਼ਰਾਰਤੀ ਵਿਦਿਆਰਥੀ। ਗੀਤ ਸੰਗੀਤ ਵਿਚ ਸਭ ਤੋਂ ਅੱਗੇ। ਸਵੇਰ ਨੂੰ ਬੈਂਡ ਮਾਸਟਰ ਨਾਲ ਡਰੱਮ ਵਜਾਉਂਦਾ ਸੀ। ਪਰੇਡ ਦੇ ਵਕਤ ਬਿਗੁਲ ਅਤੇ ਹਰ ਸਮਾਰੋਹ ਵਿਚ ਉਸਦੇ ਗਾਏ ਗੀਤ ਸਕੂਲ ਵਿਚ ਗੂੰਜਦੇ। "ਹਰੇਕ ਵਿਦਆਰਥੀ ਹਰੀ ਵਰਗਾ ਹੋਵੇ" ਅਧਿਆਪਕ ਉਪਦੇਸ਼ ਦਿੰਦੇ ਨ ਥੱਕਦੇ।

ਘਰ ਦੀ ਢਹਿੰਦੀ ਆਰਥਿਕ ਹਾਲਤ ਉਸਨੂੰ ਕਿਸੇ ਪ੍ਰਾਈਵੇਟ ਸਕੂਲ ਦਾ ਅਧਿਆਪਕ ਬਨਣ ਤੇ ਮਜਬੂਰ ਕਰ ਗਈ ਸੀ। ਉਥੇ ਹੀ ਆਪਣੀਆਂ ਅਦਾਵਾਂ ਕਾਰਨ ਇਕ ਅਧਿਆਪਕਾਂ ਨੂੰ ਚੰਗਾ ਲਗਿਆ ਸੀ। ਪਰ ਦੋਹਾਂ ਵਿਚਾਲੇ ਸਮਾਜ ਦੀਵਾਰ ਬਣਕੇ ਖੜਾ ਹੋ ਗਿਆ ਸੀ। ਜਾਤੀ ਬੰਧਨ ਪੈਰਾਂ ਦੀ ਜ਼ੰਜੀਰ ਬਣਦੇ ਜਾ ਰਹੇ ਸਨ। ਅਜਿਹੇ ਹਾਲਾਤ ਵਿਚ ਹਰੀ ਅਤੇ ਉਸ ਅਧਿਆਪਕਾ ਦੇ ਦੋੜਣ ਦੀ ਖਬਰ ਸ਼ਹਿਰ ਦੀ ਹਰੇਕ ਦੀਵਾਰ ਨਾਲ ਚਿਪਕੀ ਹੋਈ ਸੀ। ਕੁਝ ਦਿਨਾਂ ਤੱਕ ਤਲਾਸ਼ ਜਾਰੀ ਰਹੀ ਸੀ। ਅਫਵਾਹਾਂ ਦਾ ਬਾਜ਼ਾਰ ਗਰਮ ਰਿਹਾ ਸੀ। ਫਿਰ ਸ਼ਹਿਰ ਆਪਣੇ ਆਪ ਵਿਚ ਗੁਆਚ ਗਿਆ ਸੀ। ਹਰੀ ਅਤੇ ਉਹ ਲੜਕੀ ਕਿਥੇ ਗਏ? ਉਹਨਾਂ ਦਾ ਕੀ ਹੋਇਆ ? ਸ਼ਹਿਰ ਇਸ ਤੋ ਪੂਰੀ ਤਰਲਾਂ ਬੇਖਬਰ ਸੀ। ਲੜਕੀ ਦੇ ਪਿਤਾ ਨੇ ਹਾਰ ਮੰਨਦਿਆਂ ਆਤਮ ਹਤਿਆ ਜ਼ਰੂਰ ਕਰ ਲਈ ਸੀ

ਕਮਲੇਸ਼ ਭਾਰਤੀ



Sri Satguru Jagjit SIngh Ji Elibrary NamdhariElibrary@gmail.com

PHONE: 42887

# ADMIRAL FOUNDRY WORKS

- MANUFACTURERS
- ENGINEERS
- SUPPLIERS

MANUFACTURERS OF:
**LATHE, SHAPER, DRILL MACHINES & AGRICULTURAL IMPLIMENTS**

SISTER CONCERN

## PARAS CASTING UDYOG

**SPECIALIST IN:**
**ALL TYPES OF C.I. CASTING HEAVY DUTY & LIGHT AND AGRICULTUREAL IMPLIMENTS**



## FOCAL POINT BATALA-143505

DELHI OFFICE:- T-72, VISHNU GARDEN, NEW DELHI

---

# Kuldip



**WOOD WORKING MACHINES**

WOOD SURFACES & THICKNESS PLANNER (MULTI-PURPOSE) BAND SAW ATTACHED CHAIN MORTISER DESIGN MOULDING TOOLS etc.

Contact :

## KULDIP INDUSTRIES (Regd.)

ENGINEERS AND MANUFACTURERS
**G.T.ROAD.(Opp. I.T.I) MOGA-142001.**

---

Phones: Fac. 2214, Resi.2279

**Insist for MAP Products**

**Specialists in**

- Gear Housing
- Clutch Housing
- Fly Wheel Housing
- Hub Drum
- Brake Drum
- Gear Retainer
- Speedometer Plate For All Vehicle
- Conversion Housing For Petrol To Diesel Engine

## MALWA AUTO PRODUCTS

G.T.ROAD, Industrial Area
MOGA

Sri Satguru Jagjit Singh Ji Elibrary NamdhariElibrary@gmail.com



# ਬਰਨਾਰਡ ਸ਼ਾਅ ਦੀ ਦੁਨੀਆਂ

–ਪਿਆਰਾ ਸਿੰਘ ਦਾਤਾ–

**ਇਕ** ਵਾਰ ਸ਼ਾਅ ਨੇ ਆਪਣੇ ਸਮੇਂ ਦੇ ਇਕ ਪ੍ਰਸਿਧ ਲੇਖਕ ਸਾਹਮਣੇ ਇਕ ਤਜਵੀਜ਼ ਰਖੀ, "ਆਉ, ਅਸੀਂ ਮਿਲ ਕੇ ਇਕ ਕਿਤਾਬ ਲਿਖੀਏ, ਤਾਂ ਜੋ ਦੋਹਾਂ ਲਿਖਾਰੀਆਂ ਦੀ ਲਿਖਤ ਕਮਾਲ ਦਾ ਰੂਪ ਧਾਰਨ ਕਰ ਲਏ ।"

ਦੂਜਾ ਲੇਖਕ ਬੋਲਿਆ, "ਸ਼ਾਅ ! ਕਦੀ ਗਧੇ ਤੇ ਘੋੜੇ ਦਾ ਵੀ ਮੇਲ ਹੋ ਸਕਦਾ ਹੈ ?"

ਸ਼ਾਅ ਨੇ ਫੌਰਨ ਜਵਾਬੀ ਹਮਲਾ ਕੀਤਾ,"ਭਾਈ ਜੇ ਇਹ ਤਜਵੀਜ਼ ਪਸੰਦ ਨਹੀਂ ਤਾਂ ਨਾ ਸਹੀ, ਪਰ ਮੈਨੂੰ ਬੰਦੇ ਤੋਂ ਘੋੜਾ ਕਿਉਂ ਬਣਾ ਰਿਹਾ ਏ?

**ਇਕ** ਛੋਟੀ ਜਿਹੀ ਗਲੀ ਚੋਂ ਸ਼ਾਅ ਤੇ ਵਿਅੰਗ ਲੇਖਕ ਜੀ:ਕੇ:ਚੈਟਰਟਨ ਲੰਘ ਰਹੇ ਸਨ । ਚੈਟਰਟਨ ਠੰਗਣਾ, ਮੋਟਾ ਤੇ ਭੱਦੀ ਸ਼ਕਲ ਦਾ ਸੀ, ਤੇ ਸ਼ਾਅ ਪਤਲਾ ਪਤੰਗ ਤੇ ਲੰਮ ਸਲੰਮਾ । ਚੈਟਰਟਨ ਨੇ ਬਾਹਵਾਂ ਖਿਲਾਰ ਕੇ ਕਿਹਾ,"ਮੈਂ ਇਸ ਬਦਮਾਸ਼ ਨੂੰ ਲੰਘਣ ਲਈ ਰਸਤਾ ਨਹੀਂ ਦਿਆਂਗਾ ।"

ਸ਼ਾਅ ਇਕ ਦੀਵਾਰ ਦੇ ਨਾਲ ਲਗ ਕੇ ਰਾਹ ਛਡਦਿਆਂ ਹੋਇਆਂ ਕਹਿਣ ਲਗਾ "ਪਰ ਮੈਂ ਬਦਮਾਸ਼ਾਂ ਨੂੰ ਰਾਹ ਦੇ ਦਿਆ ਕਰਦਾ ਹਾਂ ।"

**ਸ਼ਾਅ** ਦੀ ਬਹੁਤ ਵਡੀ ਲਾਇਬਰੇਰੀ ਵੇਖ ਕੇ ਉਸ ਦਾ ਇਕ ਮਿੱਤਰ ਕਹਿਣ ਲਗਾ, "ਕਾਸ਼, ਮੇਰੇ ਪਾਸ ਵੀ ਇੰਡੀ ਵਡੀ ਤੇ ਖੂਬਸੂਰਤ ਲਾਇਬਰੇਰੀ ਹੁੰਦੀ ।"

ਹੋਲੀ ਕੁ ਉਸ ਦੇ ਕੰਨ ਪਾਸ ਮੂੰਹ ਲਿਜਾ ਕੇ ਸ਼ਾਅ ਕਹਿਣ ਲੱਗਾ,"ਇਹ ਕੋਈ ਮੁਸ਼ਕਲ ਗੱਲ ਨਹੀ ਪਿਆਰੇ ! ਬਸ ਦੋਸਤਾਂ ਤੋਂ ਮਾਂਗਵੀਆਂ ਪੁਸਤਕਾਂ ਪੜ੍ਹਨ ਲਈ ਲਉ ਤੇ ਮੁੜ ਵਾਪਸ ਕਰਨ ਦਾ ਨਾਂ ਨਾ ਲਉ ।"

"ਤੇ ਫਿਰ" ਉਹ ਦੋਸਤ ਹੈਰਾਨ ਹੋ ਕੇ ਕਹਿਣ ਲਗਾ । "ਫਿਰ ਕੀ, ਇਹੀ ਹੋਵੇਗਾ, ਜੋ ਤੁਹਾਡੇ ਸਾਹਮਣੇ ਹੈ" ਸ਼ਾਅ ਦਾ ਉਤਰ ਸੀ ।

**ਸ਼ਾਅ** ਨੂੰ ਇਕ ਲਿਖਾਰੀ ਨੇ ਗਿਲਾ ਕਰਦਿਆਂ ਕਿਹਾ, "ਅਜ ਮੈਂ ਬੰਕਮ ਸਟਰੀਟ ਤੋਂ ਲੰਘਿਆ ਤਾਂ ਕੁਤਿਆਂ ਨੇ ਮੇਰੀ ਪੈਂਟ ਹੀ ਫਾੜ ਦਿਤੀ ।"

ਸ਼ਾਅ ਹਸ ਕੇ ਕਹਿਣ ਲਗਾ,"ਸ਼ੁਕਰ ਕਰ ਪਿਆਰੇ ! ਸਿਰਫ ਤੇਰੀ ਪੈਂਟ ਹੀ ਫਟੀ ਉਸ ਨਾਮਾਕੂਲ ਗਲੀ ਚੋਂ ਲੰਘਣ ਵਾਲੇ ਤਾਂ ਜੁਤੀਆਂ ਖਾ ਕੇ ਨਿਕਲਦੇ ਹਨ । ਉਨ੍ਹਾਂ ਦਾ ਮੂੰਹ ਕਾਲਾ ਕਰਕੇ ਗਧੇ ਤੇ ਸਵਾਰ ਕਰਾ ਕੇ ਉਨ੍ਹਾਂ ਦੇ ਜਲੂਸ ਕਢੇ ਜਾਂਦੇ ਹਨ, ਇਸ ਹਿਸਾਬ ਤੂੰ ਤਾਂ ਸਾਫ ਬਚ ਗਿਆ ਏਉਂ ।"

**ਬਰਨਾਰਡ** ਸ਼ਾਅ ਨੂੰ ਉਸ ਦੀ ਦੋਸਤ ਐਨੀ ਮਿਨਤਾਂ ਤਰਲੇ ਕਰਕੇ ਆਪਣੇ ਨਾਲ ਡਰਾਮਾ ਦਿਖਾਉਣ ਲਈ ਲੈ ਗਈ। ਸੁੰਦਰੀ ਅਗੇ ਬੈਠੀ ਤੇ ਸ਼ਾਅ ਪਿਛੇ । ਸ਼ਾਅ ਇੰਨਾ ਅਗੇ ਝੁਕ ਕੇ ਡਰਾਮਾ ਵੇਖਣ ਵਿਚ ਮਸਤ ਸੀ ਕਿ ਉਸ ਦੀ ਦਾੜੀ ਸੁੰਦਰੀ ਦੇ ਜੂੜੇ ਨਾਲ ਜਾ ਲਗੀ । ਇੰਨੇ ਨੂੰ ਸੁੰਦਰੀ ਨੇ ਆਪਣੇ ਜੂੜੇ ਨੂੰ ਖੋਹਲ ਕੇ ਮੁੜ ਪਿੰਨ ਲਗਾਈ ਤਾਂ ਜੂੜੇ ਵਿਚ ਹੀ ਸ਼ਾਅ ਦੇ ਵਾਲ ਫਸ ਗਏ ।

ਸ਼ਾਹ ਜਦੋਂ ਪਿਛਲੇ ਪਾਸੇ ਝੁਕਿਆ ਤਾਂ ਆਪਣੀ ਦਾੜ੍ਹੀ ਨੂੰ ਸੁੰਦਰੀ ਦੇ ਜੂੜੇ ਨਾਲ ਬੰਨਿਆ ਪਾਇਆ । ਉਹ ਤਰਲਾ ਕਢਦੇ ਹੋਇਆਂ ਸੁੰਦਰੀ ਨੂੰ ਕਹਿਣ ਲੱਗਾ :-

"ਮੈਂ ਵਿਸ਼ਵਾਸ਼ ਦਿਵਾਉਂਦਾ ਹਾਂ ਮੈਡਮ, ਜਦ ਤਕ ਡਰਾਮਾ ਖਤਮ ਨਾ ਹੋਵੇ, ਮੈਂ ਤੁਹਾਡਾ ਸਾਥ ਛੱਡ ਕੇ ਨਹੀਂ ਜਾਵਾਂਗਾ ।"

**ਬਰਨਾਰਡ** ਸ਼ਾਅ ਅੰਗਰੇਜ਼ੀ ਦੇ ਬਹੁਤ ਵੱਡੇ ਹਾਸ ਵਿਅੰਗ ਲੇਖਕ ਸਨ । ਉਹ ਕਿਹਾ ਕਰਦੇ ਸਨ ਕਿ ਮੇਰਾ ਇਕ ਇਕ ਲਫ਼ਜ਼ ਇਕ ਪੌਂਡ ਕੀਮਤ ਰਖਦਾ ਹੈ ।

ਉਨ੍ਹਾਂ ਨੇ ਇਕ ਪ੍ਰੇਮੀ ਨੇ ਇਕ ਪੌਂਡ ਘਲ ਕੇ ਬੇਨਤੀ ਕੀਤੀ ਕਿ ਇਸ ਬਦਲੇ ਇਕ ਲਫਜ਼ ਘਲਣ ਦੀ ਕਿਰਪਾ ਕਰੋ ।

ਜਵਾਬ ਵਿਚ ਸ਼ਾਅ ਨੇ ਲਿਖਿਆ, "ਧੰਨਵਾਦ ।"

**ਭਰੀ** ਮਹਿਫਲ ਵਿਚ ਇਕ ਬੁਧੀਜੀਵੀ ਨੇ ਸ਼ਾਅ ਨੂੰ ਕਿਹਾ, "ਦੁਨੀਆਂ ਵਿਚ ਦੋ ਹੀ ਮਹਾਨ ਹਸਤੀਆਂ ਹਨ ।"

ਵਿਚੋਂ ਗਲ ਕਟਦਿਆਂ ਹੋਇਆ ਸ਼ਾਅ ਨੇ ਪੁਛਿਆ, "ਪਈ ਇਕ ਤਾਂ ਤੂੰ ਹੋਇਆ, ਦੂਜਾ ਕੌਣ ਹੈ?"

**ਸ਼ਾਅ** ਇਕ ਨਾਟਕਕਾਰ ਦੇ ਜ਼ੋਰ ਦੇਣ ਤੇ ਉਸਦਾ ਨਾਟਕ ਵੇਖਣ ਗਿਆ, ਪਰ ਉਹ ਉਥੇ ਸਾਰਾ ਸਮਾਂ ਸੁਤਾ ਹੀ ਰਿਹਾ । ਨਾਟਕਕਾਰ ਨੇ ਕਿਹਾ,"ਮੈਂ ਤੁਹਾਡੀ ਰਾਏ ਜਾਣਨੀ ਚਾਹੁੰਦਾ ਸਾਂ, ਪਰ ਤੁਸੀਂ ਸਾਰਾ ਸਮਾਂ ਸੁਤੇ ਹੀ ਰਹੇ ।"ਸ਼ਾਅ ਨੇ ਬੜੀ ਸੰਜੀਦਗੀ ਨਾਲ ਉਤਰ ਦਿੱਤਾ,"ਪਿਆਰੇ, ਸੌਣਾ ਵੀ ਤਾਂ ਇਕ ਤਰ੍ਹਾਂ ਨਾਟਕ ਬਾਰੇ ਰਾਏ ਹੀ ਹੈ ਨਾ ।"

ਇਕ ਮੋਟੀ ਔਰਤ ਕਪੜੇ ਦੀ ਦੁਕਾਨ ਤੇ ਗਈ ਅਤੇ ਦੁਕਾਨਦਾਰ ਨੂੰ ਕਹਿਣ ਲੱਗੀ "ਮੇਰੇ ਲਈ ਕਿਹੜੇ ਰੰਗ ਦਾ ਕਪੜਾ ਠੀਕ ਰਹੇਗਾ ।"

ਦੁਕਾਨਦਾਰ ਨੇ ਕੁਛ ਦੇਰ ਸੋਚਣ ਬਾਅਦ ਕਿਹਾ "ਰੱਬ ਨੇ ਜਦੋਂ ਤਿਤਲੀ ਨੂੰ ਬਣਾਇਆ ਤਾਂ ਉਸਨੂੰ ਕਈ ਰੰਗ ਦਿਤੇ, ਜਦੋਂ ਹਾਥੀ ਨੂੰ ਬਣਾਇਆ ਤਾਂ ਉਸਨੂੰ ਸਿਰਫ ਭੂਰਾ ਰੰਗ ਦਿਤਾ ।

■□■□

ਰੂਸ ਵਿਚ ਇਕ ਵਿਅਕਤੀ ਨੂੰ ਪ੍ਰਧਾਨ ਮੰਤਰੀ ਨੂੰ ਮੂਰਖ ਕਹਿਣ ਤੇ ਵੀਹ ਸਾਲ ਦੀ ਕੈਦ ਸੁਣਾਈ ਗਈ ।

ਪੰਜ ਸਾਲ ਸਰਕਾਰ ਨਾਲ ਸੰਬੰਧਿਤ ਇਕ ਵਿਅਕਤੀ ਦੀ ਤੋਹੀਨ ਕਰਨ ਤੇ ਅਤੇ ਪੰਦਰਾਂ ਸਾਲ ਸਰਕਾਰੀ ਭੇਤ ਖੋਲ੍ਹਣ ਤੇ ।

□■□■

"ਮੇਰੇ ਬਚਪਨ ਦਾ ਜ਼ਮਾਨਾ ਬੜੀ ਗਰੀਬੀ ਦਾ ਸੀ "ਪ੍ਰਸਿਧ ਵਿਅੰਗਕਾਰ ਮਾਰਟ ਟਵਿਨ ਨੇ ਇਕ ਸੁਆਗਤੀ ਸਮਾਰੋਹ ਵਿਚ ਭਾਸ਼ਨ ਕਰਦਿਆਂ ਕਿਹਾ–"ਅਸੀ ਲੋਕ ਏਨੇ ਗਰੀਬ ਸਾਂ ਕਿ ਘਰ ਦੀ ਸੁਰਖਿਆ ਲਈ ਇਕ ਕੁੱਤਾ ਵੀ ਨਹੀ ਸੀ ਰੱਖ ਸਕਦੇ । ਇਸ ਲਈ




ਰਾਤ ਨੂੰ ਕੋਈ ਆਹਟ ਸੁਣਾਈ ਦਿੰਦੀ ਤਾਂ ਸਾਨੂੰ ਆਪ ਭੌਂਕਣਾ ਪੈਂਦਾ ਸੀ ।"

□■□■

ਦੋ ਅਮ੍ਰੀਕੀ ਦੋਸਤਾਂ ਦੀ ਮੁਲਾਕਾਤ ਹੋਈ ਤਾਂ ਇਕ ਨੇ ਕਿਹਾ–ਸੁਣਿਆ ਹੈ , ਤੁਹਾਡਾ ਕਰੈਡਿਟ ਕਾਰਡ ਗੁਆਚ ਗਿਆ ਹੈ ਉਸਦੇ ਗੁਆਚਣ ਦੀ ਰਿਪੋਰਟ ਲਿਖਾਈ ?

"ਨਹੀ" ਦੂਜੇ ਨੇ ਜਵਾਬ ਦਿਤਾ ।

"ਉਹ ਕਿਉਂ?" ਇਸ ਲਈ ਕਿ ਜਿਸ ਔਰਤ ਕੋਲ ਮੇਰਾ ਕਰੈਡਿਟ ਕਾਰਡ ਹੈ ਉਹ ਮੇਰੀ ਬੀਵੀ ਦੇ ਮੁਕਾਬਲੇ ਬਹੁਤ ਘੱਟ ਖਰਚ ਕਰ ਰਹੀ ਹੈ ।

■□■□

ਜੋਤਸ਼ੀ ਨੇ ਇਕ ਔਰਤ ਦਾ ਹੱਥ ਦੇਖਕੇ ਕਿਹਾ–"ਹੱਥ ਦੀਆਂ ਲਕੀਰਾਂ ਇਕ ਭਿਆਨਕ ਭਵਿਖ ਦੀ ਨਿਸ਼ਾਨਦੇਹੀ ਕਰਦੀਆਂ ਹਨ । ਪਤੀ ਪਤਨੀ ਕਿਧਰੇ ਜਾ ਰਹੇ ਹੋਣਗੇ । ਕਾਰ ਨੂੰ ਇਕ ਜਾਨ ਲੇਵਾ ਹਾਦਸਾ ਪੇਸ਼ ਆਵੇਗਾ ਜਿਸ ਵਿਚ ਪਤੀ ਦੀ ਮਿਰਤੂ ਹੋ ਜਾਵੇਗੀ ।"

ਪਤਨੀ ਨੇ ਫਿਕਰਮੰਦ ਹੋਕੇ ਪੁਛਿਆ–

"ਮੈਂ ਤਾਂ ਬਚ ਜਾਵਾਂਗੀ ।" □■□■

Sri Satguru Jagjit Singh Ji Elibrary NamdhariElibrary@gmail.com

✆ 42764

31 Years In The Service of Nation

**VISHWAKARMA**

**ENGINEERING WORKS**



**manufacturers of:**

**TOP QUALITY BENCH VICES DRILL VICES SHAPER & MACHINE VICES, COUPLING BUSH TYPE, JAPAN TYPE & KEY TYPE ETC.**

**G.T. ROAD, BATALA-143 505 (Pb)**

☎42613

**GOPAL ENGINEERING WORKS**

***MANUFACTURERS OF:***

LATHES, SHAPERS, GLUE CLAMPS, LEAD DRYER BOX, FOR PENCIL MACHINERY

***Specialist In:***

PENCIL MAKING MACHINERY



**G.T. ROAD, BATALA (PB)**

✆ OFFICE : 42685,42585,
RESI : 42485, 42503

**KHALSA**

**FOUNDRY WORKS (Regd.)**

**Manufacturers of:**

- CHAFF CUTTER MACHINES
- MACHINE TOOLS
- C.I. CASTING HEAVY & LIGHT



**G.T. ROAD, BATALA-143505 (PB)**

✆ OFFICE : 42352 p.p
RESI : 44332

**BEE JAY**

**FOUNDRY & ENGG. WORKS**

**MANUFACTURERS OF:**

HEAVY & LIGHT C. I. CASTING

**G.T. ROAD, PAKEEZA GALI,**
**BATALA-143505 (PB)**

**SISTER CONCERN:**

**M/S ROOP ENGG. WORKS**

**SPECILIST IN :**

**SHAPERS, LATHES DRILL & AGRI IMPLIMENTS**

**RAJ KUMAR MARKET,**
**BATALA-143505 (PB)**



Sri Satguru Jagjit Singh Ji Elibrary NamdhariElibrary@gmail.com

# ਅਸੀਂ ਗਰੀਬੀ ਨੂੰ ਸਵੀਕਾਰ ਕਰ ਲਿਆ ਹੈ

-ਓਸ਼ੋ-

ਇੱਕ ਮਿੱਤਰ ਨੇ ਪੁੱਛਿਆ ਹੈ ਕਿ ਹਿੰਦੁਸਤਾਨ ਸੰਪਤੀ ਕਿਉਂ ਪੈਦਾ ਨਹੀਂ ਕਰ ਸਕਿਆ ?

ਨਾ ਕਰ ਸਕਣ ਦਾ ਕੁੱਝ ਕਾਰਨ ਹੈ। ਇੱਕ ਦੋ ਤੇ ਮੈਂ ਗੱਲ ਕਰੂੰਗਾ। ਪਹਿਲਾ ਤਾਂ ਇਹ ਹੈ, ਕਿ ਪਤਾ ਨਹੀਂ ਕਿਸ ਕੁਲਿਹਣੀ ਘੜੀ ਪੂੰਜੀ ਦੇ ਵਿਰੋਧ ਵਿਚ ਫੈਸਲਾ ਕਰ ਲਿਆ। ਅਸੀਂ ਗਰੀਬੀ ਦੀ ਪੂਜਾ ਕੀਤੀ ਹੈ, ਹਜ਼ਾਰਾਂ ਸਾਲਾਂ ਤੋਂ ਅਸੀਂ ਗਰੀਬ ਨੂੰ ਆਦਰ ਦਿੰਦੇ ਹਾਂ। ਸ਼ਾਇਦ ਇਸ ਦਾ ਕਾਰਨ ਹੈ ਕਿ ਅਸੀਂ ਬਹੁਤ ਗਰੀਬ ਸੀ ਅਤੇ ਅਮੀਰੀ ਨਾਲ ਈਰਖਾ ਕਰਕੇ ਅਸੀ ਗਰੀਬੀ ਨੂੰ ਆਦਰ ਦੇਣ ਲੱਗੇ। ਜੇਕਰ ਅਸੀਂ ਭੀਖ ਮੰਗੇ ਹਾਂ ਅਤੇ ਸਾਡੇ ਸਮਰਾਟ ਬਣਨ ਦਾ ਕੋਈ ਚਾਰਾ ਨਹੀਂ ਚੱਲਦਾ ਤਾਂ ਸਾਡਾ ਮਨ ਇਹ ਵੀ ਕਰੇਗਾ ਕਿ ਅਸੀਂ ਸਮਰਾਟ ਬਣਨਾ ਹੀ ਕਦ ਚਾਹੁੰਦੇ ਹਾਂ। ਉਸ ਦੀ ਗਰੀਬੀ ਏਨੀ ਲੰਮੀ ਹੋ ਗਈ ਹੈ ਕਿ ਉਸ ਦੀ ਗਰੀਬੀ ਵਿੱਚ ਹੀ ਹੰਕਾਰ ਨੂੰ ਤ੍ਰਿਪਤ ਕਰਨ ਦਾ ਉਪਾਯ ਖੋਜਣਾ ਜ਼ਰੂਰੀ ਸੀ। ਇਸ ਵਾਸਤੇ ਅਸੀਂ ਉਪਾਯ ਖੋਜ ਲਿਆ। ਅਸੀਂ ਗਰੀਬੀ ਨੂੰ ਸਾਦਗੀ ਕਹਿਣ ਲੱਗੇ। ਅਸੀਂ ਗਰੀਬ ਆਦਮੀ ਨੂੰ ਆਦਰ ਦੇਣ ਲੱਗੇ, ਅਤੇ ਜੇਕਰ ਕੋਈ ਗਰੀਬ, ਗਰੀਬੀ ਨੂੰ ਸਵੀਕਾਰ ਕਰ ਲਵੇ ਆਪਣੀ ਮਰਜ਼ੀ ਨਾਲ, ਅਸੀਂ ਉਸ ਦੇ ਚਰਨ ਛੂਹਣ ਲੱਗੇ, ਪੈਰ ਫੜਨ ਲੱਗੇ।

ਗਾਂਧੀ ਜੀ ਨੂੰ ਜੇਕਰ ਕੋਈ ਪੁੱਛਦਾ ਸੀ ਕਿ ਆਪ ਥਰਡ ਕਲਾਸ ਵਿਚ ਕਿਉਂ ਸਫ਼ਰ ਕਰਦੇ ਹੋ, ਤਾਂ ਉਹ ਕਹਿੰਦੇ ਸੀ, ਕਿਉਂਕਿ ਫੋਰਥ ਕਲਾਸ ਨਹੀਂ ਹੈ। ਹੁਣ ਗਾਂਧੀ ਦਾ ਮਨ ਤ੍ਰਿਪਤ ਨਹੀਂ ਹੋਵੇਗਾ, ਜਦੋਂ ਤੱਕ ਉਹ ਨਰਕ ਦੀ ਰੇਲ ਗੱਡੀ ਵਿਚ ਨਾ ਚਲੇ ਜਾਣ। ਕਿਉਂਕਿ ਫੋਰਥ ਕਲਾਸ ਵਿਚ ਕਿਉਂ ਚਲਦੇ ਹੋ ? ਉਹ ਕਹਿਣਗੇ, ਫਿਫਥ ਕਲਾਸ ਨਹੀਂ ਹੈ। ਇਸ ਕਰਕੇ ਅਸੀਂ ਕਹਾਂਗੇ ਗਾਂਧੀ ਮਹਾਤਮਾ ਹੈ, ਕਿਉਂਕਿ ਉਹ ਥਰਡ ਕਲਾਸ ਸਵੀਕਾਰ ਕਰ ਰਹੇ ਹਨ। ਅਸੀਂ ਸਾਰੇ ਥਰਡ ਕਲਾਸ ਵਿਚ ਚਲਦੇ ਹਾਂ ਤਾਂ ਸਾਨੂੰ ਲੱਗੇਗਾ ਕਿ ਇਹ ਮਹਾਤਮਾ ਅਸਲੀ ਹੈ ਕਿਉਂਕਿ ਥਰਡ ਕਲਾਸ ਵਿਚ ਸਾਡੇ ਪ੍ਰਾਣ ਹੀ ਪ੍ਰੇਸ਼ਾਨ ਹੋ ਰਹੇ ਹਨ। ਅਸੀਂ ਚਾਹੁੰਦੇ ਹਾਂ ਕਿ ਫਸਟ ਕਲਾਸ ਵਿਚ ਸਫ਼ਰ ਕਰੀਏ, ਕਿਉਂਕਿ ਫਸਟ ਕਲਾਸ ਵਿਚ ਚੱਲ ਨਹੀਂ ਸਕਦੇ, ਤਾਂ ਹੁਣ ਥਰਡ ਕਲਾਸ ਵਿਚ ਜੋ ਚਲੇਗਾ, ਉਸ ਨੂੰ ਅਸੀਂ ਕਹਾਂਗੇ ਇਹ ਹੈ ਮਹਾਤਮਾ। ਹੁਣ ਅਸੀਂ ਕਿਸ ਨੂੰ ਆਦਰ ਦਿਆਂਗੇ ? ਹੁਣ ਅਸੀਂ ਥਰਡ ਕਲਾਸ ਨੂੰ ਆਦਰ ਦਾ ਅਧਾਰ ਬਣਾਉਣ ਦੀ ਕੋਸ਼ਿਸ਼ ਕਰਾਂਗੇ ਕਿ ਥਰਡ ਕਲਾਸ ਸਫ਼ਰ ਕਰਨਾ ਹੀ ਬੜੇ ਮਹੱਤਵ ਦੀ ਗੱਲ ਹੈ, ਇਸ ਵਿੱਚ ਸਾਡੇ ਹੰਕਾਰ ਨੂੰ ਤ੍ਰਿਪਤੀ ਮਿਲੇਗੀ।

ਇਸ ਹੰਕਾਰ ਦੀ ਡੂੰਘੀ ਤ੍ਰਿਪਤੀ ਨੇ ਇਸ ਦੇਸ਼ ਵਿਚ ਸੰਪਤੀ ਨੂੰ ਪੈਦਾ ਕਰਨ ਵਿਚ ਅੜਿਕਾ ਡਾਹਿਆ ਹੈ। ਸੰਪਤੀ ਸਭ ਕੁਝ ਨਹੀਂ ਹੈ, ਪ੍ਰੰਤੂ ਬਹੁਤ-ਕੁਝ ਹੈ। ਸੰਪਤੀ ਨਾਲ ਆਤਮਾ ਨਹੀਂ



ਮਿਲ ਜਾਵੇਗੀ, ਪ੍ਰੰਤੂ ਸੰਪਤੀ ਦੇ ਬਿਨਾਂ ਆਤਮਾ ਨੂੰ ਪਾਉਣਾ ਬਹੁਤ ਮੁਸ਼ਕਲ ਹੈ। ਸੰਪਤੀ ਨਾਲ ਘੱਟੋ-ਘੱਟ ਜੋ ਸਭ ਤੋਂ ਕੀਮਤੀ ਚੀਜ਼ ਮਿਲਦੀ ਹੈ, ਉਹ ਇਹ ਹੈ ਕਿ ਸਰੀਰ ਨੂੰ ਭੁਲਾਉਣ ਦੀ ਸੁਵਿਧਾ ਮਿਲਦੀ ਹੈ। ਰੋਟੀ ਦਾ ਉਪਯੋਗ ਇੱਕ ਹੀ ਹੈ ਕਿ ਸਰੀਰ ਭੁੱਲ ਜਾਂਦਾ ਹੈ। ਭੁੱਖ ਵਿੱਚ ਸਰੀਰ ਭੁਲਣਾ ਮੁਸ਼ਕਲ ਹੈ। ਸਿਰ ਵਿੱਚ ਦਰਦ ਨਾ ਹੋਵੇ ਤਾਂ ਸਿਰ ਭੁੱਲ ਸਕਦਾ ਹੈ। ਪੈਰ ਵਿਚ ਕੰਡਾ ਵੱਜਿਆ ਹੋਵੇ ਤਾਂ ਆਤਮਾ ਪੈਰ ਵਿਚ ਚਲੀ ਜਾਂਦੀ ਹੈ, ਉਥੇ ਹੀ ਕੰਡੇ ਦੇ ਕੋਲ ਨਿਵਾਸ ਕਰਨ ਲੱਗਦੀ ਹੈ। ਕੰਡਾ ਨਿਕਲ ਜਾਵੇ ਤਾਂ ਆਤਮਾ ਪੈਰ ਵਿੱਚੋਂ ਵਿਦਾ ਹੋ ਜਾਂਦੀ ਹੈ। ਜਿੱਥੇ ਘਾਟ ਹੈ ਉਥੇ ਹੀ ਖਟਕਦੀ ਰਹਿੰਦੀ ਹੈ। ਗਰੀਬ ਸਰੀਰ ਵਿੱਚ ਜੀ ਸਕਦਾ ਹੈ। ਕਿਉਂਕਿ ਸਰੀਰ ਹੀ ਖੜਕਦਾ ਰਹਿੰਦਾ ਹੈ।

ਅਮੀਰ ਦੇ ਵਾਸਤੇ ਇਕ ਸਹੂਲਤ ਹੈ ਕਿ ਉਹ ਸਰੀਰ ਨੂੰ ਭੁੱਲ ਸਕਦਾ ਹੈ ਅਤੇ ਮੈਂ ਮੰਨਦਾ ਹਾਂ ਕਿ ਇਸ ਵਾਸਤੇ ਸਾਰੀ ਦੁਨੀਆ ਨੂੰ ਅਮੀਰ ਕੀਤਾ ਜਾਣਾ ਜ਼ਰੂਰੀ ਹੈ। ਤਾਂ ਕਿ ਇੱਕ-ਇੱਕ ਆਦਮੀ ਸਰੀਰ ਨੂੰ ਭੁੱਲ ਸਕੇ। ਜਿਸ ਦਿਨ ਅਸੀਂ ਸਰੀਰ ਨੂੰ ਭੁਲਾ ਸਕਾਂਗੇ, ਉਸ ਦਿਨ ਹੀ ਆਤਮਾ ਦੀ ਸੋਝੀ ਆਉਣੀ ਸ਼ੁਰੂ ਹੋ ਜਾਂਦੀ ਹੈ। ਉਸ ਦਿਨ ਖਿਆਲ ਆਉਂਦਾ ਹੈ ਕਿ ਫਿਰ ਮੈਂ ਕੀ ਹਾਂ ? ਜਦੋਂ ਸਰੀਰ ਦੀ ਕੋਈ ਜ਼ਰੂਰਤ ਬਾਕੀ ਨਹੀਂ ਰਹਿੰਦੀ ਤਾਂ ਸਵਾਲ ਉਠਦਾ ਹੈ, ਹੁਣ ਮੇਰੀ ਜ਼ਰੂਰਤ ਹੈ ? ਹੁਣ ਮੈਂ ਕੀ ਖੋਜਾਂ ? ਧਰਮ ਦੀ ਅਤੇ ਆਤਮਾ ਦੀ ਖੋਜ ਮਨੁੱਖ ਦੀਆਂ ਸੁਵਿਧਾਵਾਂ ਦੀ ਤ੍ਰਿਪਤੀ ਤੋਂ ਬਾਅਦ ਪੈਦਾ ਹੋਈ ਖੋਜ ਹੈ। ਇਹ ਅਲਗਰਜੀ ਹੈ। ਇਹ ਆਖਰੀ ਵਿਲਾਸ ਹੈ। ਇਹ ਸੁਵਿਧਾਵਾਂ ਦੇ ਬਾਅਦ ਦੀ ਅੰਤਿਮ ਚਰਨ ਯਾਤਰਾ ਹੈ। ਪ੍ਰੰਤੂ ਅਸੀਂ ਜੋ ਫੈਸਲਾ ਲਿਆ ਸੀ, ਉਹ ਭਿੰਨ ਹੈ। ਉਹ ਨਿਰਣਾ ਜੇਕਰ ਅਸੀਂ ਬਦਲ ਦੇਈਏ ਤਾਂ ਅੱਜ ਦੀ ਸਾਰੀ ਸਥਿਤੀ ਬਦਲ ਸਕਦੀ ਹੈ।

ਇੱਕ ਗੱਲ ਹੋਰ। ਅਸੀਂ ਇੱਕ ਨਿਰਣਾ ਵੀ ਲਿਆ ਸੀ, ਇਸ ਗਰੀਬੀ ਦੇ ਨਾਲ ਰਾਜੀ ਹੋਣ ਦੇ ਵਾਸਤੇ। ਇਹ ਸੀ ਕਿ ਆਦਮੀ ਗਰੀਬ ਹੈ, ਆਪਣੇ ਪਿਛਲੇ ਜਨਮਾਂ ਦੇ ਪਾਪਾਂ ਦੇ ਕਾਰਨ। ਇਹ ਵੀ ਸੰਤੋਖ ਦੀ ਸਥਿਤੀ ਸੀ। ਅਸੀਂ ਕਹਿੰਦੇ ਸੀ, ਅਮੀਰ ਆਪਣੇ ਪਿਛਲੇ ਜਨਮਾਂ ਦੇ ਪੁੰਨਾਂ ਦੇ ਕਾਰਨ ਅਮੀਰ ਹੈ। ਗਰੀਬ ਆਪਣੇ ਪਿਛਲੇ ਜਨਮਾਂ ਦੇ ਪਾਪਾਂ ਦੇ ਕਾਰਨ ਗਰੀਬ ਹੈ। ਇਸ ਨਾਲ ਤ੍ਰਿਪਤੀ ਮਿਲਦੀ ਹੈ, ਸੰਤੋਖ ਮਿਲਦਾ ਹੈ ਅਤੇ ਅਸੀਂ ਗਰੀਬੀ ਵਿਚ ਹੀ ਜੀਅ ਲੈਂਦੇ ਹਾਂ। ਇਸ ਵਾਸਤੇ ਗਰੀਬੀ ਨੂੰ ਮਿਟਾਉਣ ਮੁਸ਼ਕਲ ਹੋ ਗਿਆ। ਗਰੀਬੀ ਸਾਡੇ ਪਿਛਲੇ ਜਨਮਾਂ ਦੇ ਕੰਮਾਂ ਦਾ ਨਤੀਜਾ ਨਹੀਂ ਹੈ। ਗਰੀਬੀ ਸਾਡੇ ਇਸ ਜਨਮ ਦੀਆਂ ਭੁੱਲਾਂ ਦਾ ਫਲ ਹੈ। ਇਸ ਜਨਮ ਵਿਚ ਅਸੀਂ ਜੋ ਕਰ ਰਹੇ ਹਾਂ। ਉਹ ਜੇਕਰ ਸੰਪਤੀ ਪੈਦਾ ਨਹੀਂ ਕਰਦਾ ਤਾਂ ਗਰੀਬੀ ਜ਼ਰੂਰੀ ਹੋ ਜਾਂਦੀ ਹੈ। ਦੂਸਰੀ ਗੱਲ, ਗਰੀਬੀ ਇੱਕ-ਇੱਕ ਵਿਅਕਤੀ ਦੀ ਵਿਅਕਤੀਗਤ ਅਵਸਥਾ ਦਾ ਵੀ ਫਲ ਹੈ। ਇਹ ਦੋ ਗੱਲਾਂ ਜੇਕਰ ਸਮਝ ਵਿਚ ਆ ਜਾਣ ਤਾਂ ਗਰੀਬੀ ਮਿਟਾਈ ਜਾ ਸਕਦੀ ਹੈ। ਜਦੋਂ ਤੱਕ ਅਸੀਂ ਸੋਚਦੇ ਸੀ ਕਿ ਆਦਮੀ ਦੀ ਉਮਰ ਭਾਗਾਂ ਨਾਲ ਤੈਅ ਹੈ, ਤਦ ਤੱਕ ਆਦਮੀ ਦੀ ਉਮਰ ਨਹੀਂ ਵਧਾਈ ਜਾ ਸਕੀ। ਪ੍ਰੰਤੂ ਹੁਣ ਉਮਰ ਵਧੀ ਹੈ, ਕਿਉਂਕਿ ਭਾਗਾਂ ਦਾ ਵਿਸ਼ਵਾਸ ਘਟਿਆ ਹੈ।

ਗਰੀਬੀ ਨੂੰ ਅਸੀਂ ਸਵੀਕਾਰ ਕੀਤਾ ਹੈ, ਇਸ ਵਾਸਤੇ ਗਰੀਬ ਹਾਂ। ਸਾਨੂੰ ਪੂਰੇ ਮਨ ਨਾਲ ਗਰੀਬੀ ਨੂੰ ਅਸਵੀਕਾਰ ਕਰਨਾ ਪਵੇਗਾ ਤਾਂ ਹੀ ਗਰੀਬੀ ਮਿਟ ਸਕਦੀ ਹੈ। ਜੇਕਰ ਸਾਰਾ ਮੁਲਕ ਤੈਅ ਕਰ ਲਵੇ ਤਾਂ ਕੋਈ ਵੀ ਕਠਿਨਾਈ ਨਹੀਂ ਹੈ, ਗਰੀਬੀ ਨੂੰ ਮਿਟਾ ਦੇਣ ਵਿਚ। ਕਿਉਂਕਿ ਗਰੀਬੀ ਨੂੰ ਮਿਟਾਉਣ ਦਾ ਮਤਲਬ ਹੈ ਪਹਿਲਾਂ ਤਾਂ ਗਰੀਬੀ ਨੂੰ ਮਿਟਾਉਣ ਦਾ ਸੰਕਲਪ ਕਰੀਏ। ਪ੍ਰੰਤੂ ਹੁਣ ਗਰੀਬ ਨੂੰ ਨਵੀਆਂ ਨਾਸਮਝੀਆਂ ਸਮਝਾਈਆਂ ਜਾ ਰਹੀਆਂ ਹਨ। ਉਸ ਨੂੰ ਸਮਝਾਇਆ ਜਾ ਰਿਹਾ ਹੈ ਕਿ ਤੇਰਾ ਸ਼ੋਸ਼ਣ ਕੀਤਾ ਜਾ ਰਿਹਾ ਹੈ। ਇਸ ਕਰਕੇ ਤੂੰ ਗਰੀਬ ਹੈਂ। ਤੂੰ ਸ਼ੋਸ਼ਣ ਕਰਨ ਵਾਲੇ ਨੂੰ ਮਿਟਾ। ਸ਼ੋਸ਼ਣ ਕਰਨ ਵਾਲਾ ਮਿਟ ਜਾਵੇਂਗਾ ਤਾਂ ਤੂੰ ਅਮੀਰ ਹੋ ਜਾਵੇਂਗਾ। ਇਹ ਬੜੀ ਨਾ ਸਮਝੀ ਤੇ ਆਤਮਘਾਤੀ ਦਲੀਲ ਹੈ।



Sri Satguru Jagjit Singh Ji Elibrary NamdhariElibrary@gmail.com

Gram: PHANEKHAN Phone : 23433

# GREEN FABRICATIORS

**MANUFACTURERS**

Tractor Mounted Road Rollers, Water Tanks, Trolleys, Agricultural Imp. & Rolling Shutters ect.



Mistry Dalip Singh (Fanne Khan)

Sister Concern

**Malwa Steel & Engg. Works**

G.T.Road, Malout Distt. Faridkot

# MANDEEP ENGINEERING WORKS

**Manufacturers & Exporters of :**

Supreme Quality "MEW" Brand

**Axion Types,**
**Jenko Types,**
**Keen Types (Bench Mode)**
**Hand Drilling Machine &**
**Complete Range of Motorised Drilling Machines**





**New Colony, Aman Nagar, Opp. Vishvkarma Mandir, JALANDHAR-144004.**



Sri Satguru Jagjit Singh Ji Elibrary NamdhariElibrary@gmail.com

**ਸਜਣ ਸੁਹੇਲੜੇ**

# ਸ੍ਰ: ਤਰਸੇਮ ਸਿੰਘ ਸੈਂਹਬੀ

ਸ੍ਰ: ਤਰਸੇਮ ਸਿੰਘ ਸੈਂਹਬੀ ਬਾਰੇ ਲਿਖਨ ਲੱਗਿਆਂ ਅਚਾਨਕ ਹੀ ਮੈਨੂੰ ਮੇਰੀ ਪਹਿਲੀ ਯੂ:ਕੇ ਫੇਰੀ ਦੀ ਇਕ ਬਹੁਤ ਹੀ ਦਿਲਚਸਪ ਅਤੇ ਪਿਆਰੀ ਘਟਨਾ ਯਾਦ ਆ ਗਈ, ਕਿਉਂਕਿ ਇਸ ਘਟਨਾ ਦਾ ਥੋੜਾ ਜਿਹਾ ਸਬੰਧ ਸ: ਤਰਸੇਮ ਸਿੰਘ ਸੈਂਹਬੀ ਹੁਰਾਂ ਨਾਲ ਹੋਈ ਮੁਲਾਕਾਤ ਨਾਲ ਵੀ ਬਣਦਾ ਹੈ। ਇਸ ਲਈ ਮੈ ਚਾਹੁੰਦਾ ਹਾਂ ਕਿ ਇਸ ਨੂੰ ਪਾਠਕਾਂ ਨਾਲ ਸਾਂਝਾ ਕੀਤਾ ਜਾਵੇ। ਵੈਸੇ ਜਦੋਂ ਕਦੀ ਵੀ ਆਪਣੇ ਦੋਸਤਾਂ ਮਿਤਰਾਂ ਵਿਚ ਯੂ:ਕੇ ਦੀ ਅਤੇ ਰਾਮਗੜ੍ਹੀਆ ਮੰਚ ਦੀ ਗਲ ਚਲਦੀ ਹੈ, ਤਾਂ ਮੈ ਆਮ ਤੌਰ ਤੇ ਇਸ ਦਾ ਜ਼ਿਕਰ ਕਰਿਆ ਕਰਦਾ ਹਾਂ।

ਮੇਰੇ ਵਾਪਸ ਆਉਣ ਵਿਚ ਲਗ ਭਗ ਇਕ ਹਫਤਾ ਹੀ ਬਾਕੀ ਰਹਿ ਗਿਆ ਸੀ ਜਦੋਂ ਮੈ ਸਾਊਥ ਹਾਲ ਆਇਆ। ਸ: ਜਸਪਾਲ ਸਿੰਘ ਭੰਵਰਾ, ਜੋ ਉਸ ਸਮੇ ਰਾਮਗੜ੍ਹੀਆ ਕੌਂਸਲ ਯੂ:ਕੇ ਦੇ ਪ੍ਰਧਾਨ ਅਤੇ ਰਾਮਗੜ੍ਹੀਆ ਸਭਾ ਸਾਊਥ ਹਾਲ ਦੇ ਜਨਰਲ ਸਕੱਤਰ ਸਨ, ਨਾਲ ਰਾਮਗੜ੍ਹੀਆ ਮੰਚ ਬਾਰੇ ਗਲ ਬਾਤ ਹੋਈ ਤਾਂ ਉਨ੍ਹਾਂ ਨੇ ਸਭ ਤੋਂ ਪਹਿਲੀ ਗਲ ਇਹੋ ਹੀ ਪੁੱਛੀ, ਕਿ, "ਤੁਸੀ ਸਾਥੋਂ ਕੀ ਆਸ ਰਖਦੇ ਹੋ ?" ਆਪਣੀ ਯੂ:ਕੇ ਯਾਤਰਾ ਦੌਰਾਨ ਅਤੇ ਸਾਊਥ ਹਾਲ ਇਕ ਦੋ ਦਿਨ ਰਹਿਣ ਨਾਲ, ਇਨਾਂ ਦੇ ਰਸੂਖ ਅਤੇ ਕੰਮ ਕਰਨ ਤੋਂ ਮੈ ਬਹੁਤ ਹੀ ਪ੍ਰਭਾਵਿਤ ਹੋਇਆ ਸੀ। ਮੈ ਇਹ ਗਲ ਵੀ ਸਮਝ ਚੁਕਾ ਸੀ, ਕਿ ਮੈ ਜੋ ਵੀ ਟੀਚਾ ਇਨ੍ਹਾਂ ਸਾਹਮਣੇ ਰਖਿਆ, ਇਹ ਸਹਿਜੇ ਹੀ ਪੂਰਾ ਕਰ ਦੇਣਗੇ। ਮੈ ਨਹੀ ਸੀ ਚਾਹੁੰਦਾ ਕਿ ਮੈਂ ਆਪਣੇ ਵਲੋਂ ਕੋਈ ਫਿਗਰ (ਰਕਮ) ਆਖਾਂ। ਮੈ ਸਮਝਦਾ ਸੀ ਕਿ ਮੈ ਜੋ ਵੀ ਆਖਾਗਾਂ ਉਹ ਥੋੜਾ ਹੀ ਹੋਵੇਗਾ, ਕਿਉਂਕਿ ਉਸ ਸਮੇ ਦੀ ਆਪਣੀ ਆਰਥਕ ਅਵਸਥਾ ਹੀ ਕੁਝ ਅਜਿਹੀ ਸੀ। ਸੋ ਮੈ ਆਖਿਆ ਭੰਵਰਾ ਸਾਹਿਬ ਤੁਸੀ ਜੋ ਕਰ ਦਿਓਗੇ ਬਹੁਤ ਹੈ। ਮੈਂ ਤੁਹਾਨੂੰ ਕੀ ਆਖ ਸਕਦਾ ਹਾਂ। ਪਰ ਭੰਵਰਾ ਸਾਹਿਬ ਮੇਰਾ ਮੂੰਹ ਖੁਲਵਾਉਣਾ ਚਾਹੁੰਦੇ ਸਨ। ਇਸੇ ਹੀ ਤਰ੍ਹਾਂ ਲਗ ਭਗ ਇਕ ਹਫਤਾ ਬੀਤ ਗਿਆ, ਉਹ ਮੈਨੂੰ ਉਹੀ ਸਵਾਲ ਕਰਨ ਅਤੇ ਮੈਂ ਬਚਦਾ ਰਿਹਾ। ਆਖਰ ਮੈਨੂੰ ਹਾਰ ਮੰਨਣੀ ਪਈ, ਕਿਉਂਕਿ ਮੇਰੇ ਆਉਣ ਵਿਚ ਹੁਣ ਕੁਝ ਹੀ ਦਿਨ ਬਾਕੀ ਰਹਿ ਗਏ ਸਨ।

ਯੂ:ਕੇ ਜਾਣ ਤੋਂ ਪਹਿਲਾਂ ਮੈ ਜੋ ਪ੍ਰੋਗਰਾਮ ਉਲੀਕਿਆ ਸੀ ਅਤੇ ਜੋ ਮੈਂਬਰਸ਼ਿਪ ਕਰਨੀ ਸੀ, ਉਸ ਅਨੁਸਾਰ ਮੈ ਸਾਊਥ ਹਾਲ ਤੋ ਕੇਵਲ 500 ਪੌਂਡ ਦਾ ਟੀਚਾ ਮਿਥਿਆ ਸੀ। ਮੈਂ ਇਥੇ ਇਹ ਵੀ ਸੰਕੇਤ ਰੂਪ ਵਿਚ ਵਰਨਣ ਕਰ ਦੇਣਾ ਉਚਿਤ ਸਮਝਦਾ ਹਾਂ ਕਿ, ਸਾਊਥ ਹਾਲ ਪੁੱਜਣ ਤੋਂ ਪਹਿਲਾਂ ਮੈ ਆਪਣੇ ਨਿਰਧਾਰਤ ਟੀਚੇ ਤੋਂ ਕਿਤੇ ਵਧ ਮੈਂਬਰਸ਼ਿਪ ਕਰ ਲਈ ਸੀ ਅਤੇ ਉਹ ਤਨਾਓ ਤੋਂ, ਜੋ ਮੈਨੂੰ ਯੂ:ਕੇ ਯਾਤਰਾ ਤੋਂ ਪਹਿਲਾਂ ਸੀ, ਤੋਂ ਮੁਕਤ ਹੋ ਚੁਕਾ ਸੀ। ਸੋਚ ਵਿਚ ਵੀ ਕਾਫੀ ਅੰਤਰ ਆ ਗਿਆ ਸੀ ਅਤੇ ਆਪਣੀ ਜ਼ਿਮੇਵਾਰੀਆਂ ਪ੍ਰਤੀ ਵੀ ਹਰ ਸੁਚੇਤ ਹੋ ਗਿਆ ਸੀ। ਇਸ ਲਈ ਹੁਣ ਮੇਰੇ ਲਈ ਆਪਣੇ ਨਿਜੀ ਹਿਤ ਤੋਂ ਬ੍ਰਾਦਰੀ ਹਿਤ ਦੀ ਪ੍ਰਧਾਨਤਾ ਸੀ। ਬ੍ਰਮਿੰਘਮ ਵਿਖੇ ਸੰਤ ਏਰਮ ਸਿੰਘ ਸੋਧ, ਸ: ਅਜੀਤ ਸਿੰਘ ਉੱਭੀ, ਸ: ਸੋਹਣ ਸਿੰਘ ਚੱਘਰ ਅਤੇ ਸ: ਸੁਰਜੀਤ ਸਿੰਘ ਪਨੇਸਰ ਹੁਰਾਂ ਨੇ ਮੈਨੂੰ ਜਿਥੇ ਆਰਥਕ ਪਖੋਂ ਨਿਸਚਿੰਤ ਕਰ ਦਿੱਤਾ, ਉਥੇ ਆਪਣੇ ਫਰਜ਼ਾਂ ਪ੍ਰਤੀ ਵੀ ਜਾਗਰੂਕ ਕੀਤਾ। ਕੋਵੈਂਟਰੀ ਵਿਖੇ ਸ: ਸੰਤੋਖ ਸਿੰਘ ਬਾਂਸਲ, ਸ: ਹਰਜਿੰਦਰ ਸਿੰਘ ਸੈਂਹਬੀ, ਸ:



ਸੁਰਿੰਦਰ ਸਿੰਘ ਜੰਡੂ, ਡਰਬੀ ਵਿਖੇ ਸ: ਮੋਹਣ ਸਿੰਘ ਮਣਕੂ ਅਤੇ ਸ: ਮੁਖਤਿਆਰ ਸਿੰਘ ਲਾਇਲ, ਲੈਸਟਰ ਵਿਖੇ ਸਵਰਗਵਾਸੀ ਸ: ਅਜੀਤ ਸਿੰਘ ਸਿਆਨ ਅਤੇ ਸ: ਗੁਲਜ਼ਾਰ ਸਿੰਘ ਚਾਨਾ, ਮਿਲਟਨਕੀਨਜ਼ ਵਿਖੇ ਸ: ਡੋਲਾ ਸਿੰਘ ਮਣਕੂ ਅਤੇ ਸ: ਸਰਵਣ ਸਿੰਘ ਸੂਰ, ਬੈਡਫੋਰਡ ਵਿਖੇ ਸ: ਗੁਰਪ੍ਰੀਤ ਸਿੰਘ ਚਾਨਾ ਅਤੇ ਸ: ਬਲਵੰਤ ਸਿੰਘ ਮਾਣ ਨੇ ਆਸ ਤੋਂ ਵਧ ਸਹਿਯੋਗ ਦਿੱਤਾ। ਲੀਡਜ਼ ਜਿਥੇ ਕਿ ਸਾਊਥਹਾਲ ਅਤੇ ਬ੍ਰਮਿੰਘਮ ਤੋਂ ਬਾਅਦ ਰਾਮਗੜ੍ਹੀਆਂ ਦੀ ਚੋਖੀ ਗਿਣਤੀ ਹੈ ਵਿਖੇ ਸ: ਬਖਸ਼ੀਸ਼ ਸਿੰਘ ਚਾਨਾ, ਸ: ਗਿਆਨ ਸਿੰਘ ਰਿਐਤ, ਸ: ਸੁਰਿੰਦਰ ਸਿੰਘ ਸੈਂਹਬੀ, ਸ: ਹਰਭਜਨ ਸਿੰਘ ਰੀਹਲ, ਸ: ਗੁਰਬਖਸ਼ ਸਿੰਘ ਉੱਭੀ ਅਤੇ ਸ:ਜਗਦੇਵ ਸਿੰਘ ਗਿਲ ਹੁਰਾਂ ਨੇ ਰਾਮਗੜ੍ਹੀਆ ਮੰਚ ਨੂੰ ਉਚਿਆਉਣ ਦੀ ਲੋੜ ਸਮਝਦੇ ਹੋਏ, ਆਪਣੇ ਫਰਜ਼ ਨੂੰ ਪੂਰੀ ਤਰ੍ਹਾਂ ਨਿਭਾਇਆ ਅਤੇ ਬ੍ਰੈਡਫੋਰਡ ਵਿਖੇ ਸ: ਪ੍ਰਤਾਪ ਸਿੰਘ ਡੋਗਲ ਅਤੇ ਸ: ਗੁਰਬਚਨ ਸਿੰਘ ਪਨੇਸਰ ਅਤੇ ਉਨ੍ਹਾਂ ਦੇ ਪ੍ਰਵਾਰ ਨੇ ਵੀ ਅਜਿਹਾ ਹੀ ਸਹਿਯੋਗ ਦਿੱਤਾ। ਕਹਿਣ ਦਾ ਭਾਵ ਹੈ ਕਿ ਹਰ ਪਾਸਿਓਂ ਨਿੱਘਾ ਸਤਿਕਾਰ ਮਿਲਿਆ ਅਤੇ ਨੌਟਿੰਘਮ ਵਿਖੇ ਸ: ਕੁਲਦੀਪ ਸਿੰਘ ਉੱਭੀ ਅਤੇ ਹਿਚਨ ਵਿਖੇ ਸ: ਗੁਲਜ਼ਾਰ ਸਿੰਘ ਸਰੋਤਾ ਅਤੇ ਮੇਡਨਹੈਡ ਵਿਖੇ ਸੰਤ ਖੜਕ ਸਿੰਘ ਭੰਵਰਾਂ ਅਤੇ ਜਬਲ ਪ੍ਰਵਾਰ ਦਾ ਸਹਿਯੋਗ ਦੀ ਸਲਾਹੁਣ ਯੋਗ ਹੈ। ਸ: ਕੇਸਰ ਸਿੰਘ ਮਠਾੜੂ, ਸ: ਨੰਦ ਸਿੰਘ ਬਾਹੜਾ ਅਤੇ ਸੰਤ ਵਾਸਦੇਵ ਭੰਵਰਾ ਹੁਰਾਂ ਦੇ ਹੀ ਸਹਿਯੋਗ ਕਾਰਨ ਮੈ ਰਾਮਗੜ੍ਹੀਆ ਮੰਚ ਦੇ ਭਵਿਖ ਪ੍ਰਤੀ ਕਾਫੀ ਆਸਵੰਦ ਹੋ ਚੁਕਾ ਸੀ। ਇਸ ਲਈ ਸਾਊਥ ਹਾਲ ਵਿਖੇ ਕਈ ਦਿਨ ਸ਼ਸ਼ੋਪੰਜ ਵਿਚ ਪਏ ਰਹਿਣ ਤੇ ਵੀ ਮੈਨੂੰ ਕੋਈ ਚਿੰਤਾ ਨਹੀ ਸੀ। ਸਾਊਥ ਹਾਲ ਵਿਚ ਭੰਵਰਾ ਸਾਹਿਬ ਦੇ ਪ੍ਰਬੰਧ ਅਤੇ ਆਪਸੀ ਤਾਲਮੇਲ ਨੂੰ ਵੇਖਦੇ ਹੋਏ ਵੀ ਮੈ ਨਿਸਚਿੰਤ ਸੀ। ਕਿਉਂਕਿ ਉਨ੍ਹਾਂ ਦੀ ਸਮਰਥਾ ਮੇਰੀ ਲੋੜ ਅਤੇ ਆਸ ਤੋਂ ਕਿਤੇ ਵਧ ਸੀ। ਕਈ ਦਿਨ ਲੰਘ ਜਾਣ ਉਪ੍ਰੰਤ ਆਖਰ ਮੈਨੂੰ ਹੀ ਮੂੰਹ ਖੋਲਣਾ ਪਿਆ, ਕਿਉਂਕਿ ਮੇਰੀ ਵਾਪਸੀ ਨਜ਼ਦੀਕ ਆਉਂਦੀ ਜਾ ਰਹੀ ਸੀ। ਜਿਵੇਂ ਕਿ ਮੈ ਉਪਰ ਦਸ ਚੁਕਿਆ ਹਾਂ ਮੇਰਾ ਇਥੇ ਦਾ ਟੀਚਾ ਕੇਵਲ ਪੰਜ ਸੌ ਪੌਂਡ ਸੀ, ਉਸ ਨੂੰ ਮੈਂ ਦੁਗਣਾ ਕੀਤਾ, ਫਿਰ ਤਿਗਣਾ ਅਤੇ ਭੰਵਰਾ ਸਾਹਿਬ ਨੂੰ ਆਖਿਆ ਕਿ ਮੈਨੂੰ ਤੁਸੀ 1500 ਪੌਂਡ ਅਰਥਾਤ 75 ਮੈਂਬਰ ਬਣਾ ਦਿਓ ਤਾਂ ਬੜੀ ਕ੍ਰਿਪਾ ਹੋਵੇਗੀ।"

ਮੈਂ ਆਪਣੇ ਵਲੋਂ ਬਹੁਤ ਵਡੀ ਰਕਮ ਕਹੀ ਸੀ, ਪਰ ਭੰਵਰਾ ਸਾਹਿਬ ਤੇ ਇਸ ਦਾ ਰਤਾ ਵੀ ਪ੍ਰਭਾਵ ਨਹੀ ਪਿਆ, ਜਿਸ ਤੋਂ ਉਨ੍ਹਾਂ ਨੂੰ ਇਹ ਵਡੀ ਰਕਮ ਲੱਗਣ ਦੇ ਸੰਕੇਤ ਮਿਲਣ। 75 ਮੈਂਬਰ ਤਾਂ ਮੁਸ਼ਕਿਲ ਹੈ, ਪਰ 1500 ਪੌਂਡ......" ਤੁਸੀ ਐਤਵਾਰ ਨੂੰ 11 ਬਜੇ ਗੁਰਦਵਾਰੇ ਆ ਜਾਓ, ਫਿਰ ਵੇਖਦੇ ਹਾਂ।

ਉਸ ਦਿਨ ਸ਼ੁਰਕਵਾਰ ਸੀ ਅਤੇ ਮੈਨੂੰ ਆਏ ਨੂੰ ਲਗਭਗ ਇਕ ਹਫਤਾ ਬੀਤ ਗਿਆ ਸੀ ਅਤੇ ਇਕ ਪੌਂਡ ਦੀ ਪ੍ਰਾਪਤੀ ਵੀ ਨਹੀ ਸੀ ਹੋਈ। ਮੈ ਵਾਅਦੇ ਅਨੁਸਾਰ ਸਵੇਰੇ 11 ਬਜੇ ਗੁਰਦਵਾਰਾ ਸਾਹਿਬ ਪਹੁੰਚ ਗਿਆ ਅਤੇ ਪਤਾ ਕਰਨ ਤੇ ਪਤਾ ਲਗਾ ਕਿ ਭੰਵਰਾ ਸਾਹਿਬ ਆਏ ਤਾਂ ਸੀ, ਪਰ ਕਿਤੇ ਚਲੇ ਗਏ ਹਨ। 11, 12, 1 ਬਜ ਗਿਆ, ਪਰ ਭੰਵਰਾ ਸਾਹਿਬ ਦਾ ਕੋਈ ਪਤਾ ਨਹੀ ਸੀ। ਏਨੇ ਨੂੰ ਸਾਹਮਣਿਉ ਸ: ਮੁਹਿੰਦਰ ਸਿੰਘ ਰਿਐਤ ਆਉਂਦੇ ਹੋਏ ਨਜ਼ਰ ਆਏ। ਉਨ੍ਹਾਂ ਨੇ ਆਉਂਦਿਆਂ ਹੀ ਬਿਨਾ ਕੁਝ ਹੋਰ ਕਹੇ ਆਖਿਆ ਕਿ ਭੰਵਰਾ ਸਾਹਿਬ 2 ਬਜੇ ਆਉ ਲਈ ਕਹਿ ਗਏ ਹਨ ਅਤੇ ਤੁਸੀ ਇਥੇ ਹੀ ਰਹਿਣਾ ਹੈ ਅਤੇ ਆਓ ਪਹਿਲਾਂ ਲੰਗਰ ਛਕ ਲਈਏ।" ਰਿਐਤ ਸਾਹਿਬ ਦੇ ਮਿਲਣ ਨਾਲ ਤੇ ਫਿਰ ਭੰਵਰਾ ਸਾਹਿਬ ਦੀ ਸੂਚਨਾ ਨਾਲ ਮੇਰੇ ਮਨ ਦੀ ਬੇਚੈਨੀ ਸਮਾਪਤ ਹੋਈ ਅਤੇ ਲੰਗਰ ਛਕਦੇ ਛਕਾਉਂਦੇ ਲਗਭਗ ਡੇਢ ਬਜ ਗਿਆ।

ਐਤਵਾਰ ਨੂੰ ਸਾਊਥ ਹਾਲ ਸ਼ਾਮ 4 ਬਜੇ ਤਕ ਪ੍ਰੋਗਰਾਮ ਚਲਦੇ ਰਹਿੰਦੇ ਹਨ, ਸੋ ਮੈ ਅਤੇ ਸ: ਮੁਹਿੰਦਰ ਸਿੰਘ ਰਿਐਤ ਕੀਰਤਨ ਸੁਣਨ ਲਈ ਪੰਡਾਲ ਵਿਚ ਬੈਠ ਗਏ ਅਤੇ ਕਦੋਂ 2 ਬਜ ਗਏ ਉਦੋਂ ਪਤਾ ਲੱਗਾ ਜਦੋ ਖੁਦ ਭੰਵਰਾ ਸਾਹਿਬ ਨੇ ਹੀ ਪੰਡਾਲ ਵਿਚ ਆ ਕੇ ਆਖਿਆ ਚਲੋ ਦਫਤਰ ਚਲਦੇ ਹਾਂ ਤੇ ਤੁਹਾਡੀ ਬੋਨੀ ਕਰਵਾਉਂਦੇ ਹਾਂ।" ਮੈ ਸੋਚਿਆ ਕਿ ਸਮਾਂ ਕਾਫੀ ਹੋ ਗਿਆ ਹੈ ਅਤੇ 1500 ਪੌਂਡ ਵੀ ਥੋੜ੍ਹੇ ਨਹੀ ਹੁੰਦੇ, ਇਹ ਅਜੇ ਬੋਹਨੀ ਦੀ ਹੀ ਗਲ ਕਰਦੇ ਹਨ। ਖੈਰ ਮੈ ਉਥੋ ਉਠ ਕੇ ਉਨ੍ਹਾਂ ਦੇ ਪਿਛੇ ੨ ਉਨ੍ਹਾਂ ਦੇ ਦਫਤਰ ਗਿਆ ਜਿਥੇ ਉਨ੍ਹਾਂ ਦੇ ਟੇਬਲ ਤੇ ਖੜੇ ੨ ਹੀ ਇਕ ਸਜਣ ਨੋਟ ਗਿਣ ਰਿਹ ਸੀ। ਭੰਵਰਾ ਸਾਹਿਬ ਨੇ ਮੈਨੂੰ ਬੈਠਣ ਤੋਂ ਪਹਿਲਾਂ ਹੀ ਕਹਿ ਦਿੱਤਾ ਕਿ ਇਨ੍ਹਾਂ ਦੀ ਇਕ ਦੋ ਸੋ ਪੌਂਡ ਦੀ ਪਰਚੀ ਕਟ ਦਿਓ। ਇਹ ਸ: ਸਵਰਨ ਸਿੰਘ ਉੱਭੀ ਹਨ। 200 ਪੌਂਡ ਦੀ ਗਲ ਸੁਣ ਕੇ ਮੈ ਅਵਾਕ ਰਹਿ ਗਿਆ ਅਤੇ ਸਮਝਿਆ ਸ਼ਾਇਦ ਸੁਣਨ ਵਿਚ ਗਲਤੀ ਹੋ ਗਈ ਹੈ। ਮੇਰੇ ਲਈ ਇਹ ਬਹੁਤ ਵਡੀ ਰਕਮ ਸੀ ਕਿਉਂਕਿ ਹੁਣ ਤਾਈ ਅਸੀ ਬੀਹ ਬੀਹ ਪੌਂਡ ਜਾਂ 50 ਪੌਂਡ ਦੀਆਂ ਹੀ ਰਸੀਦਾਂ ਹੀ ਕਟੀਆਂ ਸਨ। ਵਧ ਤੋਂ ਵਧ ਸਾਡੀ ਲਾਈਫ ਮੈਂਬਰਸ਼ਿਪ ਜੋ ਅਸੀ ਉਮੀਦ ਕਰ ਸਕਦੇ ਸੀ ਵੀ 150 ਪੌਂਡ ਹੈ, ਪਰ ਇਹ ਦੋ ਸੋ ਪੌਂਡ ਦੀ ਗਲ ਕਰ ਰਹੇ ਹਨ।



Sri Satguru Jagjit Singh Ji Elibrary NamdhariElibrary@gmail.com

ਜ਼ਰੂਰ ਕਹਿਣ ਸੁਨਣ ਵਿਚ ਭੁਲ ਹੋ ਗਈ ਹੈ। ਮੈ ਬੈਗ ਚੋ ਰਸੀਦ ਬੁਕ ਕਢੀ ਅਤੇ ਫਿਰ ਸਪਸ਼ਟ ਕਰਨ ਲਈ ਭੰਵਰਾ ਸਾਹਿਬ ਨੂੰ ਪੁਛਿਆ." ਦੋ ਸੋ" ਭੰਵਰਾ ਸਾਹਿਬ ਦੇ ਉਤਰ ਦੇਣ ਤੋ ਪਹਿਲਾਂ ਹੀ ਉਨ੍ਹਾਂ ਬਜ਼ੁਰਗਾਂ ਨੇ ਆਖਿਆ ." ਦੋ ਸੋ ਹੀ ਕਿਹਾ ਹੋ ਇਨ੍ਹਾਂ ਨੇ ." ਉਨ੍ਹਾਂ ਦੇ ਉਤਰ ਤੋ ਮੈਨੂੰ ਲਗਾ ਕਿ ਉਨ੍ਹਾਂ ਨੂੰ 200 ਵੀ ਥੋੜੇ ਸਨ। ਖੈਰ ਮੇਰੇ ਦਿਲ ਦੀ ਧੜਕਨ ਜੋ ਤੇਜ਼ ਹੋ ਗਈ ਸੀ. ਸਮਾਨ ਹੋ ਗਈ ਅਤੇ 200 ਪੋਡ ਦੀ ਰਸੀਦ ਕਟਨ ਹੀ ਲੱਗਾ ਸੀ ਕਿ ਭੰਵਰਾ ਸਾਹਿਬ ਨੇ ਮੇਰੇ ਹੱਥੋ ਰਸੀਦ ਬੁੱਕ ਲੈ ਕੇ ਖੁਦ ਹੀ ਦੋ ਸੋ ਦੀ ਰਸੀਦ ਕਟ ਕੇ ਉਨ੍ਹਾਂ ਦੇ ਹੱਥ ਫੜਾ ਦਿੱਤੀ। ਇਹ ਸੀ ਬੋਨ੍ਹੀ ਜੋ ਭੰਵਰਾ ਸਾਹਿਬ ਨੇ ਕਰਵਾਈ।

ਸੈਹਤੀ ਸਾਹਿਬ ਦੀ ਗੱਲ ਕਰਨ ਤੋ ਪਹਿਲਾਂ ਉਭੀ ਸਾਹਿਬ ਦੀ ਯਾਦ ਇਸ ਲਈ ਆਈ. ਕਿ ਉਭੀ ਸਾਹਿਬ ਨੇ ਵੀ ਮੈਨੂੰ 200 ਪੋਡ ਦਿਤੇ ਸਨ ਅਤੇ ਸੈਹਤੀ ਸਾਹਿਬ ਨੇ ਵੀ। ਸੈਂਹਤੀ ਸਾਹਿਬ ਦਾ ਜ਼ਿਕਰ ਕਰਨ ਤੋ ਪਹਿਲਾਂ ਮੈ ਇਥੇ ਪਾਠਕਾਂ ਨੂੰ ਜਾਣਕਾਰੀ ਦੇ ਦਿਆਂ ਕਿ ਸ਼ਾਮ ਦੇ 7 ਬਜਦੇ ਬਜਦੇ ਭੰਵਰਾ ਸਾਹਿਬ ਨੇ ਮੈਨੂੰ 1500 ਪੋਡ ਦਿਲਵਾ ਦਿਤੇ ਸਨ. ਅਤੇ ਉਹ ਵੀ ਦਫਤਰ ਬੈਠੇ 2 ਅਤੇ ਕੇਵਲ 12 ਰਸੀਦਾਂ ਤੇ ਹੀ।

ਸ: ਤਰਸੇਮ ਸਿੰਘ ਸੈਹਤੀ ਨੂੰ ਮਿਲਣਾ ਏਨਾ ਆਸਾਨ ਨਹੀ ਹੈ. ਏਨੇ ਰੁਝੇਵੇ ਅਤੇ ਕੰਮ ਦਾ ਫੈਲਾਅ ਹੈ. ਕਿ ਸਮਾਂ ਕਢਣਾ ਕਾਫੀ ਕਠਨ ਹੋ ਜਾਂਦਾ ਹੈ। ਸਾਨੂੰ ਵੀ ਬਹੁਤ ਵਾਰ ਟੈਲੀਫੋਨ ਕਰਨੇ ਪਏ ਅਤੇ ਕਈ ਵਾਰ ਬਿਨ ਬੁਲਾਏ ਵੀ ਯਤਨ ਕੀਤੇ। ਹਰ ਵਾਰ ਪਤਾ ਲਗਦਾ ਕਿ ਉਹ ਦਫਤਰ ਚਿ ਨਹੀ ਹਨ। ਕਈ ਵਾਰ ਸਮਾਂ ਲਿਆ ਪਰ ਕਦੀ ਅਸੀ ਫੇਲ ਹੋ ਗਏ ਅਤੇ ਕਦੀ ਉਨ੍ਹਾਂ ਦਾ ਟੈਲੀਫੋਨ ਆ ਗਿਆ ਕਿ ਮੈਨੂੰ ਜ਼ਰੂਰੀ ਕੰਮ ਪੈ ਗਿਆ ਹੈ. ਇਸ ਲਈ ਅਜ ਮੁਲਾਕਾਤ ਸੰਭਵ ਨਹੀ ਹੈ।

ਸ: ਸੁਰਜੀਤ ਸਿੰਘ ਪਨੇਸਰ ਹੁਰੀ ਸਵੇਰੇ ਹੀ ਮੈਨੂੰ ਬਿਨਾ ਖਬਰ ਕੀਤੇ. ਕਿਥੇ 2 ਜਾਣਾ ਅਤੇ ਕਿਹਨੂੰ ਕਿਹਨੂੰ ਮਿਲਣਾ ਹੈ ਪਹਿਲਾਂ ਹੀ ਤੈਅ ਕਰ ਲੈਂਦੇ ਸਨ। ਮੇਰੇ ਕੰਮ ਦੀ ਮੇਰੇ ਤੋ ਵਧ ਉਨ੍ਹਾਂ ਨੂੰ ਚਿੰਤਾ ਸੀ। ਇਕ ਐਤਵਾਰ 1 ਬਜੇ ਸੈਹਤੀ ਸਾਹਿਬ ਨਾਲ ਅਪੁਆਇੰਟਮੇਟ ਹੋ ਗਈ। ਅਸੀ ਉਨ੍ਹਾਂ ਨੂੰ ਉਨ੍ਹਾਂ ਦੇ ਨਿਵਾਸ ਅਸਥਾਨ 530, ਚਰਚ ਰੋਡ ਯਾਰਡਲੇ. ਬ੍ਰਮਿੰਘਮ ਵਿਖੇ ਮਿਲਣਾ ਸੀ। ਅਜ ਮੌਸਮ ਕਾਫੀ ਠੀਕ ਸੀ. ਕਈ ਦਿਨਾਂ ਦੀ ਝੜੀ ਉਪ੍ਰੰਤ ਅਜ ਨਿਘਾ ਸੂਰਜ ਨਿਕਲਿਆ ਸੀ ਅਤੇ ਠੰਡ ਵੀ ਕਦਰੇ ਘਟ ਸੀ। ਅਸੀ ਘਰ ਤੋ 9 ਬਜੇ ਹੀ ਨਿਕਲੇ ਸੀ ਅਤੇ ਕਈਆਂ ਭਰਾਵਾਂ ਦੇ ਦਰਸ਼ਨ ਕਰਨ ਉਪ੍ਰੰਤ 1 ਬਜੇ ਸੈਹਤੀ ਸਾਹਿਬ ਨੂੰ ਮਿਲਣ ਲਈ ਵੇਹਲੇ ਹੋ ਗਏ। ਇਕ ਬਜਣ ਵਿਚ ਅਜੇ ਕੁਝ ਮਿੰਟ ਬਾਕੀ ਸਨ, ਪਰ ਸ: ਸੁਰਜੀਤ ਸਿੰਘ ਪਨੇਸਰ ਹੁਰਾਂ ਆਖਿਆ ਕੋਈ ਗਲ ਨਹੀ ਆਪਣਾ ਹੀ ਘਰ ਹੈ। ਪਰ ਜਿਓ ਹੀ ਅਸੀ ਚਰਚ ਰੋਡ ਵਲ ਗਡੀ ਮੋੜੀ. ਅਸੀ ਭੰਵਲ ਭੂਸਿਆਂ ਵਿਚ ਪੈ ਗਏ। ਚਰਚ ਰੋਡ 530 ਨੰਬਰ ਆਉਣ ਤੋ ਪਹਿਲਾਂ ਹੀ ਇਕ ਚਰਚ ਤੇ ਆ ਕੇ ਖਤਮ ਹੋ ਗਈ ਅਤੇ ਉਸ ਦੇ ਅਗੇ ਕੋਈ ਰਸਤਾ ਸੁਝਾਈ ਹੀ ਨਹੀ ਦੇ ਰਿਹਾ ਸੀ। ਸ: ਸੁਰਜੀਤ ਸਿੰਘ ਪਨੇਸਰ ਹੁਰਾਂ ਨੇ ਕਈ ਵਾਰ ਗਡੀ ਇਕ 2 ਪੁਛਿਆ ਅਤੇ ਕਈ ਪਾਸੀ ਚੱਕਰ ਕਟੇ. ਪਰ 530 ਨੰਬਰ ਮਿਲ ਹੀ ਨਹੀ ਸੀ ਰਿਹਾ। ਪਨੇਸਰ ਸਾਹਿਬ ਭਾਵੇਂ ਸੈਂਹਤੀ ਸਾਹਿਬ ਨੂੰ ਫੈਕਟਰੀ ਵਿਚ ਮਿਲਦੇ ਹੀ ਰਹਿੰਦੇ ਸਨ ਪਰ ਘਰ ਉਹ ਪਹਿਲੀ ਵਾਰ ਹੀ ਆਏ ਸਨ। ਆਖਰ ਜਦ ਠੀਕ ਇਕ ਬਜਣ ਤੋ 2 ਮਿੰਟ ਬਾਕੀ ਰਹਿੰਦੇ ਸਨ. ਅਸੀ ਠੀਕ ਜਗਹ ਪਹੁੰਚ ਹੀ ਗਏ। ਬੈਲ ਕੀਤੀ ਅਤੇ ਸ: ਰਤਨ ਸਿੰਘ ਸੈਹਤੀ. ਪਿਤਾ ਸ: ਤਰਸੇਮ ਸਿੰਘ ਸੈਹਤੀ ਹੁਰਾਂ ਸਾਡਾ ਨਿੱਘਾ ਸੁਆਗਤ ਕੀਤਾ। ਅਸੀ ਅਜੇ ਡਰਾਇੰਗ ਰੂਮ ਵਿਚ ਕਦਮ ਰਖਿਆ ਹੀ ਸੀ ਕਿ ਬਾਹਰ ਸੈਹਤੀ ਸਾਹਿਬ ਦੇ ਆਉਣ ਦੀ ਵੀ ਖਬਰ ਮਿਲ ਗਈ. ਉਹ ਠੀਕ 1 ਬਜੇ ਜੋ ਸਮਾਂ ਨਿਸਚਿਤ ਕੀਤਾ ਸੀ. ਤੇ ਡਰਾਇੰਗ ਰੂਮ ਵਿਚ ਸਾਡੇ ਨਲ ਹੱਥ ਮਿਲਾ ਰਹੇ ਸਨ। ਦੇਖਦੇ 2 ਉਨ੍ਹਾਂ ਦੇ ਸਪੁੱਤਰ ਅਤੇ ਹੋਰ ਬਚੇ ਵੀ ਇਕਠੇ ਹੋ ਗਏ ਅਤੇ ਵਿਆਹ ਵਾਲਾ ਵਾਤਾਵਰਣ ਪੈਦਾ ਹੋ ਗਿਆ। ਮੇਰੀ ਸੈਹਤੀ ਸਾਹਿਬ ਨਾਲ ਇਹ ਪਹਿਲੀ ਮੁਲਾਕਾਤ ਸੀ. ਪਰ ਮਿਲਣ ਤੇ ਇਓ ਲਗਾ ਜਿਵੇ ਕੋਈ ਪੁਰਾਣੀ ਪਛਾਣ ਹੋਵੇ।

ਸ: ਤਰਸੇਮ ਸਿੰਘ ਸੈਂਹਤੀ ਦਾ ਪਿਛਲਾ ਪਿੰਡ ਨਿਹਾਲੂ ਵਾਲਾ ਜ਼ਿਲਾ ਜਲੰਧਰ ਹੈ ਅਤੇ ਇਨ੍ਹਾਂ ਦਾ ਜਨਮ 6 ਜੂਨ 1945 ਨੂੰ ਪਿਤਾ ਸ: ਰਤਨ ਸਿੰਘ ਸੈਂਹਤੀ ਅਤੇ ਮਾਤਾ ਬੀਬੀ ਪ੍ਰੀਤਮ ਕੋਰ ਦੇ ਘਰ ਹੋਇਆ ਅਤੇ ਬਚਪਨ ਵਿਚ ਹੀ ਅਰਥਾਤ 1957 ਵਿਚ ਕੈਨੀਆ ਚਲੇ ਗਏ ਜਿਥੇ 1960 ਤਕ ਰਹੇ। ਇਥੇ ਹੀ ਮੁਢਲੀ ਸਿਖਸ਼ਾ ਪ੍ਰਾਪਤ ਕੀਤੀ ਅਤੇ ਏਸੇ ਦੋਰਾਨ ਲਗਭਗ ਦੋ ਸਾਲ ਪੰਜਾਬ ਕਾਲਜ ਦੀ ਪੜਾਈ ਕੀਤੀ। 1962 ਵਿਚ ਯੂ:ਕੇ ਆ ਗਏ। 1964 ਵਿਚ ਇਨ੍ਹਾਂ ਦਾ ਸ਼ੁਭ ਅਨੰਦ ਕਾਰਜ ਹੋਇਆ। ਯੂ:ਕੇ ਆਣਕੇ ਸਭ ਤੋ ਪਹਿਲਾਂ ਇਨ੍ਹਾਂ ਬਿਲਡਿੰਗ ਕੰਸਟ੍ਰਕਸ਼ਨ ਦਾ ਕੰਮ ਆਰੰਭ ਕੀਤਾ ਅਤੇ ਰਿਹਾਇਸ਼ੀ ਮਕਾਨਾਂ ਅਤੇ ਦਫਤਰਾਂ ਦਾ ਕੰਮ ਬਹੁਤ ਹੀ ਲਗਨ. ਇਮਾਨਦਾਰੀ ਅਤੇ ਪੂਰੀ ਕੁਸ਼ਲਤਾ ਨਾਲ ਕੀਤਾ। ਇਨ੍ਹਾਂ ਦੀ ਕੁਸ਼ਲਤਾ, ਸਮੇ ਅਤੇ ਸਪੈਸੀਫੀਕੇਸ਼ਣ ਦੀ ਪ੍ਰਤੀਬੰਧਤਾ ਕਾਰਨ ਇਨ੍ਹਾਂ ਨੂੰ ਮੈ: ਸੀ: ਬੈਇੰਟ ਐਂਡ ਸਨਜ਼ ਵਲੋਂ ਸੋਨ ਤਮਗੇ ਨਾਲ ਸਨਮਾਨਿਆ ਗਿਆ। 1985 ਤਕ ਉਸਾਰੀ ਦੇ ਕੰਮ ਵਿਚ ਜੁਟੇ ਰਹੇ ਅਤੇ ਤਦ ਤੱਕ ਇਨਾਂ ਦੇ ਗ੍ਰਹਿ 4 ਸਪੁੱਤਰਾਂ ਸ: ਸੁਖਦੇਵ ਸਿੰਘ ਸੈਂਹਤੀ. ਸ: ਦਲਜੀਤ ਸਿੰਘ ਸੈਂਹਤੀ. ਸ: ਜਸਵਿੰਦਰ ਸਿੰਘ ਸੈਂਹਤੀ. ਸ: ਗੁਰਮੁਖ ਸਿੰਘ ਸੈਹਤੀ ਅਤੇ ਇਕ ਬੇਟੀ ਬੀਬੀ ਸਤਨਾਮ ਕੋਰ ਦਾ ਜਨਮ ਹੋ ਚੁਕਾ ਸੀ ਅਤੇ ਸਾਰੇ ਹੀ ਸਕੂਲ ਅਤੇ ਕਾਲਜ ਦੀ ਪੜਾਈ ਵਿਚ ਜੁਟੇ ਹੋਏ ਸਨ। ਸ: ਸੁਖਦੇਵ ਸਿੰਘ ਸੈਂਹਤੀ ਜਿਨ੍ਹਾਂ ਨੇ ਬਿਜ਼ਨੈਸ ਸਟੀਡਜ਼ ਵਿਚ ਡਿਪਲੋਮਾ ਪ੍ਰਾਪਤ ਕੀਤਾ ਹੋਇਆ ਹੈ, ਦੀ ਸ਼ਾਦੀ ਹੋ ਚੁਕੀ ਹੈ ਅਤੇ ਉਸ ਦਾ ਇਕ ਸਪੁੱਤਰ ਸ: ਜਸਬੀਰ ਸਿੰਘ ਸੈਂਹਤੀ ਅਤੇ ਇਕ ਸਪੁੱਤਰੀ ਬੀਬੀ ਹਰਪ੍ਰੀਤ ਕੋਰ ਹੈ ਅਤੇ ਇਹ ਆਪਣੇ ਪਿਤਾ ਦੇ ਕਾਰੋਬਾਰ ਵਿਚ ਹੀ ਹਥ ਬਟਾ ਰਹੇ ਹਨ। ਸ: ਦਲਜੀਤ ਸਿੰਘ ਸੈਂਹਤੀ ਦੀ ਵੀ ਸ਼ਾਦੀ ਹੋ ਚੁੱਕੀ ਹੈ ਅਤੇ ਇਕ ਬੇਟੀ ਬੀਬੀ ਕਮਲਜੀਤ ਕੋਰ ਹੈ। ਸ: ਜਸਵਿੰਦਰ ਸਿੰਘ ਸੈਂਹਤੀ ਨੇ ਮਕੈਨੀਕਲ ਇੰਜੀਨੀਅਰੰਗ ਵਿਚ ਡਿਗਰੀ ਦੇ ਨਾਲ 2, ਕਿਚਣ ਡਿਜ਼ਾਇਨਜ਼ ਵਿਚ ਡਰਾਫਟਸਮੈਨਸ਼ਿਪ ਦਾ ਡਿਪਲੋਮਾ ਵੀ ਲਿਆ ਹੋਇਆ ਹੈ।

1985 ਤੋਂ ਸੈਹਤੀ ਪ੍ਰਵਾਰ ਦਾ ਕਿਚਨ ਕੈਬਨਿਟ ਅਤੇ ਬਾਥਰੂਮ ਬਨਾਉਣ ਦਾ ਉਚ ਪਧਰੀ ਕਾਰੋਬਾਰ ਹੈ ਅਤੇ ਇਨ੍ਹਾਂ ਦੇ ਬਣਾਏ ਸਮਾਨ ਦੀ ਬੇਹਦ ਮੰਗ ਹੈ। ਇਨ੍ਹਾਂ ਦੇ ਅਦਾਰੇ ਦਾ ਨਾ ਮੈ: ਮਿਡ ਲੈਂਡ ਕਿਚਣ ਕੈਬਨਿਟ ਕੰਪਨੀ ਹੈ ਅਤੇ ਬ੍ਰਮਿੰਘਮ ਵਿਖੇ ਸਥਿਤ ਹੈ। ਚੋਥੇ ਸਪੁੱਤਰ ਸ: ਗੁਰਮੁਖ ਸਿੰਘ ਬਿਜ਼ਨਿਸ ਮੈਨਜਮੇਂਟ ਵਿੱਚ ਡਿਗਰੀ ਕਰ ਰਹੇ ਹਨ ਅਤੇ ਸਪੁੱਤਰੀ ਬੀਬੀ ਸਤਨਾਮ ਕੋਰ ਏ ਲੈਵਲ ਦੀ ਵਿਦਿਆਰਥਨ ਹੈ। ਸਾਰੇ ਹੀ ਬਚੇ ਸਿਖਸ਼ਿਤ ਹੋਣ ਦੇ ਨਾਲ ਭਾਰਤੀ ਸਭਿਅਤਾ ਦੇ ਧਾਰਣੀ ਵੀ ਹਨ।

ਸ: ਮਲਕੀਅਤ ਸਿੰਘ ਸੈਹਤੀ ਗੁਰੂ ਘਰ ਦੇ ਸਚੇ ਸੁਚੇ ਸੇਵਕ ਹਨ ਅਤੇ ਧਾਰਮਿਕ ਕੰਮਾਂ ਤੋ ਛੁਟ ਹੋਰ ਵਾਧੂ ਝਮੇਲਿਆਂ ਤੋ ਦੂਰ ਹਨ। ਬ੍ਰਾਦਰੀ ਦੀਆਂ ਜਾ ਸਮਾਜਕ ਸੰਸਥਾਵਾਂ ਨਾਲ ਵੀ ਬਹੁਤਾ ਨੇੜ ਨਹੀ ਰਖਦੇ. ਪਰ ਮਾਇਕ ਸਹਾਇਤਾ ਦੇਣ ਵਿਚ ਸਭ ਤੋ ਅਗੇ ਰਹਿੰਦੇ ਹਨ। ਕੋਈ ਵੀ ਕੋਈ ਸਮੱਸਿਆ ਲੈ ਕੇ ਜਾਵੇ ਉਸ ਨੂੰ ਗਹੁ ਨਾਲ ਸੁਣਦੇ ਤੇ ਵਿਚਾਰਦੇ ਹਨ ਅਤੇ ਹਰ ਇਕ ਦਾ ਭਰਪੂਰ ਆਦਰ ਮਾਨ ਕਰਦੇ ਹਨ। ਸ: ਸੁਰਜੀਤ ਸਿੰਘ ਪਨੇਸਰ ਹੁਰਾਂ ਦੱਸਿਆ ਕਿ ਪਾਕਿਸਤਾਨ ਵਿਖੇ ਹੋ ਰਹੀ ਗੁਰਦਵਾਰਿਆਂ ਦੀ ਸੇਵਾ ਵਿਚ ਬਹੁਤ ਭਾਰਾ ਯੋਗਦਾਨ ਇਸ ਪ੍ਰਵਾਰ ਨੇ ਪਾਇਆ ਹੈ। ਪਹਿਲਾਂ ਅੰਤਰ ਰਾਸ਼ਟ੍ਰੀਯ ਰਾਮਗੜ੍ਹੀਆ ਕਨਵੈਨਸ਼ਨ ਸਮੇ ਜਦੋ ਪ੍ਰਬੰਧਕ ਇਨ੍ਹਾਂ ਪਾਸ ਪੁਜੇ ਤਾਂ ਇਨ੍ਹਾਂ ਬਿਨਾ ਦੇਰੀ 1000 ਪੋਡ ਦਾ ਚੈਕ ਕੱਟ ਦਿੱਤਾ। ਪ੍ਰਬੰਧਕਾਂ ਨੇ ਕਿਉਂਕਿ ਸਾਰੀਆਂ ਸੰਸਥਾਵਾਂ ਤੋ ਪੰਜ ਪੰਜ ਸੋ ਪੋਡ ਹੀ ਲਏ ਸਨ ਅਤੇ ਵਿਅਕਤੀਗਤ ਰੂਪ ਵਿਚ ਵੀ ਇਸ ਤੋ ਵਧ ਕਿਸੇ ਤੋ ਨਹੀ ਸਨ ਲਏ. ਇਸ ਲਈ ਉਨ੍ਹਾਂ ਇਨ੍ਹਾਂ ਦਾ ਹਾਰਦਿਕ ਧੰਨਵਾਦ ਕੀਤਾ ਅਤੇ ਕੇਵਲ 500 ਪੋਡ ਦਾ ਚੈਕ ਹੀ ਲਿਆ। ਅਜਿਹੇ ਦਰਿਆ ਦਿਲ ਹਨ ਸੈਂਹਤੀ ਸਾਹਿਬ ਸਮਾਜਕ ਕੰਮਾਂ ਵਿਚ ਹਿਸਾ ਪਾਉਣ ਲਈ।

ਚਾਹ ਪਾਣੀ ਪੀਂਦਿਆਂ ਕਾਫੀ ਸਮਾਂ ਬੀਤ ਚੁਕਾ ਸੀ। ਪਨੇਸਰ ਸਾਹਿਬ ਦਾ ਇਨ੍ਹਾਂ ਨਾਲ ਗੂਹੜਾ ਸਬੰਧ ਹੋਣ ਕਾਰਨ ਗਲਾਂ ਲੰਬੀਆਂ ਹੁੰਦੀਆਂ ਜਾਂਦੀਆਂ ਸਨ। ਕਾਫੀ ਸਮਾਂ ਬੀਤਣ ਬਾਅਦ ਪਨੇਸਰ ਸਾਹਿਬ ਨੇ ਮੇਰੇ ਵਲ ਇਸ਼ਾਰਾ ਕਰਕੇ ਕਿਹਾ. "ਉਭੀ ਸਾਹਿਬ ਤੁਸੀ ਵੀ ਆਪਣਾ ਬਸਤਾ ਖੋਲੋ ਅਤੇ ਆਪਣਾ ਕੰਮ ਨਬੇੜੋ।" ਮੈ ਬਿਨਾਂ ਪੁਛੇ ਹੀ 150 ਪੋਡ ਦੀ ਰਸੀਦ ਕਟੀ ਅਤੇ ਸੈਹਤੀ ਸਾਹਿਬ ਨੂੰ ਫੜਾ ਦਿੱਤੀ। ਹੁਣ ਤਕ ਅਸੀ ਏਨੇ ਘੁਲਮਿਲ ਗਏ ਸਾਂ ਕਿ ਉਪਚਾਰਕ ਰੂਪ ਵਿਚ ਵੀ ਮੈ ਪੁਛ ਨਾ ਸਕਿਆ ਕਿ. ਕਿਨੇ ਦੀ ਰਸੀਦ ਕਟਣੀ ਹੈ। ਸੈਂਹਤੀ ਸਾਹਿਬ ਨੇ ਰਸੀਦ ਦੇਖੀ ਅਤੇ ਕੁਝ ਨੋਟ ਮੈਨੂੰ ਦਿਤੇ ਜੋ ਮੈ ਬਿਨਾ ਗਿਣੇ ਜੇਬ ਵਿਚ ਰਖ ਲਏ। ਨਾਲ ਹੀ ਉਨ੍ਹਾਂ ਨੇ ਆਪਣੀ ਜੇਬ ਚੋ ਬਾਕੀ ਸਾਰੇ ਹੀ ਨੋਟ ਕਢੇ ਜੋ ਗਿਣਨ ਤੇ ਸ਼ਾਇਦ 325 ਪੋਡ ਹੋਏ ਉਹ ਉਨ੍ਹਾਂ ਸ: ਸੁਰਜੀਤ ਸਿੰਘ ਪਨੇਸਰ ਹੁਰਾਂ ਨੂੰ ਫੜਾ ਦਿਤੇ। ਪਨੇਸਰ ਸਾਹਿਬ ਨੇ ਹੈਰਾਨੀ ਨਾਲ ਪੁੱਛਿਆ ਕਿ ਇਹ ਕਿਸ ਲਈ? ਸੈਂਹਤੀ ਸਾਹਿਬ ਨੇ ਕਿਹਾ ਤੁਸੀ ਆਏ ਹੋ ਅਤੇ ਗੁਰਦਵਾਰਿਆਂ ਦੀ ਸੇਵਾ ਕਰਵਾ ਰਹੇ ਹੋ, ਉਸ ਲਈ ਹਨ"। ਪਨੇਸਰ ਸਾਹਿਬ ਨੇ ਕਿਹਾ ਕਿ ਕੁਝ ਦਿਨ ਪਹਿਲਾਂ ਹੀ ਤਾਂ ਅਸੀ ਤੁਹਾਡੇ ਪਾਸੋ ਮਾਇਆ ਲੈ ਗਏ ਹਾਂ। ਫਿਰ ਕਦੀ ਲੈ ਜਾਵਾਂਗੇ. ਵਾਰ ਵਾਰ ਠੀਕ ਨਹੀ ਲਗਦਾ। ਪਰ ਉਨ੍ਹਾਂ ਹਥ ਜੋੜਕੇ ਪਨੇਸਰ ਸਾਹਿਬ ਨੂੰ ਸੇਵਾ ਪ੍ਰਵਾਨ ਕਰਨ ਲਈ ਬੇਨਤੀ ਕੀਤੀ।



Sri Satguru Jagjit SIngh Ji Elibrary NamdhariElibrary@gmail.com

[redacted]

## ਕੌਮ ਦੇ ਸੱਚੇ ਸੁੱਚੇ ਸੇਵਕ

# ਸ੍ਰ: ਦਿਲਬਾਗ ਸਿੰਘ ਚਾਨਾ, ਬ੍ਰਮਿੰਘਮ

ਅਸੀ ਸ: ਤਾਰਾ ਸਿੰਘ ਸੁਰਧਰ, ਪ੍ਰਧਾਨ ਨਾਮਧਾਰੀ ਸੰਗਤ ਕੋਵਿੰਟਰੀ ਰੋਡ ਬ੍ਰਮਿੰਘਮ ਹੁਰਾਂ ਦੇ, ਉਨ੍ਹਾਂ ਦੀ ਫੈਕਟਰੀ ਦਰਸ਼ਨ ਕਰਕੇ ਆ ਰਹੇ ਸੀ, ਕਿ ਰਾਸਤੇ ਵਿਚ ਚਾਨਾ ਗਾਰਮੈਂਟਸ ਦਾ ਬੋਰਡ ਦੇਖਿਆ ਅਤੇ ਬੜੀ ਪ੍ਰਸੰਤਾ ਹੋਈ। ਮੈਂ ਸਹਿਜ ਸੁਭਾ ਹੀ ਸ: ਸੁਰਜੀਤ ਸਿੰਘ ਪਨੇਸਰ ਹੁਰਾਂ ਨੂੰ ਪੁਛਿਆ, ਕਿ ਇਹ ਵੀ ਆਪਣੇ ਹੀ ਭਰਾ ਜਾਪਦੇ ਹਨ, ਇਨਾਂ ਪਾਸ ਨਹੀ ਜਾਣਾ? ਇਹ ਸਵਾਲ ਉਨ੍ਹਾਂ ਨੂੰ ਇਸ ਕਰਕੇ ਪੁਛਣ ਦੀ ਲੋੜ ਸਮਝੀ, ਕਿਉਂਕਿ ਅਸੀ ਪਹਿਲਾਂ ਵੀ ਇਸ ਰੋਡ ਤੇ ਕਈ ਵਾਰ ਆਏ ਸੀ, ਪਰ ਉਨ੍ਹਾਂ ਨੇ ਕਦੀ ਵੀ ਇਸ ਬਾਰੇ ਗਲ ਨਹੀ ਸੀ ਕੀਤੀ। ਮੇਰੇ - ਬੋਲਦੇ ਸਾਰ ਹੀ ਉਨ੍ਹਾਂ ਗੱਡੀ ਰੋਕ ਲਈ ਅਤੇ ਕਿਹਾ ਕਿ, "ਮੈਂ ਸੋਚਦਾ ਸੀ, ਕਿ ਪਹਿਲਾਂ ਨੌਕਰੀ ਵਾਲਿਆਂ ਜਿਨ੍ਹਾਂ ਨੂੰ ਮਿਲਨਾ ਕਠਨ ਹੁੰਦਾ ਹੈ, ਨੂੰ ਮਿਲ ਲੈਂਦੇ ਹਾਂ, ਇਹਨਾਂ ਕਿਥੇ ਜਾਣਾ ਹੈ, ਕਦੀ ਵੀ ਮਿਲ ਸਕਦੇ ਹਨ, ਸਾਰਾ ਦਿਨ ਇਥੇ ਹੀ ਰਹਿੰਦੇ ਹਨ।" ਪਨੇਸਰ ਸਾਹਿਬ ਨੇ ਉਤਰ ਕੇ ਬੈਲ ਕਰਨੀ ਸ਼ੁਰੂ ਕਰ ਦਿੱਤੀ, ਪਰ ਕਈ ਚਿਰਾਂ ਤਕ ਕੋਈ ਉਤਰ ਨਾ ਆਇਆ ਤੇ ਫੈਕਟਰੀ ਦੇ ਆਲੇ ਦੁਆਲੇ ਭਜ ਦੌੜ ਕਰਨ ਲਗ ਪਏ। ਥੋੜੀ ਹੀ ਦੂਰ ਦੂਸਰਾ ਗੇਟ ਸੀ (ਪਹਿਲਾ ਹੁਣ ਬੰਦ ਹੋ ਚੁਕਾ ਸੀ)। ਬੈਲ ਬਜਾਉਂਦਿਆਂ ਹੀ ਸ: ਦਿਲਬਾਗ ਸਿੰਘ ਦੇ ਸਪੁੱਤਰ ਨੇ ਦਰਵਾਜ਼ਾ ਖੋਲਿਆ ਅਤੇ ਬਹੁਤ ਹੀ ਚਾਅ ਨਾਲ ਸਾਡਾ ਸੁਆਗਤ ਕੀਤਾ ਅਤੇ ਨਾਲ



ਨਾਲ ਇਹ ਵੀ ਸਪਸ਼ਟ ਕੀਤਾ ਕਿ ਪਹਿਲਾ ਗੇਟ ਹੁਣ ਬੰਦ ਕਰ ਦਿੱਤਾ ਗਿਆ ਹੈ, ਕਿਉਂਕਿ ਹੁਣ ਲੰਚ ਟਾਈਮ ਹੈ, ਇਸ ਲਈ ਦਰਵਾਜ਼ਾ ਖੋਲਣ ਲਈ ਥੋੜੀ ਦੇਰ ਹੋ ਗਈ, ਅਸੀ ਵੀ ਖਾਣਾ ਖਾ ਰਹੇ ਸੀ। ਜਿਵੇਂ ਕਿ ਮੈਂ ਸ: ਸੁਰਜੀਤ ਸਿੰਘ ਪਨੇਸਰ ਹੁਰਾਂ ਬਾਰੇ ਪਹਿਲਾਂ ਵੀ ਜ਼ਿਕਰ ਕੀਤਾ ਹੈ ਉਨ੍ਹਾਂ ਦਾ ਸਭ ਜਗਹ ਕਾਫੀ ਸਤਿਕਾਰ ਹੈ ਅਤੇ ਉਹ ਜਿਥੇ, ਜਦੋ ਵੀ ਪਹੁੰਚ ਜਾਣ ਕੋਈ ਫਰਕ ਨਹੀ ਪੈਂਦਾ, ਇਹ ਵਖਰੀ ਗਲ ਹੈ ਕਿ ਇੰਗਲੈਂਡ ਵਿਚ ਵੇਲੇ ਕੁਵੇਲੇ ਜਾਣਾ ਬਹੁਤਾ ਚੰਗਾ ਨਹੀ ਸਮਝਿਆ ਜਾਂਦਾ। ਸ: ਦਿਲਬਾਗ ਸਿੰਘ ਚਾਨਾ ਅਪਨੇ ਆਫਿਸ ਵਿਚ ਬੈਠੇ ਸਨ ਅਤੇ ਕੁਝ ਹੀ ਮਿੰਟ ਪਹਿਲਾਂ ਖਾਣਾ ਖਾ ਕੇ ਵੇਹਲੇ ਹੋਏ ਸਨ। ਸਾਨੂੰ ਵੀ ਖਾਣੇ ਲਈ ਪੇਸ਼ਕਸ਼ ਕੀਤੀ ਅਤੇ ਸਾਡੇ ਨਾਹ ਕਰਨ ਤੇ ਝਟ ਹੀ ਚਾਹ ਦਾ ਆਡਰ ਕਰ ਦਿੱਤਾ।

ਪਨੇਸਰ ਸਾਹਿਬ ਨੇ ਮੇਰੀ ਜਾਣ ਪਛਾਨ ਕਰਵਾਈ ਅਤੇ ਰਾਮਗੜ੍ਹੀਆ ਮੰਚ ਦੀ ਗਲ ਕੀਤੀ। ਉਨ੍ਹਾਂ ਨੇ ਗਿਲਾ ਕੀਤਾ ਕੀ ਪਨੇਸਰ ਸਾਹਿਬ ਅਸੀ ਤਾਂ ਇਨ੍ਹਾਂ ਨੂੰ ਜਦੋ 90 ਵਿਚ ਇਥੇ ਆਏ ਸੀ, ਓਦੋਂ ਹੀ ਮਿਲਣਾ ਚਾਹੁੰਦੇ ਸੀ, ਪਰ ਤੁਸੀਂ ਸਾਨੂੰ ਮੌਕਾ ਹੀ ਨਹੀ ਦਿੱਤਾ। ਅਸੀਂ ਰਾਮਗੜ੍ਹੀਆ ਮੰਚ ਬਾਰੇ ਅਤੇ ਇਨਾਂ ਬਾਰੇ ਸਭ ਕੁਝ ਜਾਣਦੇ ਹਾਂ, ਤੁਸੀ ਸਾਨੂੰ ਸੇਵਾ ਦਸੋ। ਕੌਮ ਦੀ ਅਖਬਾਰ ਹੈ, ਅਸੀਂ ਹੀ ਇਸ ਨੂੰ ਚਲਾਉਣਾ ਹੈ ਅਤੇ ਅਸੀ ਹੀ ਇਧ ਨੂੰ ਹਰ ਪਖੋਂ ਲਾਹੇਵੰਦ ਬਨਾਉਣਾ ਹੈ। ਚਾਹ ਆ ਚੁਕੀ ਸੀ। ਗਲਾਂ ਵੀ ਕਰਦੇ ਗਏ ਅਤੇ ਚਾਹ ਦੀਆਂ ਚੁਸਕੀਆਂ ਵੀ ਲੈਂਦੇ ਰਹੇ। ਸ: ਦਿਲਬਾਗ ਸਿੰਘ ਚਾਨਾ ਦੇ ਸਪੁੱਤਰ ਸ: ਗੁਰਮੁਖ ਸਿੰਘ ਚਾਨਾ, ਸ: ਤ੍ਰਿਲੋਕ ਸਿੰਘ ਚਾਨਾ ਅਤੇ ਸ: ਇਕਬਾਲ ਸਿੰਘ ਚਾਨਾ ਸਾਨੂੰ ਆਪਣੇ ਅਦਾਰੇ ਦੀਆਂ ਅਤੇ ਆਪਣੀਆਂ ਅਖਬਾਰਾਂ ਅਤੇ ਰਸਾਲਿਆਂ ਵਿਚ ਛਪੀਆਂ ਫੋਟੋ ਦਿਖਾਉਂਦੇ ਰਹੇ। ਅਸੀ ਅਜੇ ਹੋਰ ਵੀ ਇਕ ਜਗਹ ਜਾਣਾ ਸੀ, ਇਸ ਲਈ ਪਨੇਸਰ ਸਾਹਿਬ ਨੇ 50 ਪੌਂਡ ਦੀ ਪਰਚੀ ਕਟਣ ਲਈ ਹੁਕਮ ਦਿੱਤਾ। ਚਾਨਾ ਸਾਹਿਬ ਨੇ ਤਾਂ ਪਹਿਲਾਂ ਹੀ ਖੁੱਲੀ ਛੁੱਟੀ ਦੇ ਦਿੱਤੀ ਸੀ। ਅਸੀ ਉਨ੍ਹਾਂ ਪਾਸੋਂ 50 ਪੌਂਡ ਅਤੇ ਢੇਰ ਸਾਰੀਆਂ ਖੁਸ਼ੀਆਂ ਲੈ ਕੇ ਵਿਦਾ ਲਈ।

ਸ: ਦਿਲਬਾਗ ਸਿੰਘ ਚਾਨਾ, 28 ਰੋਜ਼ਡਿਨ ਡਰਾਈਵ ਹੈਂਡਜ਼ਵਰਥ ਵੁਡ ਬ੍ਰਮਿੰਘਮ ਦਾ ਜਨਮ 1933 ਨੂੰ ਪੱਦੀ ਖਾਲਸਾ ਜਿਲਾ ਜਲੰਧਰ ਵਿਖੇ ਹੋਇਆ ਅਤੇ ਇਨ੍ਹਾਂ ਦੇ ਪਿਤਾ ਦਾ ਨਾਮ ਸ: ਜਗਤ ਸਿੰਘ ਚਾਨਾ ਹੈ। 1968 ਵਿਚ ਯੂ:ਕੇ ਆਉਣ ਉਪ੍ਰੰਤ ਇਨਾਂ ਨੇ 14 ਸਾਲ ਬਿਲਡਿੰਗ ਕੰਟ੍ਰੈਕਟਰ ਵਜੋਂ ਕੰਮ ਕੀਤਾ ਅਤੇ ਖੂਬ ਨਾਮ ਅਤੇ ਨਾਮਾ ਕਮਾਇਆ। ਅੱਜ ਕੱਲ ਮੈ ਚਾਨਾ ਗਾਰਮੈਂਟਸ ਨਾ ਨਾਲ ਰੈਡੀਮੇਡ ਕਪੜਿਆਂ ਦੀ ਫੈਕਟਰੀ ਬਹੁਤ ਹੀ ਸਫਲਤਾ ਪੂਰਬਕ ਚਲਾ ਰਹੇ ਹਨ। ਤਿਨੋ ਸਪੁੱਤਰ ਜਿਨ੍ਹਾਂ ਦੇ ਨਾਂ ਮੈਂ ਉਪਰ ਲਿਖ ਆਇਆ ਹਾਂ, ਇਸੇ ਹੀ ਫੈਕਟਰੀ ਵਿਚ ਆਪਣੇ ਪਿਤਾ ਨੂੰ ਸਹਿਯੋਗ ਦੇ ਰਹੇ ਹਨ। ਉਨ੍ਹਾਂ ਨੇ ਸਾਨੂੰ ਆਪਣੀ ਫੈਕਟਰੀ ਵੀ ਦਿਖਾਈ ਜਿਥੇ ਕਈ ਭਾਰਤੀ ਔਰਤਾਂ ਤੋਂ ਛੁਟ ਗੋਰੀਆਂ ਵੀ ਕੰਮ ਕਰ ਰਹੀਆਂ ਸਨ।

ਚਾਨਾ ਸਾਹਿਬ ਰਾਮਗੜ੍ਹੀਆ ਕੌਮ ਦੇ ਹਰ ਕੰਮ ਵਿਚ ਅਤੇ ਧਾਰਮਿਕ ਕੰਮਾਂ ਵਿਚ ਵਧ ਚੜ੍ਹ ਕੇ ਹਿੱਸਾ ਲੈਂਦੇ ਹਨ। ਚੋਧਰ ਤੋਂ ਹਮੇਸ਼ਾ ਦੂਰ ਹੀ ਰਹਿੰਦੇ ਹਨ, ਭਾਵੇਂ ਇਨ੍ਹਾਂ ਨੂੰ ਕਈ ਸੰਸਥਾਵਾਂ ਵਲੋਂ ਉਚ ਪਧਰੀ ਅਹੁਦੇ ਵੀ ਪੇਸ਼ ਕੀਤੇ ਗਏ। ਡਡਲੀ ਹਾਸਪੀਟਲ ਵਾਲਿਆਂ ਨੇ ਇਨ੍ਹਾਂ ਦੀਆਂ ਸੇਵਾਵਾਂ ਦਾ ਸਹੀ ਮੁਲਅੰਕਨ ਕਰਦਿਆਂ ਹੋਇਆਂ ਇਨ੍ਹਾਂ ਨੂੰ ਪ੍ਰਮਾਣ ਪੜ੍ਹ ਦਿਤਾ ਅਤੇ ਸਨਮਾਨਤ ਕੀਤਾ।

ਮੇਰੀ ਤੀਸਰੀ ਫੇਰੀ ਦੋਰਾਨ ਵੀ ਇਨ੍ਹਾਂ ਨਾਲ ਮੁਲਾਕਾਤ ਹੋਈ ਅਤੇ ਇਸ ਵਾਰ ਮੇਰੇ ਨਾਲ ਸ: ਕਰਨੈਲ ਸਿੰਘ ਘਟੋੜਾ ਸਨ। ਸਾਡੇ ਬਿਨਾ ਕਹਿਣ ਦੇ ਹੀ ਉਨ੍ਹਾਂ ਨੇ 50,50 ਪੌਂਡ ਦੇ 2 ਨੋਟ ਸਾਡੇ ਹਥ ਫੜਾਏ ਅਤੇ ਕਿਹਾ ਕਿ ਡਟ ਕੇ ਕੰਮ ਕਰੋ, ਪੈਸੇ ਲਈ ਕੋਈ ਕੰਮ ਨਹੀ ਰੁਕਣਾ ਚਾਹੀਦਾ। ਅਸੀਂ ਚਾਹੁੰਦੇ ਹਾਂ ਕਿ ਸਾਡੀ ਕੌਮ ਦਾ ਪਰਚਾ ਉਚ ਪਧਰੀ ਅਤੇ ਕੌਮ ਦੀ ਪ੍ਰਤਿਸ਼ਠਾ ਦੇ ਅਨੁਕੂਲ ਹੋਵੇ। ਸ: ਕਰਨੈਲ ਸਿੰਘ ਘਟਾਉੜਾ ਨੇ ਜਦੋਂ ਉਨ੍ਹਾਂ ਨਾਲ ਰਾਮਗੜੀਆ ਮੰਚ ਦੀ ਸਹਾਇਤਾ ਲਈ ਟਰੱਸਟ ਬਨਾਉਣ ਦੀ ਗਲ ਕੀਤੀ, ਜੋ ਹੁਣ ਬਣ ਚੁਕਾ ਹੈ ਤਾਂ ਚਾਨਾ ਸਾਹਿਬ ਨੇ ਆਖਿਆ ਕਿ ਸਾਨੂੰ ਜੋ ਸੇਵਾ ਕਰੋਗੇ ਅਸੀਂ ਤਿਆਰ ਹਾਂ। ਚਾਨਾ ਸਾਹਿਬ ਨਾਲ ਇਸ ਤੋ ਬਾਅਦ ਵੀ ਕਈ ਸਮਾਗਮਾਂ ਵਿਚ ਮੇਲੇ ਹੋਏ ਅੰਤੇ ਉਨ੍ਹਾਂ ਨੇ ਸਾਨੂੰ ਬੇਹਦ ਉਤਸ਼ਾਹ ਪ੍ਰਦਾਨ ਕੀਤਾ। ਸ: ਦਿਲਬਾਗ ਸਿੰਘ ਚਾਨਾ ਸਚਮੁਚ ਕੌਮ ਦੇ ਸੱਚੇ ਸੁੱਚੇ ਸੇਵਕ ਹਨ, ਅਤੇ ਕੌਮ ਲਈ ਕੁਝ ਵੀ ਕਰਨ ਲਈ ਤਤਪਰ ਰਹਿੰਦੇ ਹਨ।

*–ਕਿਰਪਾਲ ਸਿੰਘ ਉੱਭੀ"*

---

ਮੈ ਤਾਂ ਹੈਰਾਨ ਹੋਣਾ ਹੀ ਸੀ ਪਨੇਸਰ ਸਾਹਿਬ ਵੀ ਹੈਰਾਨ ਸਨ, ਕਿਉਂਕਿ ਸਾਧਾਰਨ ਤਾਂ ਕਈ 2 ਵਾਰ ਜਾਣ ਤੇ ਵੀ ਠੀਕ ਤਰ੍ਹਾਂ ਗਲ ਨਹੀ ਕਰਦੇ ਅਤੇ ਸੈਹਤੀ ਸਾਹਿਬ ਬਿਨਾ ਕਹੇ ਅਰਦਾਸਾਂ ਕਰਵਾ ਰਹੇ ਹਨ। ਮੈ ਅਜੇ ਇਸ ਤੋ ਪੂਰੀ ਤਰਲਾਂ ਸੰਭਲਿਆ ਨਹੀ ਸੀ, ਕਿ ਉਨ੍ਹਾਂ ਇਕ ਹੋਰ ਵਾਰ ਕੀਤਾ, ਕਿ ਉੱਭੀ ਸਾਹਿਬ ਨੋਟ ਗਿਣ ਲਿਓ। ਮੈ ਨਹੀ ਸਮਝ ਸਕਿਆ ਕਿ ਕੀ ਗਲ ਹੈ, ਪਰ ਜਦੋ ਉਨ੍ਹਾਂ ਦੇ ਹੁਕਮ ਦਾ ਖਿਆਲ ਆਇਆ ਤਾਂ ਮੈ ਸਮਝ ਹਿਆ ਕਿ ਜ਼ਰੂਰ ਕੋਈ ਵਿਲੱਖਣੀ ਗਲ ਹੋਣੀ ਹੈ ਜੋ ਨੋਟ ਗਿਨਣ ਲਈ ਕਹਿ ਰਹੇ ਹਨ। ਪੌਡ ਗਿਣੇ ਤਾਂ ਉਹ ਦੋ ਸੋ ਸਨ।

ਮੈਂ ਉਨ੍ਹਾਂ ਦਾ ਇਕ ਵਾਰ ਫਿਰ ਧੰਨਵਾਦ ਕੀਤਾ ਅਤੇ ਮਨ ਹੀ ਮਨ ਪ੍ਰਮਾਤਮਾ ਅਗੇ ਪ੍ਰਵਾਰ ਦੀਆਂ ਚੜਦੀਆਂ ਕਲਾਂ ਲਈ ਅਰਦਾਸ ਕੀਤੀ। ਸੈਂਹਤੀ ਪ੍ਰਵਾਰ ਨਾਲ ਮੇਰੀ ਇਹ ਪਹਿਲੀ ਤੇ ਯਾਦਗਰੀ ਮੁਲਾਕਾਤ ਕਾਫੀ ਲੰਬੀ ਹੋ ਚੁਕੀ ਸੀ, ਫਿਰ ਅਸੀ ਉਨ੍ਹਾਂ ਤੋ ਵਿਦਾਈ ਲਈ ਅਤੇ ਅਜ ਵੀ ਉਨ੍ਹਾਂ ਦੀ ਯਾਦ ਜਿਓਂ ਦੀ ਤਿਓਂ ਬਣੀ ਹੋਈ ਹੈ।

*–ਕਿਰਪਾਲ ਸਿੰਘ ਉੱਭੀ"*



Sri Satguru Jagjit Singh Ji Elibrary NamdhariElibrary@gmail.com




For Best Performance & Long Life Use

**MANSON**

**BRAKE SET & PARTS**

Phone : 28647, 36962, R-52682

**MAN SINGH & SONS**

G. T. Road, Miller Ganj, LUDHIANA.

---

Phone : 36962




*Reliable Name in Cycle Parts*

**MAPCO**

**FRAME LUGS CHAIN & CRANKS**

**MAPCO INDUSTRIES**

575-76, Industrial Area-B

G. T. Road, LUDHIANA-141003




Sri Satguru Jagjit Singh Ji Elibrary NamdhariElibrary@gmail.com

ਸਾਡੇ ਦਸਤਕਾਰ

# ਕਿਰਸਾਨੀ ਸੰਦਾਂ ਦਾ ਮਾਹਿਰ ਇੰਜਨੀਅਰ

## ਬਲਦੇਵ ਸਿੰਘ ਹੂੰਜਣ

ਇੰਡੀਅਨ ਸੁਸਾਇਟੀ ਫਾਰ ਐਗਰੀਕਲਚਰਲ ਇੰਜਨੀਅਰਜ਼ ਵਲੋਂ ਜੂਨਾਗੜ੍ਹ (ਗੁਜਰਾਤ) ਵਿਖੇ ਪਿਛਲੇ ਹਫਤੇ ਇਕ ਵਿਸ਼ਾਲ ਅਤੇ ਪ੍ਰਭਾਵਸ਼ਾਲੀ ਸਮਾਰੋਹ ਵਿਚ ਮੋਗਾ ਸ਼ਹਿਰ ਦੇ ਨੌਜਵਾਨ ਅਗਾਂਹਵਧੂ ਇੰਜਨੀਅਰ ਬਲਦੇਵ ਸਿੰਘ ਹੂੰਜਣ (ਮੈ: ਭਾਰਤ ਇੰਡ: ਕਾਰਪੋਰੇਸ਼ਨ) ਨੂੰ ਖੇਤੀਬਾੜੀ ਦੇ ਸੰਦਾਂ ਵਿਚ ਲਿਆਂਦੇ ਸੁਧਾਰ ਅਤੇ ਨਵੀਨੀਕਰਨ ਕਾਰਨ ਕਮਡੇਸ਼ਨ ਮੈਡਲ ਨਾਲ ਸਨਮਾਨਿਤ ਕੀਤਾ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਸਰਦਾਰ ਸਰੋਵਰ ਨਰਮਦਾ ਨਿਗਮ ਦੇ ਚੇਅਰਮੈਨ ਸ੍ਰੀ ਸੰਨਤ ਮਹਿਤਾ ਨੇ ਕੀਤੀ।

ਘਟ ਖਰਚ ਨਾਲ ਜਿਆਦਾ ਲਾਭ ਦੇਣ ਵਾਲੇ ਸੰਦ ਈਜ਼ਾਦ ਕਰਨ ਵਾਲੇ ਇਸ ਨੌਜਵਾਨ ਇੰਜਨੀਅਰ ਦਾ ਜਨਮ ਇਕ ਸਾਧਾਰਣ ਰਾਮਗੜ੍ਹੀਆ ਪ੍ਰਵਾਰ ਵਿਚ ਹੋਇਆ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੋਂ B.Tech ਦੀ ਡਿਗਰੀ ਫਸਟ ਕਲਾਸ ਵਿਚ ਪਾਸ ਕੀਤੀ। ਡਿਗਰੀ ਦੀ ਪੜਾਈ ਦੋਰਾਨ ਹਰ ਸਾਲ ਮੈਰਿਟ ਵਿਚ ਰਹੇ ਅਤੇ ਸਕਾਲਰਸ਼ਿਪ ਪ੍ਰਾਪਤ ਕਰਦੇ ਰਹੇ। ਡਿਗਰੀ ਪ੍ਰਾਪਤ ਕਰਨ ਉਪ੍ਰੰਤ ਸਵੈ ਰੁਜਗਾਰ ਨੂੰ ਤਰਜੀਹ ਦਿੰਦਿਆ ਹੋਇਆ ਆਪਣੇ ਪਿਤਰੀ ਕੰਮਾਂ ਵਿਚ ਹੱਥ ਵਟਾਉਣਾ ਸ਼ੁਰੂ ਕੀਤਾ।

ਇਹਨਾਂ ਨੇ ਆਪਣੀ ਫਰਮ ਵਿਚ ਅਜੇਹੇ ਖੇਤੀਬਾੜੀ ਸੰਦ ਤਿਆਰ ਕੀਤੇ ਜਿਹੜੇ ਬੜੇ ਕਾਮਯਾਬ ਹੋਏ। ਇਹਨਾਂ ਵਿਚ ਵਰਟੀਕਲ ਕਨਵੇਅਰ ਰੀਪਰ, ਹੜੰਬਾ ਥਰੈਸ਼ਰ ਅਤੇ ਕੰਬਾਈਨ ਦੇ ਪਾਰਟਸ ਅਤੇ ਸੂਰਜਮੁਖੀ ਕੱਢਣ ਵਾਲੇ ਥਰੈਸ਼ਰਾਂ ਦੇ ਨਾਮ ਖਾਸ ਤੌਰ ਤੇ ਵਰਣਨ ਯੋਗ ਹਨ।

1985 ਵਿਚ ਇਹਨਾਂ ਨੂੰ ਪੰਜਾਬ ਐਡ



ਸਿੰਧ ਬੈਕ ਵਲੋਂ ਉਦਮੀ ਸਵੈ ਰੁਜਗਾਰ ਵਿਕਾਸ ਪ੍ਰੋਗਰਾਮ ਵਿਚ ਹਿਸਾ ਲੈਣ ਲਈ ਬੁਲਾਇਆ ਗਿਆ। ਇਹਨਾਂ ਦੁਆਰਾ ਕੀਤੀ ਗਈ ਖੇਤੀ ਸੰਦਾਂ ਦੀ ਸੋਧ ਅਤੇ ਨਵੀਨੀਕਰਨ ਲਈ I.S.A.E (ਪੰਜਾਬ) ਵਲੋਂ ਸਨਮਾਨਿਤ ਕੀਤਾ ਗਿਆ ਅਤੇ ਪ੍ਰਸ਼ੰਸਾ ਪਤ੍ਰ ਦਿਤਾ ਗਿਆ। 1989 ਵਿਚ ਇਸੇ ਸੰਸਥਾ ਵਲੋਂ ਵਿਸ਼ੇਸ਼ ਅਵਾਰਡ ਵੀ ਦਿੱਤਾ ਗਿਆ। ਅਤੇ ਹੁਣ ਕੁਝ ਦਿਨ ਪਹਿਲਾਂ ਜੂਨਾਗੜ (ਗੁਜਰਾਤ) ਵਿਖੇ ਸਨਮਾਨਿਤ ਕੀਤਾ ਗਿਆ।

ਮੋਗਾ ਪਹੁੰਚਣ ਤੇ ਖੇਤੀਬਾੜੀ ਸੰਦ ਉਤਪਾਦਕ ਯੂਨੀਅਨ ਵਲੋਂ ਇਨ੍ਹਾਂ ਦਾ ਨਿੱਘਾ ਸੁਆਗਤ ਕੀਤਾ ਗਿਆ। ਇੰਜ: ਬਲਦੇਵ ਸਿੰਘ ਹੂੰਜਣ ਇਕ ਨੌਜਵਾਨ ਅਗਾਂਹਵਧੂ ਸੋਚ ਮਿਲਾਪੜੇ ਸੁਭਾਓ ਦੇ ਮਾਲਿਕ ਹਨ। ਪਿਤਾ ਦਾ ਸਾਇਆ ਭਾਵੇ, ਬਹੁਤ ਪਹਿਲਾਂ ਸਿਰ ਤੋਂ ਉਠ ਗਿਆ ਹੈ, ਫਿਰ ਵੀ ਬੜੀ ਹਿੰਮਤ ਅਤੇ ਲਗਨ ਨਾਲ ਆਪਣੇ ਭਰਾ ਸ: ਰਾਜਾ ਸਿੰਘ ਅਤੇ ਤਾਇਆ ਸ: ਸਾਧੂ ਸਿੰਘ ਹੂੰਜਣ ਦੇ ਸਹਿਯੋਗ ਨਾਲ ਮੋਗਾ ਵਿਖੇ ਭਾਰਤ ਇੰਡਸਟ੍ਰੀਅਲ ਕਾਰਪੋਰੇਸ਼ਨ ਨਾਮ ਦੇ ਅਦਾਰੇ ਨੂੰ ਚਲਾ ਰਹੇ ਹਨ। ਇੰਜ: ਬਲਦੇਵ ਸਿੰਘ ਨੇ ਇਕ ਮੁਲਾਕਾਤ ਵਿਚ ਦੱਸਿਆ ਕਿ 1967-68 ਵਿਚ ਉਨ੍ਹਾਂ ਦੇ ਅਦਾਰੇ ਦੀ ਐਨੀ ਮਸ਼ਹੂਰੀ ਸੀ ਕਿ ਮਸ਼ੀਨਾਂ ਦੀ ਡਿਲੀਵਰੀ ਲੈਣ ਲਈ ਕਈ-ਕਈ ਦਿਨ ਉਡੀਕ ਕਰਨੀ ਪੈਦੀ ਸੀ। ਹੁਣ ਇਸ ਕਾਰਖਾਨੇ ਵਿਚ ਬਣੀਆਂ ਮਸ਼ੀਨਾਂ ਰਾਜਸਥਾਨ, ਮੱਧ ਪ੍ਰੈਦਸ਼, ਯੂ:ਪੀ, ਕੇਰਲਾ, ਬਿਹਾਰ ਆਦਿ ਸੂਬਿਆਂ ਵਿਚ ਬਹੁਤ ਲੋਕਪ੍ਰਿਅ ਹਨ।

ਸ: ਬਲਦੇਵ ਸਿੰਘ ਹੂੰਜਣ ਦਾ ਪਿਛਲਾ ਪਿੰਡ ਰਾਉਤਾ (ਜ਼ਿਲਾ ਫਰੀਦਕੋਟ) ਹੈ, ਪਰ ਹੁਣ ਪੱਕੇ ਤੌਰ ਤੇ ਮੋਗੇ ਹੀ ਰਹਿੰਦੇ ਹੋਏ ਭਾਈਚਾਰਕ ਅਤੇ ਹੋਰ ਸਮਾਜਿਕ ਕੰਮਾਂ ਵਲ ਵੀ ਪੂਰੀ ਰੁਚੀ ਨਾਲ ਭਾਗ ਲੈਂਦੇ ਹਨ। ਇਨ੍ਹਾਂ ਦੇ ਭਰਾ ਸ: ਰਾਜਾ ਸਿੰਘ ਵਿਸ਼ਵਕਰਮਾ ਭਵਨ ਮੋਗਾ ਦੇ ਸਕੱਤਰ ਹਨ। ਸ: ਬਲਦੇਵ ਸਿੰਘ ਪਿਛਲੇ ਸਾਲ Lions Club ਦੇ ਖਜਾਨਚੀ ਰਹਿ ਚੁਕੇ ਹਨ। ਸਾਨੂੰ ਆਪਣੇ ਇਸ ਹੋਣਹਾਰ ਤਕਨੀਕੀ ਮਾਹਿਰ ਤੇ ਬੜਾ ਮਾਨ ਹੈ।

ਰਿਪੋਰਟ:-ਭੁਪਿੰਦਰ ਸਿੰਘ ਉੱਭੀ

---

ਸਾਡੇ ਦਸਤਕਾਰ

# ਫੌਲਾਦ ਨੂੰ ਢਾਲ ਕੇ ਮਸ਼ੀਨਾਂ ਸਿਰਜਣ ਵਾਲਾ

## ਸ: ਰੂੜ੍ਹ ਸਿੰਘ ਘਟਾਉੜਾ

ਬਟਾਲੇ ਦੇ ਸਨਅਤੀ ਸ਼ਹਿਰ ਵਿਚ ਸ: ਰੂੜ੍ਹ ਸਿੰਘ ਦਾ ਨਾਂ ਕਿਸੇ ਜਾਣ-ਪਹਿਚਾਣ ਦਾ ਮੁਹਤਾਜ ਨਹੀ ਹੈ। ਬਟਾਲੇ ਦੇ ਉਘੇ ਸਨਅਤਕਾਰ ਘਟਾਣੇ ਰਾਜਿੰਦਰਾ ਗਰੁਪ ਦੇ ਮਾਲਕ ਹਨ। ਇਨ੍ਹਾਂ ਦਾ ਪਿਛਲਾ ਪਿੰਡ ਮੂਲੇਵਾਲ ਅਲੀਵਾਰ ਰੋਡ ਤੇ ਸਥਿਤ ਹੈ। ਬਜੁਰਗ ਸ: ਠਾਕਰ ਸਿੰਘ ਖੇਤੀ ਕਰਿਆ ਕਰਦੇ ਸਨ। ਪ੍ਰਵਾਰ ਪਾਸ ਤਕਰੀਬਨ 30 ਏਕੜ ਪੈਲੀ ਹੈ। ਆਪਣਾ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਇਨ੍ਹਾਂ ਨੇ ਨੌਕਰੀ ਵੀ ਕੀਤੀ। ਦੇਸ਼ ਦੇ ਬਟਵਾਰੇ ਤੋਂ ਪਹਿਲਾਂ ਕਾਫੀ ਸਮਾਂ ਕਰਾਚੀ ਰਹੇ। 1958 ਵਿਚ ਰਾਜਿੰਦਰਾ ਮਸੀਨਰੀ ਮੇਕਰ ਫਰਮ ਦੀ ਸ਼ੁਰੂਆਤ ਹੋਈ। ਸ਼ੁਰੂ ਵਿਚ ਖਰਾਦ ਬਣਾਏ। ਹੁਣ ਖਰਾਦ ਤੋਂ ਇਲਾਵਾ ਉੱਚ ਕੁਆਲਿਟੀ ਦੀ ਬੋਰਿੰਗ ਅਤੇ ਹੋਰ ਭਾਰੀਆਂ ਮਸ਼ੀਨਾਂ ਵੀ ਬਣਾ ਰਹੇ ਹਨ। ਇਸ ਸਮੇ ਇਨ੍ਹਾਂ ਦੇ ਚਾਰ



ਅਦਾਰੇ ਹਨ। (1) ਰਾਜਿੰਦਰਾ ਮਸ਼ੀਨਰੀ ਮੇਕਰ, (2) ਬਲਜੀਤ ਟੈਕਨੀਕਲ ਇੰਡਸਟ੍ਰੀਜ਼, (3) ਮੈ: ਠਾਕਰ ਉਦਯੋਗ, (4) ਮੈ: ਰਾਜਿੰਦਰਾ ਫਾਉਡਰੀ ਐਡ ਇੰਜ: ਵਰਕਸ। ਇਸ ਫੈਲੇ ਹੋਏ ਕਾਰੋਬਾਰ ਨੂੰ ਸਾਂਭਣ ਲਈ ਉਨ੍ਹਾਂ ਦੇ ਯੋਗ ਸਪੁੱਤਰ ਸ: ਸੁਖਜਿੰਦਰ ਸਿੰਘ (B,Sc), ਸ: ਰਜਿੰਦਰ ਸਿੰਘ ਅਤੇ ਭਤੀਜੇ ਸ: ਰਮਿੰਦਰ ਸਿੰਘ, ਸ: ਦਵਿੰਦਰ ਸਿੰਘ, ਸ: ਬਲਜਿੰਦਰ ਸਿੰਘ (B.Sc) ਪੂਰਾ ਸਾਥ ਦੇ ਰਹੇ ਹਨ।

ਸ: ਰੂੜ੍ਹ ਸਿੰਘ ਕਈ ਸਮਾਜਿਕ ਅਤੇ ਭਾਈਚਾਰਕ ਸੰਸਥਾਵਾਂ ਨਾਲ ਜੁੜੇ ਹੋਏ ਹਨ। ਬਟਾਲਾ ਵਿੱਚ ਸ: ਜੱਸਾ ਸਿੰਘ ਰਾਮਗੜ੍ਹੀਆ ਹਾਲ ਅਤੇ ਪਿੰਡ ਸੁਨੱਈਆ ਵਿਚ ਮਹਾਰਾਜਾ ਜੱਸਾ ਸਿੰਘ ਸਕੂਲ ਦੀ ਚੜਦੀ ਕਲਾ ਲਈ ਬਹੁਤ ਸਹਿਯੋਗ ਦਿੰਦੇ ਰਹਿੰਦੇ ਹਨ।

ਸਾਨੂੰ ਆਸ ਹੈ ਸ: ਰੂੜ੍ਹ ਸਿੰਘ ਜਿਥੇ ਆਪਣੇ ਕਾਰੋਬਾਰ ਦੀ ਚੜਦੀਆਂ ਕਲਾ ਲਈ ਯਤਨ ਕਰਨਗੇ ਨਾਲ ਹੀ ਨਾਲ ਭਾਈਚਾਰਕ ਹਿਤਾਂ ਵੱਲ ਵੀ ਹੋਰ ਜਿਆਦਾ ਧਿਆਨ ਦੇਣਗੇ

ਰਿਪੋਰਟ:- ਭੁਪਿੰਦਰ ਸਿੰਘ ਉੱਭੀ



Sri Satguru Jagjit Singh Ji Elibrary NamdhariElibrary@gmail.com

☎ Off: 3101
Resi : 31

# DROLI AGRICULTURAL WORKS. (Regd.)

## Majestic Road, Moga-142001

**Manufacturers of:**




WHEAT THRESHERS, SEED DRILLS, POTATO PLANTER, POTATO DIGGER, ROTARY CUTTER, SPRAY PUMP & ALL KINDS OF AGRICULTURAL IMPLIMENTS




**Sister concern :**

## Jagat Singh & Sons

**Majestic Road, Moga**

PHONE FAC : 25271
RESI: 24855

# SOHNA

***HOSHIARPUR AIR CONDITIONERS & ELECTRICAL HOUSE***

**SOHNA AC**



**GUARANTEE ONE YEAR**

MFG OF:
SOHNA AIR CONDITIONAR, DESERT COOLERS, CAR ACS AND WASHING MACHINES

**SOHNA COOLER**



**GUARANTEE TWO YEARS**

**NEW DANA MANDI, JALANDHAR ROAD, HOSHIARPUR**

**Sister concern :**

## Bhogal ENTERPRISES

**Gokal Nagar, Jalandhar Road, HOSHIAR PUR-146001**



Sri Satguru Jagjit Singh Ji Elibrary NamdhariElibrary@gmail.com

# ਰਾਮਗੜ੍ਹੀਆ ਇਤਿਹਾਸ

ਸ੍ਰ:ਗੁਰਦਿਆਲ ਸਿੰਘ ਰੀਹਲ

## ਰਾਮਗੜ੍ਹੀਆ ਸਭਾਵਾਂ ਤੇ ਗੁਰਦੁਆਰੇ ਕਿਉਂ ਕਾਇਮ ਹੋਏ !

ਧਰਮਸਾਲਾ ਤੇ ਗੁਰਦੁਆਰਾ ਇਕੋ ਸੰਸਥਾ ਦੇ ਦੋ ਨਾਮ ਹਨ । ਗੁਰੂ ਨਾਨਕ ਦੇਵ ਜੀ ਤੋਂ ਚੌਥੀ ਪਾਤਸ਼ਾਹੀ ਗੁਰੂ ਰਾਮ ਦਾਸ ਜੀ ਦੇ ਸਮੇ ਤਕ ਸਿੱਖਾਂ ਦੇ ਧਰਮ ਮੰਦਰ ਦਾ ਨਾਮ ਧਰਮਸ਼ਾਲਾ ਹੀ ਸੀ । ਯਥਾ :-

"ਮੈ ਬਧੀ ਸਚੁ ਧਰਮਸਾਲਾ ਹੈ,
ਗੁਰਸਿਖਾ ਲਹਦਾ ਭਾਲਿਕੈ ॥
ਪੈਰ ਧੋਵਾ ਪਖਾ ਫੇਰਦਾ,
ਤਿਸੁ ਨਿਵਿ ਨਿਵਿਪਾਇ ਜੀਉ ॥"
(ਸ੍ਰੀ ਰਾਗ ਮ: ੫)

ਪੂਰਬ ਧਰਮਸਾਲ ਬਨਵਾਵਹੁ ॥
ਬਹੁਰ ਆਇ ਹਮ ਕੋ ਲੈ ਜਾਵਹੁ;
( ਗੁਰੂ ਨਾਨਕ ਦੇਵ ਪ੍ਰਕਾਸ਼)

ਜਿਥੈ ਬਾਬਾ ਪੈਰ ਧਰੈ
ਪੂਜਾ ਆਸਣ ਥਾਪਣ ਸੋਆ ।
ਘਰ ਘਰ ਅੰਦਰ ਧਰਮਸਾਲ
ਹੋਇ ਕੀਰਤਨ ਸਦਾ ਵਸੋਆ ।
( ਭਾਈ ਗੁਰਦਾਸ ਜੀ)

ਪੰਜਵੀ ਪਾਤਸ਼ਾਹੀ ਗੁਰੂ ਅਰਜਨ ਦੇਵ ਜੀ ਨੇ ਦਰਬਾਰ ਸਾਹਿਬ ਅੰਮ੍ਰਿਤਸਰ ਦਾ ਨਾਮ ਸ੍ਰੀ "ਹਰਿਮੰਦਰ ਸਾਹਿਬ" ਰੱਖਿਆ । ਇਸ ਤੋ ਬਾਅਦ ਛੇਵੀ ਪਾਤਸ਼ਾਹੀ ਸ੍ਰੀ ਗੁਰੂ ਹਰਿਗੋਬਿਦ ਸਾਹਿਬ ਦੇ ਸਮੇ ਤੋਂ ਧਰਮਸਾਲ ਤੇ ਗੁਰਦੁਆਰਾ ਦੋਵੇ ਨਾਮ ਪ੍ਰਚਲਤ ਹੋ ਗਏ, ਜੋ ਅੱਜ ਤਕ ਪ੍ਰਚਲਤ ਹਨ ।

ਸਿੱਖ ਗੁਰੂਆਂ ਤੋਂ ਮੁੱਢਾ ਦਲ ਦੇ ਸਮੇ ਤਕ ਗੁਰਦੁਆਰਿਆਂ ਦਾ ਪ੍ਰਬੰਧ ਸਤਿਜੁਗੀ ਨਮੂਨੇ ਦਾ ਹੋਇਆ ਕਰਦਾ ਸੀ । ਗੁਰਦੁਆਰਿਆਂ ਦੇ ਪ੍ਰਬੰਧਕ ਉਹ ਸੱਜਣ ਚੁਣੇ ਜਾਂਦੇ ਸਨ, ਜਿਹੜੇ ਪੂਰਨ ਗੁਰਸਿੱਖ, ਵਿਦਵਾਨ, ਗੁਰਮਤਿ ਵਿਚ ਪ੍ਰਪੱਕ, ਉਚੇ ਸੁਚੇ ਆਚਰਨ ਵਾਲੇ ਤੇ ਨਿਸ਼ਕਾਮ ਸੇਵਕ ਹੋਣ ।

ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਸਿੱਖਾਂ ਦੇ ਸੰਸਾਰੀ ਤੇ ਰਾਜਨੀਤਕ ਪੱਖਾਂ ਦਾ ਵਿਕਾਸ ਕਰਨ ਲਈ ਸੰਨ 1608 ਈ: ਨੂੰ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਉੜ੍ਹੀ ਦੇ ਸਾਹਮਣੇ ਸ਼ਾਹੀ ਤਖ਼ਤ ਦੀ ਬਨਾਵਟ ਨਾਲ ਮਿਲਦੀ-ਜੁਲਦੀ ਬਿਲਡਿੰਗ ਤਿਆਰ ਕਰਵਾਈ, ਜਿਸ ਦਾ ਨਾਮ "ਅਕਾਲ ਤਖ਼ਤ " ਰੱਖਿਆ। ਏਥੇ ਬੈਠ ਕੇ ਗੁਰੂ ਜੀ ਢਾਡੀਆਂ ਪਾਸੋ ਸੂਰਬੀਰਾਂ ਦੀਆਂ ਵਾਰਾਂ ਸੁਣਦੇ, ਸਿੱਖਾਂ ਦੇ ਫ਼ੌਜੀ ਕਰਤੱਵ ਦੇਖਦੇ, ਸੰਸਾਰੀ ਤੇ ਰਾਜਨੀਤਕ ਮਾਮਲਿਆਂ ਸਬੰਧੀ ਆਪਣੇ ਸਿੱਖਾਂ ਨਾਲ ਖੁੱਲ੍ਹਾ ਖ਼ਿਆਲ-ਵਟਾਂਦਰਾ ਕਰਦੇ। "ਹਰਿਮੰਦਰ ਸਾਹਿਬ" ਅੰਦਰ ਗੁਰਬਾਣੀ ਦੇ ਕੀਰਤਨ ਤੋਂ ਸਿਵਾਏ ਲੈਕਚਰ ਕਰਨਾ ਤਾਂ ਇਕ ਪਾਸੇ ਰਿਹਾ, ਤੁਕ ਸ਼ਬਦ ਦੀ ਵਿਆਖਿਆ ਕਰਨ ਦੀ ਵੀ ਮਨਾਹੀ ਸੀ, ਜਿਸ ਦੀ ਪਾਲਣਾ ਅੱਜ ਤਕ ਹੋ ਰਹੀ ਹੈ । ਪਰ ਜਦ ਤੋਂ "ਗੁਰਦੁਆਰਾ ਐਕਟ" ਦੇ ਅਧੀਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੱਖ ਗੁਰਦੁਆਰਿਆਂ ਦਾ ਪ੍ਰਬੰਧ ਸੰਭਾਲਿਆ ਹੈ, ਗੁਰਧਾਮ ਰਾਜਨੀਤੀ ਦੇ ਅੱਡੇ ਬਣ ਗਏ ਹਨ। ਇਨ੍ਹਾਂ ਸੰਸਥਾਵਾਂ ਅੰਦਰ ਗਾਲੀ-ਗਲੋਚ, ਹੱਥੋਪਾਈ, ਡਾਂਗ ਸੋਟਾ ਤੇ ਕ੍ਰਿਪਾਨਾਂ ਤਕ ਚਲਣ ਦੀਆਂ ਖ਼ਬਰਾਂ ਬਹੁਤ ਦਫ਼ਾ ਅਖ਼ਬਾਰਾਂ ਵਿਚ ਪੜ੍ਹੀਦੀਆਂ ਹਨ । ਏਸ ਕਰ ਕੇ ਆਮ ਸਿੱਖਾਂ ਨੂੰ ਸੰਦੇਹ ਹੈ ਕਿ ਗੁਰਦੁਆਰਿਆਂ ਦੀ ਪੂਜਾ ਦੇ ਧਨ ਦੀ ਕੁਵਰਤੋਂ ਹੋ ਰਹੀ ਹੈ। ਇਸੇ ਲਾਲਚ ਕਰ ਕੇ ਜਿਹੜੇ ਇਕ ਵੇਰ ਕਮੇਟੀ ਦੇ ਪ੍ਰਬੰਧਕ ਬਣ ਜਾਣ, ਉਹ ਹੋਰ ਕਿਸੇ ਨੂੰ ਨੇੜੇ ਨਹੀ ਆਉਣ ਦਿੰਦੇ ਜਿਸ ਦੀ ਪ੍ਰੋੜ੍ਹਤਾ ਮਾਰਚ 1979 ਈ: ਵਿਚ ਹੋਈਆਂ ਗੁਰਦੁਆਰਾ ਚੋਣਾਂ ਤੋ ਹੋ ਜਾਂਦੀ ਹੈ , ਜਿਹੜੀਆਂ ਪੂਰੇ ਚੌਦਾਂ ਸਾਲਾਂ ਬਾਅਦ ਕਰਵਾਈਆਂ ਗਈਆਂ ਹਨ ।

ਚੋਣਾਂ ਲੜਨ ਲਈ ਗੁਰਦੁਆਰਾ ਵੋਟਰ ਲਿਸਟ ਵਿਚ ਉਨ੍ਹਾਂ ਸੱਜਣਾਂ ਦੇ ਨਾਮ ਵੀ ਦਰਜ ਕਰਵਾਏ ਜਾਂਦੇ ਹਨ, ਜਿਹੜੇ ਵੋਟਰ ਬਣਨ ਦੇ ਉੱਕੇ ਹੀ ਯੋਗ ਨਹੀ ਹੁੰਦੇ । ਨਿਯਮ ਅਨੁਸਾਰ ਵੋਟਰ ਉਹੋ ਹੀ ਬਣ ਸਕਦਾ ਹੈ , ਜਿਹੜਾ ਸ਼ਰਾਬ ਨਾ ਪੀਂਦਾ ਹੋਵੇ, ਤਮਾਕੂ ਦਾ ਇਸਤੇਮਾਲ ਨਾ ਕਰਦਾ ਹੋਵੇ, ਕੇਸ ਦਾੜ੍ਹੀ ਨਾ ਕਤਰਾਉਂਦਾ ਹੋਵੇ। ਕੀ ਪੰਜ ਦਸ ਫ਼ੀ ਸਦੀ ਵੋਟਰਾਂ ਤੋ ਸਿਵਾਏ ਬਾਕੀ ਦੇ ਵੋਟਰ ਇਹ ਕਹਿ ਸਕਦੇ ਹਨ, ਕਿ ਉਹ ਉਪਰੋਕਤ ਸ਼ਰਤਾਂ ਤੇ ਪੂਰਾ ਪੂਰਾ ਉੱਤਰਦੇ ਹਨ ? ਜੇ ਇਹ ਕਿਹਾ ਜਾਵੇ ਕਿ ਗੁਰਦੁਆਰਾ ਇਲੈਕਸ਼ਨ ਵੀ ਜ਼ਾਤ-ਬਰਾਦਰੀ ਤੇ ਅਧਾਰਿਤ ਹੀ ਲੜੀ ਜਾਂਦੀ ਹੈ ਤਾਂ ਝੂਠ ਨਹੀ ਹੋਵੇਗਾ । ਵੋਟਰ ਨੂੰ ਜਿਹੜਾ ਫ਼ਾਰਮ ਭਰ ਕੇ ਦੇਣਾ ਪੈਂਦਾ ਹੈ, ਉਸ ਵਿਚ "ਜ਼ਾਤ" ਦਾ ਵੀ ਇਕ ਖਾਨਾ ਹੈ। ਇਲੈਕਸ਼ਨ ਵੇਲੇ ਜ਼ਾਤ ਬਰਾਦਰੀ ਦੇ ਨਾਮ ਤੇ ਅਧਾਰਿਤ ਐਲਾਨ ਕੱਢੇ ਜਾਂਦੇ ਹਨ ।

ਗੁਰਦੁਆਰਾ ਇਲੈਕਸ਼ਨ ਤੇ ਲੱਖਾਂ ਕਰੋੜਾਂ ਰੁਪਿਆ ਖ਼ਰਚ ਕੀਤੇ ਜਾਂਦੇ ਹਨ; ਪਤਾ ਨਹੀ ਉਹ ਰੁਪਏ ਕਿੱਥੋਂ ਆਉਂਦੇ ਹਨ ? ਉਮੀਦਵਾਰ ਵੋਟਰਾਂ ਅੱਗੇ ਤਰਲੇ ਮਿੰਨਤਾਂ ਕਰਦੇ ਹਨ ਕਿ ਵੋਟ ਉਨ੍ਹਾਂ ਨੂੰ ਪਾਈ ਜਾਵੇ । ਇਕ ਦੂਜੇ ਉਮੀਦਵਾਰ ਦੇ ਖ਼ਿਲਾਫ਼ ਇਤਰਾਜ਼ ਯੋਗ ਇਸ਼ਤਿਹਾਰ ਕੱਢੇ ਜਾਂਦੇ ਹਨ ਤੇ ਜ਼ਬਾਨੀ ਅਣਸੁਖਾਵਾਂ ਪ੍ਰਚਾਰ ਕੀਤਾ ਜਾਂਦਾ ਹੈ । ਬੜੇ ਸ਼ਰਮਨਾਕ ਨਾਅਰੇ ਲਾਏ ਜਾਂਦੇ ਹਨ । ਰਿਸ਼ਤੇਦਾਰ ਆਪਣੇ ਹੋਰ ਰਿਸ਼ਤੇਦਾਰਾਂ ਤੇ ਜ਼ੋਰ ਪਾਉਂਦੇ ਹਨ ਕਿ ਵੋਟ ਅਮਕੇ ਉਮੀਦਵਾਰ ਨੂੰ ਦਿਉ ਭਾਵੇ ਉਹ ਜਪੁਜੀ ਸਾਹਿਬ ਦਾ ਪਾਠ ਵੀ ਨਾ ਕਰ ਸਕਦਾ ਹੋਵੇ । ਹੋਣਾ ਤਾਂ ਇਹ ਚਾਹੀਦਾ ਹੈ ਕਿ ਹਲਕੇ ਦੇ ਵੋਟਰ ਕਿਸੇ ਵਿਦਵਾਨ, ਮਹਾਂਪੁਰਖ ਤੇ ਪੂਰਨ ਗੁਰਸਿੱਖ ਨੂੰ ਬੇਨਤੀ ਕਰਨ ਕਿ ਉਹ ਕਮੇਟੀ ਵਿਚ ਜਾ ਕੇ ਇਲਾਕੇ ਦੀ ਪ੍ਰਤੀਨਿਧਤਾ ਕਰਨ ।

ਭਾਰਤ ਵਿਚ ਗੁਰਦੁਆਰਿਆਂ ਦੀਆਂ ਇਲੈਕਸ਼ਨਾਂ ਦੀ ਦੇਖਾ-ਦੇਖੀ ਪ੍ਰਦੇਸਾਂ ਵਿਚ ਵੀ ਸਿੱਖ ਗੁਰਦੁਆਰਿਆਂ ਅੰਦਰ ਲੀਡਰਸ਼ਿਪ ਦਾ ਝਗੜਾ ਹਮੇਸ਼ਾ ਬਣਿਆ ਰਹਿੰਦਾ ਹੈ । ਸੰਨ 1976 ਈ: ਦੀ ਗੱਲ ਹੈ ਕਿ ਇੰਗਲੈਂਡ ਦੇ ਮਸ਼ਹੂਰ ਸ਼ਹਿਰ "ਬਰਮਿੰਘਮ" ਦੇ ਸਿੱਖ ਟੈਂਪਲ ਸਮੈਥਿਕ ਵਿਚ ਦੋ ਪਾਰਟੀਆਂ ਦਾ ਚੋਣ ਬਾਰੇ ਝਗੜਾ ਹੋ ਗਿਆ। ਕਾਫ਼ੀ ਸਮਾ ਕਚਹਿਰੀ ਵਿਚ ਮੁਕੱਦਮਾ ਚਲਦਾ ਰਿਹਾ। ਹਜ਼ਾਰਾਂ ਪੌਂਡ ਦੋਹਾਂ ਧਿਰਾਂ ਦੇ ਖ਼ਰਚ ਹੋਏ। ਆਖ਼ਰ ਸਥਾਨਕ ਸਿੱਖ ਬੀਬੀਆਂ ਨੇ ਦੋਹਾਂ ਦੋਹਾਂ ਧਿਰਾਂ ਤੋ ਗੁਰਦੁਆਰਾ ਪ੍ਰਬੰਧ ਖੋਹ ਲਿਆ ਤਾਂ ਕਿਤੇ ਜਾ ਕੇ ਸਿੱਖ ਸੰਗਤ ਵਿਚ ਸ਼ਾਂਤੀ ਦਾ ਵਾਤਾਵਰਨ ਬਣਿਆ। ਉਨ੍ਹਾਂ ਨੇ ਸਾਫ਼ ਐਲਾਨ ਕਰ ਦਿੱਤਾ :-

**"The women said; if you have something to say on Religious grounds come to the stage, if you are political, then go to tehe office "**

**Daily "guardian", London, 26.7.1976.**

ਭਾਵ- ਜੇ ਤੁਹਾਡੇ ਪਾਸ ਧਰਮ ਅਧਾਰਤ ਕੁਝ ਕਹਿਣ ਨੂੰ ਹੈ ਤਾਂ ਸਟੇਜ ਤੇ ਆਉ, ਜੇ ਤੁਸੀ ਰਾਜਸੀ ਹੋ, ਤਾਂ ਕਮੇਟੀ-ਦਫ਼ਤਰ ਵਿਚ ਜਾ ਕੇ ਗੱਲ ਕਰੋ ।

ਬਰਮਿੰਘਮ ਦੀਆਂ ਸਿੱਖ ਬੀਬੀਆਂ ਨੂੰ ਪਤਾ ਸੀ ਕਿ ਦੋਵੇ ਪਾਰਟੀਆਂ ਗੁਰਦੁਆਰਾ ਫ਼ੰਡ ਦੀ ਕੁਵਰਤੋਂ ਕਰਨੋ ਸੰਕੋਚਦੀਆਂ ਨਹੀ, ਹਾਲਾਂਕਿ ਭਾਈ ਗੁਰਦਾਸ ਜੀ ਨੇ ਸਾਫ਼ ਲਿਖਿਆ ਹੈ :-

ਜਿਉ ਮਿਰਯਾਦਾ ਹਿੰਦੂਆਂ ਗਊ ਮਾਸ ਅਕਾਜੁ ॥
ਮੁਸਲਮਾਣਾਂ ਸੂਅਰਹੁੰ ਸਉਗੰਦ ਵਿਆਜੁ ॥
ਸਹੁਰਾਂ ਘਰ ਜਵਾਈਐ ਪਾਣੀ ਮਦਰਾਜੁ ॥
ਸਹਾ ਨ ਖਾਈ ਚੂਹੜਾ ਮਾਇਆ ਮੁਹਤਾਜੁ ॥
ਜਿਉ ਮਿਠੈ ਮੱਖੀ ਮਰੈ ਤਿਸ ਹੋਇ ਅਕਾਜੁ ॥
ਤਿਉ ਧਰਮਸਾਲ ਦੀ ਝਾਕ ਹੈ , ਵਿਹੁ ਖੰਡੂ ਪਾਜੁ ॥
(ਵਾਰ ੩੫-੧੨)

ਉਸੇ ਸਾਲ ਇੰਗਲੈਂਡ ਦੀਆਂ ਪੰਜਾਬੀ ਅਖ਼ਬਾਰਾਂ ਵਿਚ ਇਕ ਖ਼ਬਰ ਛਾਪੀ ਸੀ ਕਿ ਦਿਨ ਐਤਵਾਰ 22 ਅਗਸਤ, ਸੰਨ 1976 ਈ: ਨੂੰ ਗੁਰਦੁਆਰਾ ਸਿੰਘ ਸਭਾ ਸੋਥਾਲ(ਇੰਗਲੈਂਡ) ਵਿਚ ਇਕ ਸਿੱਖ, ਪ੍ਰਬੰਧਕਾਂ ਨੂੰ ਸੁਧਾਰਕ-ਸੁਝਾਉ ਦਿੰਦਾ ਹੋਇਆ ਧੱਕਮ ਧੱਕੇ ਵਿਚ ਹੀ ਮਾਰਿਆ ਗਿਆ । ਇਹੋ ਜਿਹਾ ਕਾਰਾ ਉਹੋ ਹੀ ਲੋਕ ਕਰ ਸਕਦੇ ਹਨ, ਜਿਨ੍ਹਾਂ ਅੰਦਰ "ਗੁਰਦੁਆਰੇ" ਦੀ "ਝਾਕ" ਹਰ ਵੇਲੇ ਬਣੀ ਰਹਿੰਦੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਜਦੋ "ਅਨੰਦਗੜ੍ਹ" ਦਾ ਕਿਲ੍ਹਾ ਖਾਲੀ ਕਰ ਕੇ ਸਾਰਾ ਧਨ ਸਤਲੁਜ ਦਰਿਆ ਵਿਚ ਰੋੜ੍ਹ ਦਿੱਤਾ, ਤਾਂ ਸਿੱਖਾ ਨੇ ਬੇਨਤੀ ਕੀਤੀ :-

ਮਹਾਰਾਜ ਜੀ ! ਇਹ ਸਾਰਾ ਧਨ ਵਿਰਥਾ ਹੀ ਗਿਆ ਇਸ ਨਾਲ ਦਾਰੂ ਸਿੱਕਾ ਖ਼ਰੀਦ ਕੇ ਖਾਲਸਾ ਫ਼ੌਜ ਦਾ ਪੁਨਰਗਠਨ ਕੀਤਾ ਜਾ ਸਕਦਾ ਸੀ ਤੇ ਹੋਰ ਕਈ ਲੋੜਾਂ ਪੂਰੀਆ ਹੋ ਸਕਦੀਆ ਸਨ। ਗੁਰੂ ਸਾਹਿਬ ਨੇ ਜੁਆਬ ਦਿੱਤਾ; ਮੈ ਆਪਣੇ ਪਿਆਰੇ ਦੁਲਾਰੇ ਸਿੰਘਾਂ ਨੂੰ ਪੂਜਾ-ਧਾਨ ਰੂਪੀ ਵਿੱਖ (ਜ਼ਹਿਰ) ਆਪਣੇ ਹੱਥੀਂ ਨਹੀ ਦੇ ਸਕਦਾ ।"



Sri Satguru Jagjit SIngh Ji Elibrary NamdhariElibrary@gmail.com

# KISAN AGRI WORKS

MANUFACTURERS OF:

HARHAMBA THRASHER & ALL KINDS OF AGRICULTURE IMPLIMENTS



*Prop. Billu Singh Khokhar*

BAJA KHANA ROAD,
BHAGTA BHAI DISTT-BATHINDA

# SOND

# HARAMBA THRASHER




**Prop. Surjit Singh, Gurdeep Singh**

**MANUFACTURER**

# The Sond Impliments Co op. Society Works

**Bhagta Bhai ka-151206**

☎: 5650

# J.S. DHIMAN STEEL WORKS

Manufactures of:-

**ALL TYPES OF AGRICULTURE IMPLEMENTS**

Specialist In:-

**HARAMBA THRASHERS**



**Prop. Jagroop Singh**

**Bagha Purana Road, BHAGTA BHAIKA,
BATHINDA-151206**

☎: 2782

# Ishwar Mechanical Works

**MANUFACTURERS OF:**

**Heavy Duty Power Presses, Single & Double Action, All Type Job Works.**

**SPECIALIST IN:**

**Agriculture Implements:-
P.T.O Shafts, Gear Shafts & All Siz
Size Knob for Haramba Thrashers**

**AKALSAR ROAD, ISHWAR CHOWK, MOGA-142001 (Pb.)**



Sri Satguru Jagjit Singh Ji Elibrary NamdhariElibrary@gmail.com

# ਰਾਮਗੜ੍ਹੀਆ ਮੰਚ ਪਰਿਵਾਰ



ਸ: ਕਮਲਜੀਤ ਸਿੰਘ,ਮੈ: ਪਨੇਸਰ ਐਗਰੀ: ਵਰਕਸ, ਭਗਤਾ ਭਾਈ ਕਾ



ਸ:ਕਿਸ਼ਨ ਸਿੰਘ ਪਨੇਸਰ, ਮੈ: ਪਨੇਸਰ ਵੈਲਡਿੰਗ ਵਰਕਸ, ਬੰਗਾ ਰੋਡ,ਫਗਵਾੜਾ



ਸ:ਤਰਲੋਚਨ ਸਿੰਘ ਧੰਜਨ,ਮੈ: ਧੰਜਨ ਇੰਡ:Joint Sec., ਜਥ ਕਾਂਗਰਸ,ਕਪੂਰਥਲਾ



ਸ: ਸੁਚਾ ਸਿੰਘ ਹੰਸਪਾਲ, ਮੈ: ਦਸ਼ਮੇਸ਼ ਮਕੈ: ਵਰਕਸ,ਭੁਲੱਥ(Kpt)



ਸ:ਹਰਮੀਤ ਸਿੰਘ ਮੁੰਡੇ, ਮੈ:ਸੰਸਾਰ ਐਗਰੋ:ਇੰਡ:ਰਾਏਕੋਟ ਰੋਡ,ਮਲੇਰਕੋਟਲਾ



ਸ: ਮੋਹਨ ਸਿੰਘ ਘਟਾਉੜੇ, ਹੈਦਰ ਸ਼ੇਖ ਰੋਡ, ਮਲੇਰਕੋਟਲਾ



ਸ: ਇੰਦਰਜੀਤ ਸਿੰਘ ਮੁੰਡੇ, ਮੈ: ਸੰਸਾਰ ਐਗਰੋਇੰਡ: ਰਾਏਕੋਟ ਰੋਡ, ਮਲੇਰਕੋਟਲਾ



[illegible]



ਸ: ਸੁਰਜੀਤ ਸਿੰਘ, ਬੁਢਲਾਡਾ



ਸ:ਹਰਨੇਕ ਸਿੰਘ ਮਠਾਰੂ, ਲਕੜ ਮੰਡੀ, ਅਬੋਹਰ



ਸ: ਬਲਵਿੰਦਰ ਸਿੰ:ਪ, ਮੈ: ਜਸਵੰਤ ਮੋਟਰਸ, ਅਬੋਹਰ



ਸ: ਗੁਰਚਰਨ ਸਿੰਘ ਭੁੱਲਰ, ਮੈ: ਕੁਲਵਿੰਦਰ ਇੰਜ: ਵਰਕਸ, ਸੀਟੂ ਚੌਕ, ਅਬੋਹਰ



ਸ: ਗੁਰਨਾਮ ਸਿੰਘ ਭਰੂ, ਮੈ: ਗੁਰਸੇਵਕ ਐਗਰੀ: ਵਰਕਸ, ਕਾਲੇਜ ਰੋਡ, ਬੁਢਲਾਡਾ



ਸ:ਮਲਕੀਅਤ ਸਿੰਘ ਮਿ ਜਗੀਰ ਸਿੰਘ ਮਲਕੀਅਤ ਸਿੰਘ, ਫਰਨੀਚਰ ਵਾਲੇ,ਭਿਖੀ ਰੋਡ,ਬੁਢਲਾਡਾ



ਸ: ਨਰਿੰਦਰ ਸਿੰਘ, ਮੈ: ਡਟਵਾਰਿਆ ਸਰਵਿਸ ਸਟੇਸ਼ਨ,ਭਿੱਖੀ ਰੋਡ, ਬੁਢਲਾਡਾ



ਸ: ਹਰਵਿੰਦਰ ਸਿੰਘ, ਮੈ: ਦਲਵੀਰ ਐਗਰੀ: ਵਰਕਸ, ਭਿੱਖੀ ਰੋਡ, ਬੁਢਲਾਡਾ

Sri Satguru Jagjit Singh Ji Elibrary NamdhariElibrary@gmail.com

Phone : 61684

BUY The **BEST.......**

**SUNIL**

**DIESEL ENGINE PARTS**

**SPECIALIST IN : CASTING**



**MFD BY:**

**S.S.BANSAL INDUSTRIES (REGD.)**

G.T.ROAD, CHACHOKI

(PHAGWARA)

*With best compliments from*

**RIAT STEELS**

- ◆ERECTORS
- ◆FABRICATORS
- ◆CONTRACTORTS

WE SPECIALISE IN-

- ◆STEEL DOORS
- ◆STEEL WINDOWS
- ◆PRESSTEEL DOORS &
- ◆WONDOWR FRAMES [CHOKHATS]

MODERN TYPE SHEDS.

[With Lowest Steel Consumption]

**18-Industrial Area, PHAGWARA**

*Sister Concern:-* M/s Riat Associates

F-7 Prem Nagar, phagwara

**Simplex**

**INDUSTRIES**

*Mfrs. of :*

Leather Tools, Leather Punches, Eyelet Fixer, Button Fixer, Closing Eyelet & Closing Dies & Button Closing Machines

Gandhi Nagar, G. T. Road,

(Near Dholewal)

LUDHIANA-141003

**KALSI**

**BRAND**

**PAPER PRINTING & CUTTING MACHINES**



**PAPER PRINTING MACHINES**

**Sizes : 9"x13", 11"x16", 13"x19", 18"x22"**

**PAPER CUTTING MACHINES**

**Sizes : 18", 26", 32", 36", 42", 48", 52", 60"**

**Contact :** **Phone : 24576 pp**

**Hassanpur Mechanical Works**

**617, Industrial Area B,**

**LUDHIANA—3.**



Sri Satguru Jagjit Singh Ji Elibrary NamdhariElibrary@gmail.com



ਕਾਕਾ ਹਰਦੀਪ ਸਿੰਘ, ਪੋਤਰਾ ਸ: ਟਹਿਲ ਸਿੰਘ ਮਠਾੜੂ, 3161/28 D, ਚੰਡੀਗੜ੍ਹ



ਗੁਰਦੀਪ ਸਿੰਘ, S/O. ਸ: ਸੁਖਵਿੰਦਰ ਸਿੰਘ J.E. ਅਬੋਹਰ



ਹਰਪਾਲ ਸਿੰਘ ਚਾਨਾ, ਪੋਤਰਾ ਸ: ਜਸਵੀਰ ਸਿੰਘ ਚਾਨਾ ਰਾਂਚੀ



ਸੋਨੀਆ ਹੰਸਪਾਲ, ਸਪੁੱਤਰੀ ਸ: ਭੁਪਿੰਦਰ ਸਿੰਘ ਹੰਸਪਾਲ, ਬਟਾਲਾ



ਗੋਬਿੰਦਪਾਲ ਸਿੰਘ ਪਨੇਸਰ, S/O. ਸ: ਪਰਮਜੀਤ ਸਿੰਘ ਪਨੇਸਰ, ਬਟਾਲਾ



ਹਰਪ੍ਰੀਤ ਸਿੰਘ ਸਪੁੱਤਰ ਸ: ਬਲਵਿੰਦਰ ਸਿੰਘ ਧੰਜਲ, ਮੈ: ਧੰਜਲ ਸਟੀਲ ਇੰਡ: ਪ੍ਰਤਾਪ ਨਗਰ, ਲੁਧਿਆਣਾ



ਹਰਜੀਤ ਕੌਰ, ਸਪੁੱਤਰੀ ਸ: ਬਲਵਿੰਦਰ ਸਿੰਘ ਧੰਜਲ, ਮੈ: ਧੰਜਲ ਸਟੀਲ ਇੰਡ: ਪ੍ਰਤਾਪ ਨਗਰ, ਲੁਧਿਆਣਾ



ਪ੍ਰੀਆ ਹੰਸਪਾਲ, D/O. ਸ: ਕੁਲਦੀਪ ਸਿੰਘ ਹੰਸਪਾਲ, ਬਟਾਲਾ



ਹਰਪਾਲ ਸਿੰਘ ਹੰਸਪਾਲ, S/O. ਸ:ਕੁਲਦੀਪ ਸਿੰਘ ਹੰਸਪਾਲ, ਬਟਾਲਾ



ਪ੍ਰੀਤਪਾਲ ਸਿੰਘ ਚਾਨਾ, ਪੋਤਰਾ ਸ: ਜਸਵੀਰ ਸਿੰਘ ਚਾਨਾ ਰਾਂਚੀ



ਮਨਜੋਤ ਸਿੰਘ.ਸਪੁੱਤਰ ਸ: ਚਰਨਜੀਤ ਸਿੰਘ ਘਟਾਉੜਾ, ਮੈ: ਕਿਸਾਨ ਟਾਇਰ, ਭਗਤਾ ਭਾਈ



ਬੇਬੀ ਸਨਜੋਤ ਸਪੁੱਤਰੀ, ਸ: ਚਰਨਜੀਤ ਸਿੰਘ ਘਟਾਉੜਾ, ਮੈ: ਕਿਸਾਨ ਟਾਇਰ, ਭਗਤਾ ਭਾਈ



ਬੀਰ ਇੰਦਰ ਸਿੰਘ, S/O. ਸ: ਤਲਵਿੰਦਰ ਸਿੰਘ, ਪੋਤਰਾ ਸ: ਅਨੂਪ ਸਿੰਘ ਵਿਰਦੀ, ਅੰਮ੍ਰਿਤਸਰ




Sri Satguru Jagjit SIngh Ji Elibrary NamdhariElibrary@gmail.com

Phone : 3036,3072,3093, Grams: Prime

**PRIME**

DIESEL ENGINE SPARES

TRADE **PRIME** MARK ®




Manufactured by:

**PRIME INDUSTRIES**

PHAGWARA-144401




**BIRDI** **Manufacturng Co.**

**12156, St No.1, PartapNagar**

**Industrial Area-B. LUDHIANA-3**



# umco

**TRACTOR OIL PUMP & LIFT PUMP PARTS**

'UMCO' TRACTOR PARTS ARE PRECISION MACHINED, OUT OF CORRECT GRADE OF METERIAL TO MANUFACTURERS SPECIFICATIONS FOR STRENGTH AND DURABILTY AT A MODERN MACHINE SHOP. WITH UP-TO-DATE EQUIPMENT UNDER THE SUPERVISION OF EXPERT TECHNICIANS

MANUFACTURERS :

**UNITED MANUFACTURING CO.**

KOTKAPURA-151204 (Punjab)

# ਵਿਵਾਹਿਕ ਵਿਗਿਆਪਨ

## ਵਰ ਦੀ ਲੋੜ ਹੈ



☆ਉਮਰ 25 ਸਾਲ ਕੱਦ 5'2". B.Sc.(Medical), B.Ed. ਗੋਤ ਘਟਾਉਤਾ/ਲੋਟੇ ਲੁਧਿਆਣਾ ਦੇ ਕਾਰਖਾਨੇਦਾਰ ਪ੍ਰਵਾਰ ਦੀ ਕੰਨਿਆ ਲਈ ਲੁਧਿਆਣਾ ਜਾਂ ਆਲੇ ਦੁਆਲੇ ਦੇ ਵਰ ਦੀ ਲੋੜ ਹੈ। ਬੈਗ ਨੰ:-3033

☆ਉਮਰ 29 ਸਾਲ ਕੱਦ 5'4". M.A ਪਤਲੀ ਗੋਤ ਮਿਠੜਾ/ਸੈਬ ਜਲੰਧਰ ਦੇ ਕਾਰਖਾਨੇਦਾਰ ਪ੍ਰਵਾਰ ਦੀ ਕੰਨਿਆ ਲਈ ਰਿਸ਼ਤਾ ਚਾਹੀਦਾ ਹੈ ਬੈਗ ਨੰ:-3032

☆ਉਮਰ 24 ਸਾਲ ਕੱਦ 5'4", B.A ਗੋਤ ਸੋਂਦ/ਗਰੀਰ ਸੁੰਦਰ ਵਿਧਵਾ ਕੰਨਿਆ ਲਈ ਵਰ ਦੀ ਲੋੜ ਹੈ। ਪ੍ਰਵਾਰ ਲੁਧਿਆਣਾ ਵਿਚ ਬੈਗ ਨੰ:3031

☆ਉਮਰ 23 ਸਾਲ ਕੱਦ 5'3".M.Sc(Bio Chemistry) B.Ed. ਗੋਤ ਸੀਹਰਾ/ਪਨੇਸਰ ਹੋਸ਼ਿਆਪੁਰ ਦੀ ਕੰਨਿਆ ਲਈ ਪੜ੍ਹੇ-ਲਿਖੇ ਸਥਾਪਿਤ ਪ੍ਰਵਾਰ ਦੇ ਰਿਸ਼ਤੇ ਦੀ ਲੋੜ ਹੈ। ਬੈਗ ਨੰ:-3030

☆ਜੈਪੁਰ ਸਥਾਪਿਤ ਪ੍ਰਵਾਰ ਦੀ ਕੰਨਿਆ ਉਮਰ 23 ਸਾਲ ਕੱਦ 5'3", M.Com. LLB, ਗੋਤ ਡੋਗਰਾ/ਆਸੀ ਲਈ ਯੋਗ ਰਿਸ਼ਤਾ ਚਾਹੀਦਾ ਹੈ ਬੈਗ ਨੰ:-3029

☆ਉਮਰ 24 ਸਾਲ ਕੱਦ 5'4", ਗੋਤ ਵਿਰਦੀ/ਆਸੀ ਜਲੰਧਰ ਸਥਿਤ ਪ੍ਰਵਾਰ ਦੀ ਕੰਨਿਆ ਲਈ ਯੋਗ ਰਿਸ਼ਤਾ ਚਾਹੀਦਾ ਹੈ। ਬੈਗ ਨੰ:-3028

☆ਉਮਰ 24 ਸਾਲ ਕੱਦ 5', M.Com B.Ed ਦਿੱਲੀ ਸਥਿਤ ਪ੍ਰਵਾਰ ਗੋਤ ਵਿਰਦੀ/ਚਾਨਾ ਲਈ ਰਿਸ਼ਤੇ ਦੀ ਲੋੜ ਹੈ। ਬੈਗ ਨੰ:-3027

☆ਜ਼ਿਲਾ ਫਰੀਦਕੋਟਉਮਰ 22 ਸਾਲ ਕੱਦ 5'1", ਨਿਰਦੋਸ਼ ਤਲਾਕਸ਼ੁਦਾ ਮਅਬੜਲਫ ਗੋਤ ਬਾਹੜਾ/ਸੋਂਦ ਕੰਨਿਆ ਲਈ ਯੋਗ ਰਿਸ਼ਤਾ ਚਾਹੀਦਾ ਹੈ। ਬੈਗ ਨੰ:-3047

☆ਬੰਬਈ ਨਿਵਾਸੀ ਪ੍ਰਵਾਰ ਦੀ ਕੰਨਿਆ ਉਮਰ 29 ਸਾਲ ਕੱਦ 5', B.Sc. Computer Course ਗੋਤ ਸੱਗੂ/ਚੱਡਾ ਲਈ ਯੋਗ ਰਿਸ਼ਤਾ ਚਾਹੀਦਾ ਹੈ ਬੈਗ ਨੰ:-3046

☆ਉਮਰ 25 ਸਾਲ ਕੱਦ 5', ਗੋਤ ਤਮਰਾ ਰੰਗ ਸਾਫ B.A./Telephone Operator Diploma ਲੁਧਿਆਣਾ ਨਿਵਾਸੀ ਕੰਨਿਆ ਲਈ ਵਰ ਚਾਹੀਦਾ ਹੈ। ਬੈਗ ਨੰ:-3045

☆ਜ਼ਿਲਾ ਗੁਰਦਾਸਪੁਰ ਉਮਰ 27 ਸਾਲ ਕੱਦ 5'3", ਗੋਤ ਵਿਲਖੂ/ਠੇਠੀ B.A. ਕਾਰਖਾਨੇਦਾਰ ਦੀ ਕੰਨਿਆ ਲਈ ਯੋਗ ਰਿਸ਼ਤਾ ਚਾਹੀਦਾ ਹੈ। ਬੈਗ ਨੰ:-3044

☆ਜ਼ਿਲਾ ਫਰੀਦਕੋਟ ਦੀ ਕੰਨਿਆ ਉਮਰ 21 ਸਾਲ ਕੱਦ 5'2", ਗੋਤ ਸੋਂਦ/ਸੱਗੂ STAFF NURSE ਲਈ ਤਰਜੀਹੀ ਤੌਰ ਤੇ ਬਾਹਰਲੇ ਰਿਸ਼ਤੇ ਦੀ ਲੋੜ ਹੈ। ਬੈਗ ਨੰ:-3043

☆ਉਮਰ 32 ਸਾਲ ਕੱਦ 5'5". M.A, B.Ed. ਕੰਨਿਆ ਗੋਤ ਚੱਡਾ/ਤਮਰਾ ਰੰਗ ਸਾਫ ਲਈ ਸਰਕਾਰੀ ਸਰਵਿਸ ਜਾਂ ਬੈਂਕ ਅਫਸਰ ਲੜਕੇ ਦੀ ਲੋੜ ਹੈ। ਬੈਗ ਨੰ:-3042

☆ਉਮਰ 25 ਸਾਲ ਕੱਦ 5'4", M.A.(Part 1) ਸਾਫ ਰੰਗ ਗੋਤ ਤੂਈ/ਉੱਭੀ ਜ਼ਿਲਾ ਹੁਸ਼ਿਆਰਪੁਰ ਦੇ ਪੜ੍ਹੇ-ਲਿਖੇ ਪ੍ਰਵਾਰ ਦੀ ਇਕਲੌਤੀ ਕੰਨਿਆ ਲਈ ਤਰਜੀਹੀ ਤੌਰ ਤੇ ਬੈਂਕ ਅਫਸਰ/ਸਰਵਿਸਮੈਨ ਵਰ ਦੀ ਲੋੜ ਹੈ।ਬੈਗ ਨੰ:-3041

☆ਉਮਰ 23 ਸਾਲ ਕੱਦ 5'4", M.A ਗੋਤ ਜੱਬਲ/ਬੈਸ ਜਲੰਧਰ ਦੀ ਕੰਨਿਆ ਲਈ ਯੋਗ ਰਿਸ਼ਤਾ ਚਾਹੀਦਾ ਹੈ। ਬੈਗ ਨੰ:-3040

☆ਉਮਰ 24 ਸਾਲ ਕੱਦ 5'4", +2, ਗੋਤ ਉੱਭੀ/ਕਲਸੀ ਵਿਧਵਾ ਕੰਨਿਆ ਦੋ ਬੱਚੇ ਲੁਧਿਆਣੇ ਦੀ ਖੂਬਸੂਰਤ ਕੰਨਿਆ ਲਈ ਵਰ ਚਾਹੀਦਾ ਹੈ। ਬੱਚਿਆਂ ਦੀ ਕੋਈ ਜ਼ੁੰਮੇਵਾਰੀ ਨਹੀ ਪਿਤਾ ਕਾਰਖਾਨੇਦਾਰ ਬੈਗ ਨੰ:-3039

☆ਉਮਰ 26.5 ਸਾਲ ਕੱਦ 150 C.M. M.A (Punjabi) ਗੋਤ ਪਨੇਸਰ/ਬੰਸਨ ਚੰਡੀਗੜ੍ਹ ਨਿਵਾਸੀ ਪ੍ਰਵਾਰ ਦੀ ਕੰਨਿਆ ਲਈ ਰਿਸ਼ਤਾ ਚਾਹੀਦਾ ਹੈ। ਪਿਤਾ S.D.Oਬੈਗ ਨੰ:-3038

☆ਦਿੱਲੀ ਸਥਿਤ ਪ੍ਰਵਾਰ ਦੀ ਲੜਕੀ ਉਮਰ 29 ਸਾਲ ਕੱਦ 5'2", ਸਰਕਾਰੀ ਸਰਵਿਸ 3600/- ਗੋਤ ਰੂਪਰਾ ਲਈ ਯੋਗ ਵਰ ਚਾਹੀਦਾ ਹੈ। ਬੈਗ ਨੰ:-3037

☆ਉਮਰ 29 ਸਾਲ ਕੱਦ 5'3", ਹੋਣਹਾਰ ਕੰਨਿਆ M.Sc. (Chemistry) ਗੋਤ ਭੰਵਰ/ਵਿਲਖੂ ਜਲੰਧਰ ਸਥਿਤ ਪ੍ਰਵਾਰ ਲਈ ਪੜ੍ਹੇ-ਲਿਖੇ ਵਰ ਦੀ ਲੋੜ ਹੈ। ਬੈਗ ਨੰ:-3036

☆ਉਮਰ 29 ਸਾਲ ਕੱਦ 5'4", M.ComB.Ed ਗੋਤ ਜੱਬਲ/ਸੰਧੂ ਜਲੰਧਰ ਸਥਿਤ ਸੁੰਦਰ, ਪਤਲੀ, ਗੋਰੀ ਕੁਕਿੰਗ/ਪੇਂਟਿੰਗ/ਮਾਡਲਿੰਗ ਸਿਲਾਈ ਵਿਚ ਮਾਹਿਰ ਕੰਨਿਆ ਲਈ ਪੜ੍ਹੇ-ਲਿਖੇ ਵੈਸ਼ਨੋ ਪ੍ਰਵਾਰ ਦੇ ਲੜਕੇ ਦੀ ਲੋੜ ਹੈ। ਪਿਤਾ Retd. Executive Engineer. ਬੈਗ ਨੰ:-3035

☆ਉਮਰ 22 ਸਾਲ ਕੱਦ 5'2", B.A ਗੋਤ ਭੋਗਲ/ਨੋਤੇ ਲੁਧਿਆਣਾ ਸਥਿਤ ਪ੍ਰਵਾਰ ਦੀ ਕੰਨਿਆ ਲਈ ਗੈਜੂਏਟ/ਸਥਾਪਿਤ ਵਰ ਦੀ ਲੋੜ ਹੈ। ਬੈਗ ਨੰ:-3034

## ਕੰਨਿਆ ਚਾਹੀਦੀ ਹੈ



☆ਉਮਰ 31 ਸਾਲ ਕੱਦ 5'8", ਕਲੀਨਸ਼ੇਵ ਗੋਤ ਸੋਂਦ/ਕਲਸੀ ਜ਼ਿਲਾ ਫਰੀਦਕੋਟ, ਲੜਕਾ ਜਲਦੀ ਹੀ ਭਾਰਤ ਆ ਰਿਹਾ ਹੈ। ਸੁੰਦਰ ਵੈਸ਼ਨੋ ਧਾਰਮਿਕ ਖਿਆਲਾਂ ਵਾਲੇ ਪ੍ਰਵਾਰ ਦੀ ਕੰਨਿਆ ਚਾਹੀਦੀ ਹੈ। ਬੈਗ ਨੰ:-1111

☆America ਨਿਵਾਸੀ ਉਮਰ 26 ਸਾਲ ਕੱਦ 5'8", ਆਪਣਾ ਬਿਜਨੈਸ਼ ਗੋਤ ਸੋਂਦ/ਕਲਸੀ B.A ਲੜਕਾ ਜੋ ਜਲਦ ਹੀ ਭਾਰਤ ਆ ਰਿਹਾ ਹੈ ਲਈ ਖੂਬਸੂਰਤ ਪੜ੍ਹੀ-ਲਿਖੀ ਕੰਨਿਆ ਚਾਹੀਦੀ ਹੈ। ਬੈਗ ਨੰ:-1112

☆ਜ਼ਿਲਾ ਗੁਰਦਾਸਪੁਰ ਦੇ ਉਘੇ ਬਿਜਨੈਸਮੈਨ ਪ੍ਰਵਾਰ ਦਾ ਲੜਕਾ ਉਮਰ 23 ਸਾਲ B.E.(Industrial Products) ਗੋਤ ਡਡਿਆਲ/ਤਮਰਾ ਲਈ ਬਾਹਰਲੀ ਕੰਨਿਆ ਚਾਹੀਦੀ ਹੈ। ਬਗੈਰ ਦਾਜ ਤੋਂ ਸਾਦੀ ਸ਼ਾਦੀ ਬੈਗ ਨੰ:-1113

☆U.K ਨਿਵਾਸੀ ਉਮਰ ਕੱਦ 5'7", ਅੱਛੀ ਸਿਹਤ ਗੋਤ ਬਾਹੜਾ ਲੜਕੇ ਲਈ ਯੋਗ ਕੰਨਿਆ ਚਾਹੀਦੀ ਹੈ। ਲੜਕੇ ਦੇ ਮਾਤਾ-ਪਿਤਾ ਭਾਰਤ ਆਏ ਹੋਏ ਹਨ। ਬੈਗ ਨੰ:-1114

☆U.K. ਨਿਵਾਸੀ ਉਮਰ ਉਮਰ 29 ਸਾਲ ਕੱਦ 5'6", ਗੋਤ ਬਾਹੜਾ ਲਈ ਸੁੰਦਰ ਪੜ੍ਹੀ-ਲਿਖੀ ਕੰਨਿਆ ਚਾਹੀਦੀ ਹੈ। ਬੈਗ ਨੰ:-1115



**ADVERTISEMENT TARIFF (IN Rs.) PER INSERTION**

| | | |
|---|---|---|
| BACK COVER PAGE | 2500/- | -DO- |
| FRONT INNER COVER | 1500/- | -DO- |
| BACK INNER COVER | 1250/- | -DO- |
| FULL PAGE (SINGLE COLOUR SIDE) | 1000/- | -DO- |
| HALF PAGE (SINGLE COLOUR SIDE) | 500/- | -DO- |
| QUARTER PAGE (SINGLE COLOUR SIDE) | 300/- | -DO- |
| FULL PAGE (DOUBLE COLOUR) | 1250/- | -DO- |
| HALF PAGE (DOUBLE COLOUR) | 650/- | -DO- |

**30% LESS FOR 52 INSERTIONS**
**20% LESS FOR 12 INSERTIONS**
**10% LESS FOR 6 INSERTIONS**

# ☆ ਜਨਮ ਦਿਨ ਮੁਬਾਰਕ ☆

ⓢਕਾਕਾ ਮਨਮਿੰਦਰ ਸਿੰਘ, ਸਪੁੱਤਰ ਸ: ਪਰਮਿੰਦਰ ਸਿੰਘ, ਪੋਤਰਾ ਸ: ਤਰਲੋਕ ਸਿੰਘ ਕੁੰਦੀ, ਫਗਵਾੜਾ -17 ਅਪ੍ਰੈਲ

ⓢਬੀਬੀ ਗੁਰਬਖਸ਼ ਕੌਰ, ਸਪੁੱਤਰੀ ਸ: ਤਰਸੇਮ ਸਿੰਘ ਤੰਵਰਾ 56, ਅਪਟੋਨਬ ਪਾਰਕ ਰੋਡ ਫਾਰੈਸਟ ਗੇਟ ਵੰਡਨ -18 ਅਪ੍ਰੈਲ

ⓢਹਰਪ੍ਰੀਤ ਕੌਰ, ਸਪੁੱਤਰੀ ਸ: ਸੁਰਖਨ ਸਿੰਘ ਜੰਡੂ, 106, ਹੈਮਪਟਨ ਕਰੇਸੈਂਟ ਰੋਡ ਗਰੇਵਜ਼ ਇੰਡ ਕੈਂਟ -22 ਅਪ੍ਰੈਲ

ⓢਗੁਰਬਿੰਦਰ ਕੌਰ, ਸਪੁੱਤਰੀ ਸ: ਮੋਹਿੰਦਰ ਸਿੰਘ ਸੰਤ ਨਗਰ ਪੂਨਾ -22 ਅਪ੍ਰੈਲ

ⓢਰਣਜੀਤ ਕੌਰ, ਸਪੁੱਤਰੀ ਸ: ਪ੍ਰਿਤਪਾਲ ਸਿੰਘ ਘਟੋੜਾ ਮੈ: ਪੂਨਾ ਸਾਅ ਮਿਲ ਪੂਨਾ -22 ਅਪ੍ਰੈਲ

ⓢਗਿਆਨ ਸਿੰਘ ਬਿਰਦੀ, ਸਪੁੱਤਰ ਸ: ਗੁਰਚਰਨ ਸਿੰਘ ਬਿਰਦੀ, ਜੈ ਸ੍ਰੀ ਸੁਸਾਇਟੀ ਨਾਸਿਕ -18 ਅਪ੍ਰੈਲ

ⓢਉਗਮੀਤ ਕੌਰ ਬਿਰਦੀ, ਸਪੁੱਤਰੀ ਸ: ਜਗਜੀਤ ਸਿੰਘ ਬਿਰਦੀ ਜੈ ਸ੍ਰੀ ਸੁਸਾਇਟੀ ਨਾਸਿਕ -17 ਅਪ੍ਰੈਲ

ⓢਅਮਰਜੀਤ ਕੌਰ, ਸਪੁੱਤਰੀ ਸ: ਹਰਬੰਸ ਸਿੰਘ ਡਫੂ ਮੈ: ਦਰਸ਼ਨ ਸਾਅ ਮਿਲ ਮਾਲੇਗਾਓ -19 ਅਪ੍ਰੈਲ

ⓢਮਲਕੀਤ ਸਿੰਘ, ਸਪੁੱਤਰ ਸ: ਬਾਲਾ ਸਿੰਘ ਗੈਦੂ ਪੂਨਾ -20 ਅਪ੍ਰੈਲ

ⓢਕਾਕਾ ਜਸਵਿੰਦਰ ਸਿੰਘ ਜੱਸੀ, ਸਪੁੱਤਰ ਸ: ਕੁਲਦੀਪ ਸਿੰਘ ਮੈ: ਸਾਰੋਂ ਐਗ੍ਰੀ ਵਰਕਸ ਲਹਿਰਾ ਗਾਗਾ -19 ਅਪ੍ਰੈਲ

ⓢਦਲਜੀਤ ਸਿੰਘ ਸੈਂਹਬੀ, ਸਪੁੱਤਰ ਸ: ਤਰਸੇਮ ਸਿੰਘ ਸੈਂਹਬੀ ਚਰਚ ਰੋਡ ਯਾਰਡਲੇ ਬਰਮਿੰਘਮ -18 ਅਪ੍ਰੈਲ

ⓢਜਸਵਿੰਦਰ ਸਿੰਘ ਸੈਂਹਬੀ, ਸਪੁੱਤਰ ਸ: ਤਰਸੇਮ ਸਿੰਘ ਸੈਂਹਬੀ, ਚਰਚ ਰੋਡ, ਯਾਰਡਲੇ ਬਰਮਿੰਘਮ -21 ਅਪ੍ਰੈਲ

ⓢਇੰਦਰਪਾਲ ਸਿੰਘ ਮਠਾਰੂ, ਸਪੁੱਤਰ ਸ: ਗੁਰਦੀਪ ਸਿੰਘ ਮਠਾਰੂ 170 A, ਕ੍ਰਿਸ਼ਨ ਪੁਰਾ ਫਗਵਾੜਾ -16 ਅਪ੍ਰੈਲ

ⓢਤਰਨਵੀਰ ਸਿੰਘ, ਸਪੁੱਤਰ ਸ: ਜਗਜੀਤ ਸਿੰਘ ਜੰਡੂ 260, ਹਾਲਬਰੁਕ ਲੇਨ ਕੋਵਿੰਟਰੀ 19ਅਪ੍ਰੈਲ

ⓢਕਿਰਨਪਾਲ ਸਿੰਘ ਜਸ, ਸਪੁੱਤਰ ਸ: ਕਮਲਜੀਤ ਸਿੰਘ ਜਸ ਵੂਲਵਰ ਹੈਪਟਨ 20ਅਪ੍ਰੈਲ

ⓢਕਾਕਾ ਤਰਨਦੀਪ ਸਿੰਘ ਬਿਰਦੀ, ਸਪੁੱਤਰ ਸ: ਨਰਿੰਦਰ ਪਾਲ ਸਿੰਘ ਬਿਰਦੀ, ਲੈਮਿੰਗਟਨ -22 ਅਪ੍ਰੈਲ

ⓢਅਮਰਜੀਤ ਸਿੰਘ ਸੰਨੀ, ਸਪੁੱਤਰ ਸ: ਦਲੀਪ ਸਿੰਘ ਪਟਿਆਲਾ ਰੋਡ ਚੀਕਾ -19 ਅਪ੍ਰੈਲ

ⓢਹਰਜੋਤ ਸਿੰਘ, ਸਪੁੱਤਰ ਸ: ਸੁਖਦੇਵ ਸਿੰਘ ਕਲਸੀ, ਮੈ: ਅੰਸ: ਕੋ: ਮਸ਼ੀਨਰੀ ਕੰਪਨੀ, ਜੀ ਟੀ ਰੋਡ, ਅੰਮ੍ਰਿਤਸਰ -22 ਅਪ੍ਰੈਲ

ⓢਸ: ਸੰਦੀਪ ਸਿੰਘ ਲੋਟੇ, ਸਪੁੱਤਰ ਸ: ਮੋਹਿੰਦਰ ਸਿੰਘ ਲੋਟੇ, ਗੋਰਡਨ ਅਵੈਨਿਊ, ਸਟੈਨਮੋਰ, ਯੂ:ਕੇ -19 ਅਪ੍ਰੈਲ

ⓢਬਲਦੇਵ ਸਿੰਘ, ਸਪੁੱਤਰ ਸ: ਮਹਿੰਗਾ ਸਿੰਘ ਪਲਾਹਾ ਮੈ: ਪਲਾਹਾ ਇੰਜ: ਵਰਕਸ ਸ਼ਾਂਤੀ ਨਗਰ ਪੂਨਾ -22 ਅਪ੍ਰੈਲ

# ਵਿਵਾਹਿਕ ਵਿਗਿਆਪਨ

☆ਜ਼ਿਲਾ ਫਰੀਦਕੋਟ ਦਾ ਲੜਕਾ ਉਮਰ 22 ਸਾਲ ਕੱਦ 5'6" ਆਪਣੀ ਮਰੁਤੀ ਰਿਪੇਰਿੰਗ ਵਰਕਸ਼ਾਪ, Matric ਗੋਤ ਕਲਸੀ/ਮਠਾੜੂ ਲਈ ਯੋਗ/ ਬਾਹਰਲੀ ਕੰਨਿਆ ਚਾਹੀਦੀ ਹੈ।ਬੈਗ ਨੰ:-1109

☆ਉਮਰ 26 ਸਾਲ ਕੱਦ 5'7", ਅਬੂ ਧਾਬੀ ਵਿਚ ਕੰਮ ਕਰਦੇ ਗੋਤ ਕਲਸੀ/ਮਠਾੜੂ Matric, ਜ਼ਿਲਾ ਫਰੀਦਕੋਟ ਦੇ ਲੜਕੇ ਲਈ ਗੁਣਵਾਨ/ਬਾਹਰਲੀ ਕੰਨਿਆ ਚਾਹੀਦੀ ਹੈ ਬੈਗ ਨੰ:-1110

American Green Card Holder ਲੜਕਾ

☆ਉਮਰ 24 ਸਾਲ, ਕੱਦ 5'8", B.Com, C.A ਦੇ ਨਾਲ ਪ੍ਰੈਕਟੀਸ ਕਰ ਰਿਹਾ ਜਲੰਧਰ ਦੇ ਲੜਕੇ ਲਈ ਤਰਜੀਹੀ ਤੌਰ ਤੇ ਬਾਹਰਲੀ ਕੰਨਿਆ ਚਾਹੀਦੀ ਹੈ। ਗੋਤ ਡੁਈ/ਡੋਗਲ ਬੈਗ ਨੰ:-1092

☆ਉਮਰ 25.5 ਸਾਲ, ਜ਼ਿਲਾ ਗੁਰਦਾਸਪੁਰ ਦਾ ਲੜਕਾ Matric, I.T.I ਦਾ ਡਿਪਲੋਮਾ ਗੋਤ ਵਿਰਦੀ/ਨਾਗੀ ਅੰਮ੍ਰਿਤਧਾਰੀ ਆਪਣੀ ਇਲੈਕਟ੍ਰੀਕਲ ਦੀ ਦੁਕਾਨ ਲਈ ਸੁੰਦਰ ਗੁਰਸਿਖ ਕੰਨਿਆ ਚਾਹੀਦੀ ਹੈ । ਬੈਗ ਨੰ:-1093

☆ਉਮਰ 35 ਸਾਲ, ਕੱਦ 5'9", ਗੋਤ ਪਨੇਸਰ/ਸੰਧੂ, ਬਟਾਲੇ ਵਿਚ ਆਪਣੀ ਮਸ਼ੀਨ ਟੂਲ ਦੀ ਫੈਕਟਰੀ ਲਈ ਵਿਧਵਾ/ਤਲਾਕਸ਼ੁਦਾ ਜੀਵਨ ਸਾਥਣ ਚਾਹੀਦੀ ਹੈ। ਬੈਗ ਨੰ:-1094

☆ਉਮਰ 36 ਸਾਲ, ਕੱਦ 5'8",ਗੋਤ ਜੱਬਲ/ਨਾਗੀ ਪਹਿਲੀ ਪਤਨੀ ਸਵਰਗਵਾਸ,1 ਲੜਕਾ,3 ਲੜਕੀਆਂ, ਜ਼ਿਲਾ ਫਿਰੋਜ਼ਪੁਰ ਦੇ ਲੜਕੇ ਲਈ ਘਰ ਸੰਭਣ ਵਾਲੀ ਗ੍ਰਹਿਣੀ ਚਾਹੀਦੀ ਹੈ। ਬੱਚਿਆ ਦੀ ਕੋਈ ਜ਼ੁੰਮੇਵਾਰੀ ਨਹੀ । ਬੈਗ ਨੰ:-1095

☆ਉਮਰ 26 ਸਾਲ, ਕੱਦ 5' 9",ਜ਼ਿਲਾ ਫਿਰੋਜ਼ਪੁਰ ਵਾਸੀ +2 ਲੜਕਾ ਗੋਤ ਤੂਲੇਰ/ਸੱਗੂ ਕਾਰਪੈਂਟਰ ਦਾ ਕੰਮ ਲਈ ਕੰਨਿਆ ਚਾਹੀਦੀ ਹੈ। ਬੈਗ ਨੰ:-1096

☆ਉਮਰ 32 ਸਾਲ, ਜ਼ਿਲਾ ਫਿਰੋਜ਼ਪੁਰ ਦਾ ਲੜਕਾ, ਜਿਸਦੀ ਪਹਿਲੀ ਪਤਨੀ ਸੁਵਰਗਵਾਸ ਹੋ ਚੁਕੀ ਹੈ, 2 ਲੜਕੇ,3 ਲੜਕੀਆਂ ਅੰਮ੍ਰਿਤਧਾਰੀ ਆਪਣੀ ਵਰਕਸ਼ਾਪ ਲਈ ਜੀਵਨ-ਸਾਥਣ ਚਾਹੀਦੀ ਹੈ। ਬੈਗ ਨੰ:-1097

☆ਜ਼ਿਲਾ ਅੰਮ੍ਰਿਤਸਰ ਦਾ ਲੜਕਾ, ਕੱਦ 5'7",M.A, B.Ed. ਗੋਤ ਸੰਧੂ/ਵਿਰਦੀ ਸਰਕਾਰੀ ਟੀਚਰ ਦੀ ਨੌਕਰੀ ਲਈ ਤਰਜੀਹੀ ਤੌਰ ਤੇ ਨੌਕਰੀਸ਼ੁਦਾ ਕੰਨਿਆ /B.Ed. ਚਾਹੀਦੀ ਹੈ। ਬੈਗ ਨੰ:-1098

☆ਉਮਰ 25 ਸਾਲ, ਬਟਾਲੇ ਦੇ ਸਨਅਤੀ ਅਦਾਰੇ ਦਾ ਲੜਕਾ ਗੋਤ ਪਦਮ/ਪਨੇਸਰ B.A., ਲੜਕੇ ਲਈ ਬਿਜਨੈਸਮੈਨ ਪ੍ਰਵਾਰ ਦੀ ਕੰਨਿਆ ਚਾਹੀਦੀ ਹੈ। ਬੈਗ ਨੰ:-1099

☆ਉਮਰ 26 ਸਾਲ, ਕੱਦ 5'9", M.Phil. (Applied Physics,) ਮੋਹਾਲੀ ਵਿਚ ਸਰਵਿਸ ਗੋਤ ਤੰਵਰ/ਵਿਲਖੂ ਲੜਕੇ ਲਈ ਪੜੀ ਲਿਖੀ ਸੁੰਦਰ ਕੰਨਿਆ ਚਾਹੀਦੀ ਹੈ।ਬੈਗ ਨੰ:-1102

☆ਉਮਰ 24.5 ਸਾਲ, ਕੱਦ 5'11",ਪਟਿਆਲਾ ਵਾਸੀ ਮੈਟ੍ਰਿਕ ਆਪਣਾ ਕਾਰੋਬਾਰ ਗੋਤ ਭਮਰਾ/ਜੰਡੂ ਪਟਿਆਲਾ ਵਸਨੀਕ ਲੜਕੇ ਲਈ ਯੋਗ ਕੰਨਿਆ ਚਾਹੀਦੀ ਹੈ। ਬੈਗ ਨੰ:-1103

☆ਉਮਰ 32 ਸਾਲ, ਕੱਦ 5'8", America ਦਾ ਨਾਗਰਿਕ ਗੋਤ ਉੱਭੀ/ਸੀਹਰਾ ਲੜਕੇ ਲਈ ਕੰਨਿਆ ਚਾਹੀਦੀ ਹੈ। ਬੈਗ ਨੰ:-1104

☆ਉਮਰ 32 ਸਾਲ, ਕੱਦ 5'5",ਅਮਰੀਕਾ ਦਾ ਨਾਗਰਿਕ ਗੋਤ ਸੱਗੂ/ਡੁਈ ਇਕਲੌਤਾ ਤਲਾਕਸ਼ੁਦਾ ਲੜਕਾ ਪਿਤਾ ਰਿਟਾਇਰ ਬੈਂਕ ਅਧਿਕਾਰੀ ਦਿੱਲੀ ਸਥਿਤ ਪ੍ਰਵਾਰ ਦੇ ਲੜਕੇ ਲਈ B.Sc./ਮੈਡਿਕਲ ਡਿਗਰੀ ਹੋਲਡਰ ਲੜਕੀ ਚਾਹੀਦੀ ਹੈ। ਬੈਗ ਨੰ:-1105

☆ਉਮਰ 24.5 ਸਾਲ, ਕੱਦ 5'2", +2 ਜਲੰਧਰ ਵਾਸੀ, ਆਟੋ ਪਾਰਟਸ ਬਨਾਉਣ ਦਾ ਕਾਰਖਾਨਾ, ਗੋਤ ਵਿਲਖੂ/ਵਿਰਦੀ ਲੜਕੇ ਲਈ ਕੰਨਿਆ ਚਾਹੀਦੀ ਹੈ। ਬੈਗ ਨੰ:-1106

☆ਉਮਰ 26 ਸਾਲ, ਕੱਦ 5'7",ਜਲੰਧਰ ਵਾਸੀ B.A.ਗੋਤ ਨੰਨੜਾ/ਡੁਈ ਆਪਣੇ ਲੱਕੜ ਦਾ ਕੰਮ ਕਰਦੇ ਲੜਕੇ ਲਈ ਅੰਮ੍ਰਿਤਧਾਰੀ, ਧਾਰਮਿਕ ਖਿਆਲਾਂ ਵਾਲੀ ਲੜਕੀ ਦੀ ਲੋੜ ਹੈ। ਬੈਗ ਨੰ:-1107

☆ਉਮਰ 40 ਸਾਲ, ਕੱਦ 5' 10",ਜ਼ਿਲਾ ਫਰੀਦਕੋਟ ਵਾਸੀ, ਪਹਿਲੀ ਪਤਨੀ ਸੁਵਰਗਵਾਸ 3 ਲੜਕੇ ਉਮਰ 16/14/13 ਸਾਲ ਆਪਣਾ ਕੰਮ ਲਈ ਸਮਝਦਾਰ ਜੀਵਨ-ਸਾਥਨ ਦੀ ਲੋੜ ਹੈ। ਬੈਗ ਨੰ:-1108

[redacted]



Sri Satguru Jagjit Singh Ji Elibrary NamdhariElibrary@gmail.com

# ਰਾਮਗੜ੍ਹੀਆ ਮੰਚ ਪਰਿਵਾਰ



ਸ:ਬਲਦੇਵ ਸਿੰਘ, ਮੈ: ਐਡਮੀਰਲ ਫਾਊਡਰੀ ਵਰਕਸ, ਬਟਾਲਾ



[illegible]



ਸ: ਹਰਜਿੰਦਰ ਸਿੰਘ ਨਾਗੀ,ਮੈ: ਸ੍ਰੀ ਸੁਖਮਨੀ ਇੰਟ:D.B.N ਰੋਡ,ਬਟਾਲਾ



ਸ: ਗੁਰਵਿੰਦਰ ਸਿੰਘ (ਗਬਰ) ਮੈ: ਐਡਮੀਰਲ ਫਾਊਡਰੀ, ਬਟਾਲਾ



ਸ: ਜਗਦੀਸ਼ ਸਿੰਘ,ਮੈ: ਨਿਊ ਅਰਵਿੰਦਰ ਮਸ਼ੀਨ ਟੂਲ, ਕਾਹਨੂਵਾਨ ਰੋਡ,ਬਟਾਲਾ



ਸ: ਨਰਿੰਦਰ ਸਿੰਘ ਕਲਸੀ, ਹੁਸ਼ਿਆਰਪੁਰ



ਸ: ਸਰੂਪ ਸਿੰਘ ਖਾਂਬਾ, ਜ਼ਿਲਾ ਪਰਿਸ਼ਦ ਮਾਰਕੀਟ, ਹੋਸ਼ਿਆਰਪੁਰ



ਸ: ਬਲਵੀਰ ਸਿੰਘ, ਮੈ: ਪੰਜਾਬ ਮਕੈ: ਵਰਕਸ, G.T.ROAD,ਖੰਨਾ



ਸ: ਕੁਲਵੰਤ ਸਿੰਘ ਵਿਰਦੀ, St.No 7,ਪਰਤਾਪ ਨਗਰ, ਲੁਧਿਆਣਾ



ਸ: ਲਖਵਿੰਦਰ ਸਿੰਘ ਸੌਂਹਤੀ, ਜਨਤਾ ਨਗਰ, St. No 7, ਤਗਵਾਨ ਚੌਕ,ਲੁਧਿਆਣਾ



ਗੁਰਦੀਪ ਸਿੰਘ ਗੀਹਲ,ਮੈ: ਗੀਹਲ ਫਰਨੀਚਰ ਵਰਕਸ, CHD Rd. ਨਵਾਂਸ਼ਹਿਰ



ਸ: ਜਰਨੈਲ ਸਿੰਘ, ਮੈ: ਗੋਲਡਨ ਫਰਨੀਚਰ, ਮਾਡਲ ਟਾਊਨ,ਜਲੰਧਰ



ਸ: ਸੁਖਵੀਰ ਸਿੰਘ,ਮੈ: ਪ੍ਰੀਤਮ ਇੰਜ: ਵਰਕਸ, Adda Kpt.ਜਲੰਧਰ



ਸ: ਚਰਨਜੀਤ ਸਿੰਘ, ਮੈ: ਕਿਸਾਨ ਟਾਇਰ, ਭਗਤਾ ਭਾਈ



ਸ: ਜਗਰੂਪ ਸਿੰਘ ਧੀਮਾਨ,ਮੈ:J.S. Dhiman, ਸਟੀਲ ਵਰਕਸ, ਭਗਤਾ ਭਾਈ



ਸ: ਬਖਸ਼ੀਸ਼ ਸਿੰਘ, ਮੈ: ਦਸ਼ਮੇਸ਼ ਐਗਰੀ ਵਰਕਸ, ਭਗਤਾ ਭਾਈ ਕਾ



Sri Satguru Jagjit Singh Ji Elibrary NamdhariElibrary@gmail.com

Phones : { Off. 57691
Fac. 72512

# SEHRA FIELD'S

**Specialist in :**

**Sunflower Thresher, Potato Planter & Potato Harvestor**










S. Ravinder Singh Seehra

**Manufacturers**

# SEHRA MOTOR & TRACTOR ENGG. WORKS

**Office :**
Nehru Garden Road,
JALANDHAR-144001.

**Factory :**
Basti Bawa Khel,
JALANDHAR-144002.


Sri Satguru Jagjit Singh Ji Elibrary NamdhariElibrary@gmail.com

# ਪੰਜਾਬੀ ਭੰਗੜੇ ਦਾ ਮਾਣ ਮੋਤਾ ਸਿੰਘ ਹੁੰਜਣ

ਪੰਜਾਬ ਦਾ ਲੋਕ-ਨਾਚ ਭੰਗੜਾ ਸੰਸਾਰ ਦੇ ਹਰ ਕੋਨੇ ਵਿੱਚ ਮਕਬੂਲ ਹੋਇਆ ਹੈ। ਸ਼ਾਇਦ ਹੀ ਕੋਈ ਹੋਰ ਲੋਕ-ਨਾਚ ਏਨਾ ਹਰਮਨ ਪਿਆਰਾ ਹੋਇਆ ਹੋਵੇ। ਭੰਗੜੇ ਨੂੰ ਸੰਸਾਰ ਦੇ ਹਰ ਕੋਨੇ ਵਿੱਚ ਪਹੁੰਚਾਉਣ ਵਿੱਚ ਪੰਜਾਬ ਚੋਂ ਖਾਸਕਰ ਲੁਧਿਆਣੇ ਦੇ ਨੌਜਵਾਨਾ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। ਇਨ੍ਹਾਂ ਵਿਚੋ ਮੋਤਾ ਸਿੰਘ ਹੁੰਜਣ ਦਾ ਨਾਂ ਵਿਸ਼ੇਸ਼ ਤੋਰ ਤੇ ਵਰਨਣ ਯੋਗ ਹੈ. ਜਿਸ ਨੇ ਭੰਗੜੇ ਰਾਹੀ ਆਪ ਹੀ ਨਾਮਣਾ ਨਹੀ ਖੱਟਿਆ. ਸਗੋ ਦੇਸ਼ ਅਤੇ ਕੋਮ ਦੇ ਨਾਂ ਨੂੰ ਚਾਰ-ਚੰਨ ਲਾਏ ਹਨ।

ਮੋਤਾ ਸਿੰਘ ਨੂੰ ਪੰਜਾਬੀ ਸਭਿਆਚਾਰ ਨਾਲ ਇਸ਼ਕ ਦੀ ਗੁੜ੍ਹਤੀ ਉਨ੍ਹਾਂ ਦੇ ਪਿਤਾ ਸ: ਸੱਜਣ ਸਿੰਘ ਨੇ ਪਹਿਲੀ ਲੋਰੀ ਦੇਣ ਸਮੇ ਹੀ ਦਿੱਤੀ ਜਾਪਦੀ ਹੈ। ਪੰਜਾਬੀ ਸਭਿਆਚਾਰ ਲਈ ਪਿਆਰ ਦੀ ਝਲਕ ਮੋਤਾ ਸਿੰਘ ਦੇ ਸੁਭਾਅ ਤੋ ਸਾਫ਼ ਨਜ਼ਰੀ ਪੈਂਦੀ ਹੈ। ਮੋਤਾ ਸਿੰਘ ਦੇ ਪਿਤਾ ਸ: ਸੱਜਣ ਸਿੰਘ ਆਪ ਇਕ ਚੰਗੇ ਲਿਖਾਰੀ ਹਨ. ਉਨ੍ਹਾਂ ਨੇ ਬਹੁਤ ਸਾਰੇ ਗੀਤ ਪੰਜਾਬੀ ਮਾਂ ਬੋਲੀ ਦੀ ਝੋਲੀ ਵਿੱਚ ਪਾਏ ਹਨ। ਆਪਣੇ ਪੂਜਨੀਕ ਪਿਤਾ ਜੀ ਦੀ ਹੱਲਾ ਸ਼ੇਰੀ ਤੇ ਪ੍ਰੇਰਣਾ ਸਦਕਾ ਅਤੇ ਆਪਣੇ ਉਸਤਾਦ ਸ: ਟਹਿਲ ਸਿੰਘ ਖੀਣਾ ਦੀ ਸੁਯੋਗ ਅਗਵਾਈ ਸਦਕਾ ਉਸ ਦੇ ਸ਼ੋਕ ਦਾ ਇਸ਼ਕ ਪ੍ਰਵਾਨ ਚੜ੍ਹਿਆ।

ਮੋਤਾ ਸਿੰਘ "ਪੰਜਾਬ ਕਲਚਰਲ ਕਲੱਬ ਦਾ ਸਰਗਨਾ ਮੈਬਰ ਹੈ। ਹੁਣ ਤਕ ਕਈ ਵਾਰ ਦੂਰਦਰਸ਼ਨ ਦੇ ਨੈਸ਼ਨਲ ਨੈਟਵਰਕ ਤੇ ਭੰਗੜਾ ਪੇਸ਼ ਕਰ ਚੁੱਕਾ ਹੈ। ਇਸ ਦੇ ਨਾਲ ਹੀ ਉਸ ਨੇ "ਢੋਲਾ ਵੇ ਢੋਲਾ", "ਲੋਹੜੀ ਦੀ ਰਾਤ", "ਮੇਰਾ ਵਤਨ ਪੰਜਾਬ", ਵਿਚ ਭੰਗੜੇ ਦੀ ਸਫਲ ਪੇਸ਼ਕਾਰੀ ਵੀ ਕੀਤੀ ਹੈ। ਕਿਸੇ ਸ਼ਾਇਰ ਨੇ ਕਿਹਾ ਹੈ ਕਿ "ਇਸ਼ਕ ਨਚਾਏ ਗਲੀ ਗਲੀ। ਮੋਤਾ ਸਿੰਘ ਤੇ ਸਾਇਦ ਇਹ ਕਥਨ ਸ਼ਤ ਪ੍ਰਤੀਸ਼ਤ ਪੂਰਾ ਢੁਕਦਾ ਹੈ, ਕਿਉਂਕਿ ਜਦ ਮੋਤਾ ਸਿੰਘ ਆਪਣੀਆਂ ਪੇਸ਼ਕਾਰੀਆਂ ਦੀ ਸੂਚੀ ਅਰੰਭਦਾ ਹੈ ਤਾਂ ਸ੍ਰੋਤੇ ਦਾ ਸਾਹ ਉਪਰ ਦੇ ਉਪਰ ਤੇ ਹੇਠਾਂ ਦੇ ਹੇਠਾਂ ਹੀ ਰਹਿ ਜਾਂਦੇ ਹੈ। ਉਸ ਨੇ ਇਕ ਮੁਲਾਕਾਤ ਦੋਰਾਨ ਦੱਸਿਆ ਕਿ ਉਸਨੇ 1982 ਵਿੱਚ "ਏਸੀਆਡ 82" ਭੰਗੜੇ ਦੀ ਪੇਸ਼ਕਾਰੀ ਰਾਹੀ ਪੰਜਾਬ ਦੇ ਨਾਂ ਨੂੰ ਚਾਰ ਚੰਨ ਲਾਏ। ਇਥੇ ਹੀ ਬਸ ਨਹੀ, ਉਹ



ਹਰ ਵਿਸਾਖੀ ਦੇ ਮੋਕੇ ਤੇ ਬੰਬਈ ਵਿਖੇ ਆਪਣੀ ਕਲਾਂ ਦੇ ਜੋਹਰ ਵਿਖਾਉਣ ਲਈ ਵਿਸ਼ੇਸ਼ ਤੋਰ ਤੇ ਜਾਂਦਾ ਹੈ। 1988 ਤੋ ਲਗਾਤਾਰ "ਸ: ਮੋਹਨ ਸਿੰਘ ਯਾਦਗਾਰੀ ਮੇਲੇ "ਚ ਆਪਣੀ ਹਾਜ਼ਰੀ ਲੁਆਉਂਦਾ ਹੈ। ਇਸ ਦੇ ਨਾਲ ਹੀ ਉਸ ਨੇ 1990 ਚ ਆਯੋਜਿਤ ਕੀਤੇ ਸਰਬ ਭਾਰਤ ਲੋਕ ਕਲਾ ਮੇਲੇ, ਪਟਿਆਲੇ ਚ ਹੋਏ ਕਲਚਰਲ ਅਫੇਅਰਜ਼ ਦੋਰਾਨ, ਆਪਣੀ ਕਲਾ ਦਾ ਲੋਹਾ ਦਰਸ਼ਕਾਂ ਨੂੰ ਮਨੰਵਾਇਆ ਅਤੇ ਵਿਸ਼ੇਸ਼ ਨਾਮਨਾ ਖੱਟਿਆ।

ਇਸੇ ਤਰ੍ਹਾਂ 1991 ਚ ਨਹਿਰੂ ਯੁਵਕ ਕੇਂਦਰ ਵਲੋ ਜਲੰਧਰ ਵਿਖੇ ਅਤੇ, 1992 ਚ. ਲੁਧਿਆਣੇ ਵਿਖੇ ਭੰਗੜੇ ਦੇ ਅਮਰ ਉਸਤਾਦ ਸ: ਮਹਿੰਦਰ ਸਿੰਘ ਡੰਗੋਰੀ ਦੀ ਯਾਦ ਚ ਆਯੋਜਿਤ ਕੀਤੇ ਗਏ, "ਡੰਗੋਰੀ ਯਾਦਗਾਰੀ ਮੇਲੇ", ਦੋਰਾਨ ਉਸਨੇ ਵਿਸ਼ੇਸ਼ ਯੋਗਦਾਨ ਪਾਇਆ, ਅਤੇ ਸ: ਮਹਿੰਦਰ ਸਿੰਘ ਡੰਗੋਰੀ ਨੂੰ ਮੁੜ ਭੰਗੜਾ ਪ੍ਰੇਮੀਆਂ ਦੇ ਦਿਲਾਂ ਵਿਚ ਜ਼ਿੰਦਾ ਕਰ ਦਿੱਤਾ। ਨਾਰਥ ਜੋਨ ਕਲਚਰਲ ਸੈਂਟਰ ਪਟਿਆਲਾ ਦੀ ਅਗਵਾਈ ਹੇਠ ਉਸ ਨੇ ਸੁਜਾਨਪੁਰ, ਹਮੀਰਪੁਰ, ਸੋਲਨ ਪਾਲਮਪੁਰ, ਚੰਬਾ, ਸ਼ਿਮਲਾ ਜਾਕੇ ਭੰਗੜੇ ਦਾ ਪ੍ਰਦਰਸ਼ਨ ਕਰਕੇ ਪਹਾੜੀ ਹੁਸਨ ਦੀ ਚਮਕ ਨੂੰ ਵੀ ਮਾਤ ਪਾ ਦਿੱਤਾ। ਉਸ ਨੇ ਜੈਪੁਰ, ਅਰੁਨਾਚਲ ਪ੍ਰਦੇਸ਼, ਅਸਾਮ, ਕਲਕੱਤਾ, ਪਾਂਡੀਚਰੀ ਚ ਵੀ ਭੰਗੜੇ ਦੀ ਪੇਸ਼ਕਾਰੀ ਰਾਹੀ ਪੰਜਾਬੀ ਸਭਿਆਚਾਰ ਦੀ ਮਹਿਕ ਵੰਡੀ ਅਤੇ ਬਾਹਰਲੇ ਸੂਬਿਆਂ ਵਿੱਚ ਪੰਜਾਬੀਅਤ ਪ੍ਰਤੀ ਮੋਹ ਦੀ ਸ਼ਮਾ ਰੋਸ਼ਨ ਕੀਤੀ। ਪਿਲਾਨੀ ਤਾਮਿਲਨਾਡੂ ਦੇ "ਤਾਜ ਪੋਸ਼ੀ ਸਮਾਰੋਹ" ਦੋਰਾਨ, 1992 ਦੇ ਸਾਰਕ ਸਮਾਰੋਹ, ਕੇਰਲਾ ਵਿਖੇ ਆਲ ਇੰਡੀਆ ਫੋਕ ਆਰਟ ਫੈਸਟੀਵੈਲ, ਕੋਇੰਮਬਟੂਰ ਵਿਖੇ, ਮਹਾਮਾਹਮ ਸਮਾਰੋਹ ਉਜੈਨ, ਤੇ ਸੰਮਰ ਫੈਸਟੀਵੈਲ, ਊਟੀ ਵਿਖੇ ਭੰਗੜੇ ਦੀ ਖੁਸ਼ਬੂ ਖਿਲਾਰੀ।

ਆਪਣੇ ਇਸ ਸ਼ੌਕ ਨੂੰ ਹੋਰ ਵਿਸਥਾਰ ਦੇਣ ਲਈ ਉਸਨੇ ਝੂਮਰ, ਲੁਡੀ, ਮਲਵਈ, ਗਿੱਧਾ, ਫੋਕ, ਆਰਕੈਸਟਰਾ ਚ ਵੀ ਮੁਹਾਰਤ ਹਾਸਲ ਕੀਤੀ। ਇਸ ਸਭ ਕੁਝ ਦੇ ਨਾਲ ਹੀ ਉਹ ਇਕ ਖੂਬਸੂਰਤ ਅਦਾਕਾਰ ਵੀ ਹੈ ਤੇ ਡਾਂਸ ਨਿਰਦੇਸ਼ਕ ਵੀ ਹੈ। ਉਸ ਨੇ "ਗਵਾਹੀ ਜੱਟ ਦੀ" ਫਿਲਮ ਵਿੱਚ ਅਦਾਕਾਰ ਵਜੋ ਹੀ ਨਹੀਂ ਸਗੋਂ ਡਾਂਸ ਡਾਇਰੈਕਟਰ ਵਜੋ ਵੀ ਫਰਜ਼ ਨਿਭਾਏ ਹਨ। ਐਡੀਆਂ ਮੱਲਾਂ ਮਾਰਨ ਵਿਚ ਜਿਥੇ ਉਸ ਦੇ ਪਿਤਾ ਜੀ ਦੀ ਹੱਲਾ ਸ਼ੇਰੀ ਦਾ ਹੱਥ ਹੈ ਉਥੇ ਉਸ ਦੀ ਪਤਨੀ ਚਰਨਜੀਤ ਕੋਰ ਦੀ ਉਸਾਰੂ ਆਲੋਚਨਾ ਦਾ ਵੀ ਵਿਸ਼ੇਸ਼ ਯੋਗਦਾਨ ਹੈ।

ਪੰਜਾਬੀ ਸਭਿਆਚਾਰ ਦੀ ਮਹਿਕ ਭਾਰਤ ਦੇ ਹਰ ਕੋਨੇ ਪਹੁੰਚਾਉਣ ਅਤੇ ਉਸ ਦੀਆਂ ਅਨੇਕ ਪ੍ਰਾਪਤੀਆਂ ਬਦਲੇ ਉਸ ਨੂੰ ਬਹੁਤ ਸਾਰੀਆਂ ਸਭਿਆਚਾਰਕ ਸੰਸਥਾਵਾਂ ਵਲੋਂ ਸਨਮਾਨਿਤ ਕੀਤਾ ਜਾ ਚੁੱਕਾ ਹੈ। ਸ਼ਾਲਾ! ਉਸ ਦੀ ਕਲਾ ਦਿਨ ਦੁਗਨੀ, ਰਾਤ ਚੋਗਨੀ ਤਰੱਕੀ ਕਰੇ।

–ਪਰਮਜੀਤ ਸਿੰਘ ਪੰਮੀ
ਲੁਧਿਆਣਾ



Sri Satguru Jagjit SIngh Ji Elibrary NamdhariElibrary@gmail.com

## We manufacture high class

- ☐ **SHOT BLASTING MACHINES**
- ☐ **ROTARY**
- ☐ **MIXTURE**
- ☐ **TUMBLAST**

  **ALL SIZES**
- ☐ **TURN TABLE**

  **2.5, 4.0, 6.0**



They are unique in the operational efficiency and ensure longer service life due to our superior workmanship and technological skills

**Contact :**

# HOONGEN INDUSTRIES

**Backside Guru Nanak Agriculture Engg. Works**
**G.T.ROAD, Byepass, Near Sant Brass**
**JALANDHAR-144004.**


Sri Satguru Jagjit Singh Ji Elibrary NamdhariElibrary@gmail.com

Phones: (O) 20089, 21004,21889
(R) 20289, 22289
S.T.D. 01635

# Surjeet Engineers & Fabricators Pvt. Ltd.

## (GOVT. APPROVED FABRICATORS)

Manufacturers Of:

Sawgin Machines, Cotton Balling Press, Hot Mix Plant, Mini Cement Plant & Other Machineries



S. SURJEET SINGH



S. NIRMAL SINGH





**Post Box No. 38, Faridkot Road,**
**KOT KAPURA-151204 (Pb.)**

Sri Satguru Jagjit Singh Ji Elibrary NamdhariElibrary@gmail.com

## Machines are equiped with Automatic grinding cycle








CYLINDRICAL GRINDER



ANGLE HEAD GRINDER



BORE GRINDER

*Manufactured by :*

# TMT MACHINE TOOLS

*C-70 Focal Point (Expn) Jalandhar-4, ©: 0181-74017,79032,79532 Fax : 91-181-25*

*Cable : ROUNDNESS*

Sri Satguru Jagjit Singh Ji Elibrary NamdhariElibrary@gmail.com